ਰਜਿਸਟਰਡ ਪੋਸਟਲ ਰਜਿ: ਨੰ.
Pb/PTA(0274)/2024-26,
ਸਾਲ (Year) 58
ਅੰਕ ਨੰਬਰ (Volume No.) 84
ਫ਼ੋਨ: +91- 92168-07500
E-mail: news@charhdikala.com
www.charhdikala.com

ਨਾਨਕ ਨਾਮ ਚੜ੍ਹਦੀਕਲਾ ਤੇਰੇ ਭਾਣੇ ਸਰਬਤ ਦਾ ਭਲਾ

# ਚੜ੍ਹਦੀਕਲਾ

DAILY CHARHDIKALA, PATIALA

ਬਾਨੀ : (ਸਵ.) ਗਿ. ਹਰਨਾਮ ਸਿੰਘ ਜੀ | ਮੁੱਖ ਸੰਪਾਦਕ : ਡਾ. ਜਗਜੀਤ ਸਿੰਘ ਦਰਦੀ | ਸੰਪਾਦਕ : ਹਰਪ੍ਰੀਤ ਸਿੰਘ ਦਰਦੀ

ਕੁੱਲ ਪੰਨੇ: 12 (Friday, 27 March, 2026) ਸ਼ੁੱਕਰਵਾਰ, 27 ਮਾਰਚ, 2026, 14 ਚੇਤ, ਨਾਨਕਸ਼ਾਹੀ ਸੰਮਤ 558, ਬਿਕ੍ਰਮੀ 2083/ PRGI (RNI) Regd. No. 22972/1972/ ਮੁੱਲ: 2 ਰੁਪਏ

## ਪੰਜਾਬ 'ਚ ਐਫ.ਆਈ.ਆਰ. ਡਾਊਨਲੋਡ ਕਰਨਾ ਮੁੜ ਹੋਇਆ ਮੁਫ਼ਤ

ਚੰਡੀਗੜ੍ਹ, 26 ਮਾਰਚ (ਚ.ਨ.ਸ.): ਪੰਜਾਬ ਪੁਲਿਸ ਦੇ ਸਾਂਝ ਪੋਰਟਲ ਤੋਂ ਐੱਫ.ਆਈ.ਆਰ. ਡਾਊਨਲੋਡ ਕਰਨ 'ਤੇ 80 ਰੁਪਏ ਫੀਸ ਲਗਾਉਣ ਦੇ ਸੂਬਾ ਸਰਕਾਰ ਦੇ ਫੈਸਲੇ ਦੇ ਭਾਰੀ ਵਿਰੋਧ ਤੋਂ ਬਾਅਦ ਇਹ ਹੁਕਮ ਵਾਪਸ ਲੈ ਲਏ ਗਏ ਹਨ। ਹੁਣ ਤੋਂ ਪੋਰਟਲ 'ਤੇ ਕਿਸੇ ਵੀ ਆਨਲਾਈਨ ਵਰਤੋਂਕਾਰ ਤੋਂ ਕੋਈ ਸਰਵਿਸ ਚਾਰਜ ਨਹੀਂ ਲਿਆ ਜਾਵੇਗਾ। ਗਵਰਨੈਂਸ ਸੁਧਾਰ ਅਤੇ ਆਈ.ਟੀ. ਵਿਭਾਗ, ਪੰਜਾਬ ਨੇ ਇੱਕ ਨਵਾਂ ਨੋਟੀਫਿਕੇਸ਼ਨ ਜਾਰੀ ਕੀਤਾ ਹੈ ਜਿਸ ਵਿੱਚ ਲਿਖਿਆ ਹੈ ਕਿ ਸਾਂਝ ਪੋਰਟਲ ਤੋਂ ਐੱਫ.ਆਈ.ਆਰ. ਡਾਊਨਲੋਡ ਕਰਨ ਜਾਂ ਸਾਂਝ ਕੇਂਦਰਾਂ ਤੋਂ ਕਾਪੀਆਂ (ਬਾਕੀ ਸਫਾ 2 'ਤੇ)




# ਮੋਦੀ ਵੀਡੀਓ ਕਾਨਫ਼ਰੰਸ ਰਾਹੀਂ ਅੱਜ ਮੁੱਖ ਮੰਤਰੀਆਂ ਨਾਲ ਕਰਨਗੇ ਗੱਲਬਾਤ

### ਈਰਾਨ-ਇਜ਼ਰਾਈਲ ਜੰਗ ਤੋਂ ਬਾਅਦ ਵਿਗੜੇ ਹਾਲਾਤ 'ਤੇ ਹੋ ਸਕਦੀ ਹੈ ਚਰਚਾ

ਚੜ੍ਹਦੀਕਲਾ ਬਿਊਰੋ
================

ਨਵੀਂ ਦਿੱਲੀ, 26 ਮਾਰਚ: ਮਿਡਲ ਈਸਟ ਵਿੱਚ ਚੱਲ ਰਹੀ ਜੰਗ ਕਾਰਨ ਪੈਦਾ ਹੋਏ ਵਿਸ਼ਵਵਿਆਪੀ ਸੰਕਟ ਦੇ ਮੱਦੇਨਜ਼ਰ, ਪ੍ਰਧਾਨ ਮੰਤਰੀ ਨਰਿੰਦਰ ਮੋਦੀ ਭਲਕੇ ਸ਼ੁੱਕਰਵਾਰ ਸ਼ਾਮ ਨੂੰ ਦੇਸ਼ ਦੇ ਸਾਰੇ ਸੂਬਿਆਂ ਦੇ ਮੁੱਖ ਮੰਤਰੀਆਂ ਨਾਲ ਇੱਕ ਅਹਿਮ ਬੈਠਕ ਕਰਨਗੇ। ਇਹ ਬੈਠਕ ਵੀਡੀਓ ਕਾਨਫਰੰਸਿੰਗ ਰਾਹੀਂ ਸ਼ਾਮ 6:30 ਵਜੇ ਹੋਵੇਗੀ, ਜਿਸ ਵਿੱਚ ਜੰਗ ਦੇ ਹਾਲਾਤ ਅਤੇ ਸੂਬਿਆਂ ਦੀਆਂ ਤਿਆਰੀਆਂ ਦੀ ਸਮੀਖਿਆ ਕੀਤੀ ਜਾਵੇਗੀ। ਸੂਤਰਾਂ ਅਨੁਸਾਰ, ਇਸ ਬੈਠਕ ਦਾ ਮੁੱਖ ਉਦੇਸ਼ 'ਟੀਮ ਇੰਡੀਆ' ਦੀ ਭਾਵਨਾ ਤਹਿਤ ਕੇਂਦਰ ਅਤੇ ਸੂਬਿਆਂ ਵਿਚਕਾਰ ਆਪਸੀ ਤਾਲਮੇਲ ਯਕੀਨੀ ਬਣਾਉਣਾ ਹੈ।



ਬੈਠਕ ਵਿੱਚ ਰਾਜਾਂ ਦੀਆਂ ਭਵਿੱਖੀ ਯੋਜਨਾਵਾਂ 'ਤੇ ਚਰਚਾ ਕੀਤੀ ਜਾਵੇਗੀ ਤਾਂ ਜੋ ਦੇਸ਼ ਵਿੱਚ ਕਿਸੇ ਵੀ ਤਰ੍ਹਾਂ ਦੇ ਪੈਨਿਕ (ਡਰ) ਨੂੰ ਰੋਕਿਆ ਜਾ ਸਕੇ। ਜ਼ਿਕਰਯੋਗ ਹੈ ਕਿ ਚੋਣ ਜ਼ਾਬਤਾ ਲਾਗੂ ਹੋਣ ਕਾਰਨ ਚੋਣਾਂ ਵਾਲੇ ਰਾਜਾਂ ਦੇ ਮੁੱਖ ਮੰਤਰੀ ਇਸ ਬੈਠਕ ਵਿੱਚ ਸ਼ਾਮਲ ਨਹੀਂ ਹੋਣਗੇ; ਉਨ੍ਹਾਂ ਰਾਜਾਂ ਦੇ ਮੁੱਖ ਸਕੱਤਰਾਂ ਨਾਲ ਕੈਬਨਿਟ ਸਕੱਤਰੇਤ ਰਾਹੀਂ ਵੱਖਰੀ ਗੱਲਬਾਤ ਕੀਤੀ ਜਾਵੇਗੀ। ਪ੍ਰਧਾਨ ਮੰਤਰੀ ਨੇ ਪਹਿਲਾਂ ਹੀ ਸੂਬਾ ਸਰਕਾਰਾਂ ਨੂੰ ਸਖ਼ਤ ਨਿਰਦੇਸ਼ ਦਿੱਤੇ ਹਨ ਕਿ ਮੌਜੂਦਾ ਸਥਿਤੀ ਦਾ ਫਾਇਦਾ ਉਠਾਉਣ ਵਾਲੇ ਜਮ੍ਹਾਂਖੋਰਾਂ ਅਤੇ ਕਾਲਾ ਬਾਜ਼ਾਰੀ ਕਰਨ ਵਾਲਿਆਂ ਵਿਰੁੱਧ ਤੁਰੰਤ ਕਾਰਵਾਈ ਕੀਤੀ ਜਾਵੇ। ਉਨ੍ਹਾਂ ਸਪੱਸ਼ਟ ਕੀਤਾ ਹੈ ਕਿ ਸੰਕਟ ਦੇ ਸਮੇਂ (ਬਾਕੀ ਸਫਾ 2 'ਤੇ)

## ਪੰਜਾਬ 'ਚ ਅਗਲੇ ਦੋ ਦਿਨਾਂ ਲਈ ਮੀਂਹ ਤੇ ਤੇਜ਼ ਹਵਾਵਾਂ ਦਾ ਅਲਰਟ

ਚੰਡੀਗੜ੍ਹ, 26 ਮਾਰਚ (ਚ.ਨ.ਸ.):ਪੰਜਾਬ ਅਤੇ ਚੰਡੀਗੜ੍ਹ ਵਿੱਚ ਮੌਸਮ ਬਦਲ ਗਿਆ ਹੈ। ਅੱਜ ਤੋਂ ਅਗਲੇ ਦੋ ਦਿਨਾਂ ਲਈ ਤੇਜ਼ ਹਵਾਵਾਂ ਤੇ ਮੀਂਹ ਲਈ ਯੈਲੋ ਅਲਰਟ ਜਾਰੀ ਕੀਤਾ ਗਿਆ ਹੈ। ਇਸ ਸਮੇਂ ਦੌਰਾਨ ਹਵਾ ਦੀ ਗਤੀ 30 ਤੋਂ 40 ਕਿਲੋਮੀਟਰ ਪ੍ਰਤੀ ਘੰਟਾ ਤੱਕ ਪਹੁੰਚ ਸਕਦੀ ਹੈ। ਪਿਛਲੇ 24 ਘੰਟਿਆਂ ਵਿਚ ਤਾਪਮਾਨ 1.3 ਡਿਗਰੀ ਵਧਿਆ ਹੈ, ਅਤੇ ਹੁਣ ਆਮ ਨਾਲੋਂ 2.4 ਡਿਗਰੀ ਵੱਧ ਹੈ। ਗੁਰਦਾਸਪੁਰ ਵਿਚ ਸਭ ਤੋਂ ਵੱਧ 32.5 ਡਿਗਰੀ ਤਾਪਮਾਨ ਦਰਜ ਕੀਤਾ ਗਿਆ। ਮੌਸਮ ਵਿਭਾਗ ਅਨੁਸਾਰ ਸੂਬੇ ਦੇ 13 ਜ਼ਿਲ੍ਹਿਆਂ ਵਿਚ ਗਰਜ-ਤੂਫ਼ਾਨ ਅਤੇ ਤੇਜ਼ ਹਵਾਵਾਂ ਦੇ ਨਾਲ ਮੀਂਹ ਪੈਣ ਦੀ ਸੰਭਾਵਨਾ ਹੈ। ਇਨ੍ਹਾਂ ਜ਼ਿਲ੍ਹਿਆਂ ਵਿਚ ਪਠਾਨਕੋਟ, ਗੁਰਦਾਸਪੁਰ, ਅੰਮ੍ਰਿਤਸਰ, ਤਰਨਤਾਰਨ, ਫਿਰੋਜ਼ਪੁਰ, ਫਾਜ਼ਿਲਕਾ, ਫਰੀਦਕੋਟ, ਮੁਕਤਸਰ ਸਾਹਿਬ, ਮੋਗਾ, ਬਠਿੰਡਾ, ਬਰਨਾਲਾ, ਮਾਨਸਾ ਅਤੇ ਸੰਗਰੂਰ ਸ਼ਾਮਲ ਹਨ। ਲੋਕਾਂ ਨੂੰ ਖਰਾਬ ਮੌਸਮ ਦੌਰਾਨ ਖੁੱਲ੍ਹੀਆਂ ਥਾਵਾਂ ਤੋਂ ਦੂਰ ਰਹਿਣ ਅਤੇ ਸੁਰੱਖਿਅਤ ਥਾਵਾਂ 'ਤੇ ਰਹਿਣ ਦੀ ਸਲਾਹ ਦਿੱਤੀ ਗਈ ਹੈ। ਕਿਸਾਨਾਂ ਅਤੇ ਡਰਾਈਵਰਾਂ ਨੂੰ ਖਾਸ ਸਾਵਧਾਨੀ ਵਰਤਣੀ ਚਾਹੀਦੀ ਹੈ। ਪਾਕਿਸਤਾਨ ਦੇ ਨੇੜੇ ਹਵਾ ਦਾ ਤੂਫਾਨ ਬਣਿਆ (ਬਾਕੀ ਸਫਾ 2 'ਤੇ)

### ਸੂਬਾ ਪੱਧਰੀ ਮੁਹਿੰਮ 'ਸ਼ਾਨਦਾਰ 4 ਸਾਲ, ਭਗਵੰਤ ਮਾਨ ਦੇ ਨਾਲ' ਦੀ ਸ਼ੁਰੂਆਤ

# 'ਆਪ' ਨੇ ਭਗਵੰਤ ਮਾਨ ਸਰਕਾਰ ਦੀਆਂ ਉਪਲਬਧੀਆਂ ਨੂੰ ਪੰਜਾਬ ਦੇ ਹਰ ਘਰ ਤੱਕ ਪਹੁੰਚਾਇਆ

ਚੜ੍ਹਦੀਕਲਾ ਬਿਊਰੋ
================

ਚੰਡੀਗੜ੍ਹ, 26 ਮਾਰਚ:ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਵਿੱਚ ਆਮ ਆਦਮੀ ਪਾਰਟੀ (ਆਪ) ਦੀ ਸਰਕਾਰ ਦੇ ਚਾਰ ਸਾਲ ਪੂਰੇ ਹੋਣ ਦੇ ਮੌਕੇ 'ਤੇ, ਪਾਰਟੀ ਨੇ ਸੂਬਾ ਪੱਧਰੀ ਮੁਹਿੰਮ 'ਸ਼ਾਨਦਾਰ 4 ਸਾਲ, ਭਗਵੰਤ ਮਾਨ ਦੇ ਨਾਲ' ਦੀ ਸ਼ੁਰੂਆਤ ਕੀਤੀ। ਇਸ ਮੁਹਿੰਮ ਰਾਹੀਂ ਸਰਕਾਰ ਦੇ ਕੰਮਾਂ ਦਾ ਰਿਕਾਰਡ ਸਿੱਧਾ ਪਿੰਡਾਂ ਅਤੇ ਸ਼ਹਿਰੀ ਵਾਰਡਾਂ ਦੇ ਲੋਕਾਂ ਤੱਕ ਪਹੁੰਚਾਇਆ ਜਾ ਰਿਹਾ ਹੈ।



ਮੰਤਰੀਆਂ, ਵਿਧਾਇਕਾਂ ਅਤੇ ਹਲਕਾ ਇੰਚਾਰਜਾਂ ਨੇ ਇੱਕੋ ਦਿਨ ਵਿੱਚ ਕਰੀਬ 1,000 ਪਿੰਡਾਂ ਅਤੇ ਵਾਰਡਾਂ ਦਾ ਦੌਰਾ ਕੀਤਾ, ਨਾਗਰਿਕਾਂ ਨਾਲ ਗੱਲਬਾਤ ਕੀਤੀ ਅਤੇ ਪੰਜਾਬ ਸਰਕਾਰ ਦੀਆਂ ਪ੍ਰਮੁੱਖ ਪ੍ਰਾਪਤੀਆਂ 'ਤੇ ਚਾਨਣਾ ਪਾਇਆ। ਇਸ ਮੁਹਿੰਮ ਵਿੱਚ ਜਨਤਾ ਨੇ ਵੱਧ-ਚੜ੍ਹ ਕੇ ਹਿੱਸਾ ਲਿਆ ਅਤੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਿੱਚ ਸ਼ਾਸਨ ਅਤੇ ਭਲਾਈ ਸਕੀਮਾਂ ਪ੍ਰਤੀ ਤਸੱਲੀ ਪ੍ਰਗਟਾਈ।

ਕੈਬਨਿਟ ਮੰਤਰੀ ਡਾ. ਰਵਜੋਤ ਸਿੰਘ ਨੇ ਸ਼ਾਮ ਚੌਰਾਸੀ ਵਿੱਚ ਲੋਕਾਂ ਨਾਲ ਸੰਵਾਦ ਕਰਦਿਆਂ ਕਿਹਾ ਕਿ ਅੱਜ ਪੂਰੇ ਦੇਸ਼ ਵਿੱਚ ਪੰਜਾਬ ਦੇ ਸਰਕਾਰੀ ਸਕੂਲਾਂ ਦੀ ਚਰਚਾ ਹੈ। ਭਾਰਤ ਸਰਕਾਰ ਦੇ ਸਰਵੇਖਣ ਨੇ ਵੀ ਮੰਨਿਆ ਹੈ ਕਿ ਪੰਜਾਬ ਦੇ ਸਕੂਲ ਨੰਬਰ ਇੱਕ ਬਣ ਚੁੱਕੇ ਹਨ। 28,000 ਤੋਂ ਵੱਧ ਅਧਿਆਪਕਾਂ ਦੀ ਪਾਰਦਰਸ਼ੀ ਭਰਤੀ ਅਤੇ ਫਿਨਲੈਂਡ-ਸਿੰਗਾਪੁਰ ਵਿੱਚ ਉਨ੍ਹਾਂ ਦੀ ਸਿਖਲਾਈ ਦਾ ਹੀ ਨਤੀਜਾ ਹੈ ਕਿ ਅੱਜ ਪੰਜਾਬ ਦੇ ਬੱਚੇ ਜੇਈਈ (ਜੇਈਈ) ਅਤੇ ਨੀਟ (ਨੀਟ) ਵਰਗੀਆਂ ਪ੍ਰੀਖਿਆਵਾਂ ਪਾਸ ਕਰ ਰਹੇ ਹਨ।ਲੁਧਿਆਣਾ ਵੈਸਟ ਦੇ ਲੋਕਾਂ ਨਾਲ ਗੱਲਬਾਤ ਕਰਦਿਆਂ ਬਿਜਲੀ ਮੰਤਰੀ ਸੰਜੀਵ ਅਰੋੜਾ ਨੇ ਕਿਹਾ ਕਿ ਮਾਨ ਸਰਕਾਰ ਨੇ ਪੰਜਾਬ ਦੇ 90% ਘਰਾਂ ਦਾ ਬਿਜਲੀ ਬਿੱਲ ਜ਼ੀਰੋ ਕਰਕੇ ਇਤਿਹਾਸ ਰਚ ਦਿੱਤਾ ਹੈ। ਪਹਿਲਾਂ ਲੋਕ ਬਿੱਲਾਂ ਤੋਂ ਡਰਦੇ ਸਨ, ਅੱਜ ਉਨ੍ਹਾਂ ਨੂੰ ਵੱਡੀ ਰਾਹਤ ਮਿਲ ਰਹੀ ਹੈ ਅਤੇ 24 ਘੰਟੇ ਨਿਰਵਿਘਨ ਬਿਜਲੀ ਸਪਲਾਈ ਮਿਲ ਰਹੀ ਹੈ।ਭੋਆ ਵਿੱਚ ਲਾਲ ਚੰਦ ਕਟਾਰੂਚੱਕ ਨੇ ਕਿਹਾ ਕਿ ਸਰਕਾਰ ਨੇ ਨਸ਼ਿਆਂ ਵਿਰੁੱਧ ਨਿਰਣਾਇਕ ਜੰਗ ਛੇੜੀ ਹੈ, ਜਿਸ ਤਹਿਤ 92,000 ਤੋਂ ਵੱਧ ਤਸਕਰ ਸਲਾਖਾਂ ਪਿੱਛੇ ਹਨ। ਇਸ ਦੇ ਨਾਲ ਹੀ 65,000 ਸਰਕਾਰੀ ਨੌਕਰੀਆਂ ਬਿਨਾਂ ਕਿਸੇ ਰਿਸ਼ਵਤ ਜਾਂ ਸਿਫ਼ਾਰਸ਼ ਦੇ ਕੇਵਲ ਮੈਰਿਟ ਦੇ ਆਧਾਰ 'ਤੇ ਦਿੱਤੀਆਂ ਗਈਆਂ ਹਨ।

ਜੰਡਿਆਲਾ ਵਿੱਚ ਹਰਭਜਨ ਸਿੰਘ ਈਟੀਓ ਨੇ ਦੱਸਿਆ ਕਿ ਪੰਜਾਬ ਵਿੱਚ 985 ਆਮ ਆਦਮੀ ਕਲੀਨਿਕ ਸਫ਼ਲਤਾਪੂਰਵਕ ਚੱਲ ਰਹੇ ਹਨ, ਜਿੱਥੇ 5 ਕਰੋੜ ਤੋਂ ਵੱਧ ਲੋਕ ਮੁਫ਼ਤ ਇਲਾਜ ਕਰਵਾ ਚੁੱਕੇ ਹਨ। ਹੁਣ ਹਰ ਪਰਿਵਾਰ ਨੂੰ 10 ਲੱਖ ਰੁਪਏ ਤੱਕ ਦਾ ਮੁਫ਼ਤ ਕੈਸ਼ਲੈੱਸ ਇਲਾਜ ਮਿਲ ਰਿਹਾ ਹੈ, ਜਿਸ ਨਾਲ ਗਰੀਬ ਨੂੰ ਹੁਣ ਇਲਾਜ ਲਈ ਕਰਜ਼ਾ ਨਹੀਂ ਲੈਣਾ ਪੈਂਦਾ।ਮਲੋਟ ਵਿੱਚ ਕੈਬਨਿਟ ਮੰਤਰੀ ਡਾ. ਬਲਜੀਤ ਕੌਰ ਨੇ ਔਰਤਾਂ ਲਈ ਵੱਡੇ ਐਲਾਨਾਂ ਦਾ ਜ਼ਿਕਰ ਕਰਦਿਆਂ ਕਿਹਾ ਕਿ 'ਮਾਤਾ ਦੀ ਸਤਿਕਾਰ ਯੋਜਨਾ' ਤਹਿਤ ਵਿਸਾਖੀ ਤੋਂ (ਬਾਕੀ ਸਫਾ 2 'ਤੇ)

## ਸ਼੍ਰੋਮਣੀ ਕਮੇਟੀ ਦਾ ਸਾਲਾਨਾ ਬਜਟ ਇਜਲਾਸ ਭਲਕੇ

ਅੰਮ੍ਰਿਤਸਰ, 26 ਮਾਰਚ (ਗੁਰਦਿਆਲ ਸਿੰਘ): ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਸਾਲਾਨਾ ਬਜਟ ਇਜਲਾਸ 28 ਮਾਰਚ ਨੂੰ ਤੇਜਾ ਸਿੰਘ ਸਮੁੰਦਰੀ ਹਾਲ ਵਿਖੇ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਪ੍ਰਧਾਨ ਸ਼੍ਰੋਮਣੀ ਕਮੇਟੀ ਦੀ ਪ੍ਰਧਾਨਗੀ ਹੇਠ ਹੋਣ ਜਾ ਰਿਹਾ ਹੈ, ਜਿਸ ਦੀਆਂ ਸਾਰੀਆਂ ਤਿਆਰੀਆਂ ਮੁਕੰਮਲ ਕਰ ਲਈਆਂ ਗਈਆਂ ਹਨ। ਇਹ ਜਰਨਲ ਹਾਊਸ 185 ਮੈਂਬਰਾਂ ਦਾ ਹੁੰਦਾ ਹੈ ਜਿਸ ਵਿੱਚ 120 ਹਲਕਿਆਂ ਤੋਂ 170 ਮੈਂਬਰ ਚੋਣ ਲੜ ਕੇ ਆਉਂਦੇ ਹਨ 120 ਹਲਕਿਆਂ ਵਿੱਚ 50 ਹਲਕੇ ਡਬਲ ਹੁੰਦੇ ਹਨ ਜਿਥੋਂ ਡਬਲ ਵਿੱਚ ਇੱਕ ਜਨਰਲ ਇੱਕ ਐਸ.ਸੀ1 ਹੁੰਦਾ ਹੈ ਜਾਂ ਇੱਕ ਜਰਨਲ ਤੇ ਇੱਕ ਔਰਤ ਹੁੰਦੀ ਹੈ ਇਸ ਤਰਾਂ 120 ਹਲਕਿਆਂ ਵਿੱਚੋਂ 170 ਮੈਂਬਰ ਚੁਣ ਕੇ ਆਉਂਦੇ ਹਨ ਅਤੇ ਪੂਰੇ ਦੇਸ਼ ਵਿੱਚੋਂ 15 ਮੈਂਬਰ ਨਾਮਜਦ ਕੀਤੇ ਜਾਂਦੇ ਹਨ ਇਹਨਾਂ ਵਿੱਚ ਅੱਠ ਹਲਕੇ ਹਰਿਆਣਾ ਪ੍ਰਦੇਸ਼ ਤੋਂ ਆਉਂਦੇ ਹਨ ਇਹਨਾਂ ਅੱਠਾਂ ਹਲਕਿਆਂ ਵਿੱਚ ਤਿੰਨ ਹਲਕੇ ਡਬਲ ਹਨ ਜਿੱਥੋਂ 11 ਮੈਂਬਰ ਚੁਣ ਕੇ ਸ਼੍ਰੋਮਣੀ ਕਮੇਟੀ 'ਚ (ਬਾਕੀ ਸਫਾ 2 'ਤੇ)

# ਦੇਸ਼ 'ਚ ਪੈਟਰੋਲ-ਡੀਜ਼ਲ ਜਾਂ ਐਲ.ਪੀ.ਜੀ. ਦੀ ਕੋਈ ਕਿੱਲਤ ਨਹੀਂ: ਕੇਂਦਰ ਸਰਕਾਰ

ਚੜ੍ਹਦੀਕਲਾ ਬਿਊਰੋ
================



ਨਵੀਂ ਦਿੱਲੀ, 26 ਮਾਰਚ: ਭਾਰਤ ਕੋਲ ਲਗਭਗ 60 ਦਿਨਾਂ ਦਾ ਬਾਲਣ ਸਟਾਕ ਮੌਜੂਦ ਹੈ। ਸਰਕਾਰ ਨੇ ਵੀਰਵਾਰ ਨੂੰ ਇਹ ਜਾਣਕਾਰੀ ਦਿੰਦਿਆਂ ਕਿਹਾ ਕਿ ਪੈਟਰੋਲ, ਡੀਜ਼ਲ ਜਾਂ ਐੱਲ.ਪੀ.ਜੀ. ਦੀ ਕੋਈ ਕਿੱਲਤ ਨਹੀਂ ਹੈ।

ਇਸ ਦੇ ਨਾਲ ਹੀ ਸਰਕਾਰ ਨੇ ਕਿੱਲਤ ਦੀਆਂ ਰਿਪੋਰਟਾਂ ਨੂੰ 'ਸੋਚੀ-ਸਮਝੀ ਗਲਤ ਜਾਣਕਾਰੀ ਦੀ ਮੁਹਿੰਮ' ਦੱਸਦਿਆਂ ਖਾਰਜ ਕਰਦਿਆਂ ਕਿਹਾ, ਜਿਸ ਦਾ ਉਦੇਸ਼ ਘਬਰਾਹਟ ਵਿੱਚ ਖਰੀਦਦਾਰੀ ਨੂੰ ਭੜਕਾਉਣਾ ਹੈ। ਪੈਟਰੋਲੀਅਮ ਅਤੇ ਕੁਦਰਤੀ ਗੈਸ ਮੰਤਰਾਲੇ ਨੇ ਕਿਹਾ ਕਿ ਦੇਸ਼ ਭਰ ਦੇ ਸਾਰੇ ਪੈਟਰੋਲ ਪੰਪਾਂ 'ਤੇ ਲੋੜੀਂਦਾ ਸਟਾਕ ਹੈ ਅਤੇ ਉਹ ਆਮ ਵਾਂਗ ਕੰਮ ਕਰ ਰਹੇ ਹਨ, ਅਤੇ ਪੈਟਰੋਲ ਜਾਂ ਡੀਜ਼ਲ ਦੀ ਕੋਈ ਰਾਸ਼ਨਿੰਗ ਨਹੀਂ ਕੀਤੀ ਜਾ ਰਹੀ। ਮੰਤਰਾਲੇ ਨੇ ਇੱਕ ਬਿਆਨ ਵਿੱਚ ਕਿਹਾ,"ਭਾਰਤ, ਜੋ ਕਿ ਦੁਨੀਆਂ ਦਾ ਚੌਥਾ ਸਭ ਤੋਂ ਵੱਡਾ ਰਿਫਾਇਨਰ ਅਤੇ ਪੈਟਰੋਲੀਅਮ ਉਤਪਾਦਾਂ ਦਾ ਪੰਜਵਾਂ ਸਭ ਤੋਂ ਵੱਡਾ ਨਿਰਯਾਤਕ ਹੈ, ਕੋਲ ਘਰੇਲੂ ਬਾਲਣ ਦੀ ਉਪਲਬਧਤਾ ਦਾ ਢਾਂਚਾਗਤ ਭਰੋਸਾ ਹੈ ਅਤੇ ਉਹ 150 ਤੋਂ ਵੱਧ ਦੇਸ਼ਾਂ ਨੂੰ ਰਿਫਾਇੰਡ ਬਾਲਣ ਦੀ ਸਪਲਾਈ ਕਰਨਾ ਜਾਰੀ ਰੱਖ ਰਿਹਾ ਹੈ।" ਇਸ ਵਿੱਚ ਕਿਹਾ ਗਿਆ ਹੈ,"ਹਰ ਭਾਰਤੀ ਰਿਫਾਇਨਰੀ (ਜੋ ਕੱਚੇ ਤੇਲ ਨੂੰ ਪੈਟਰੋਲ ਅਤੇ ਡੀਜ਼ਲ ਵਰਗੇ ਬਾਲਣ ਵਿੱਚ ਬਦਲਦੀ ਹੈ) 100 ਫੀਸਦੀ ਤੋਂ ਵੱਧ ਸਮਰੱਥਾ 'ਤੇ ਚੱਲ ਰਹੀ ਹੈ, ਅਗਲੇ 60 ਦਿਨਾਂ ਲਈ ਕੱਚੇ ਤੇਲ ਦੀ ਸਪਲਾਈ ਪਹਿਲਾਂ ਹੀ ਭਾਰਤੀ ਤੇਲ ਕੰਪਨੀਆਂ ਦੁਆਰਾ ਤੈਅ ਕੀਤੀ ਜਾ ਚੁੱਕੀ ਹੈ। ਸਪਲਾਈ (ਬਾਕੀ ਸਫਾ 2 'ਤੇ)

# ਈਰਾਨ ਗੰਭੀਰਤਾ ਨਾਲ ਸੋਚ-ਵਿਚਾਰ ਕਰੇ, ਨਹੀਂ ਤਾਂ ਬਹੁਤ ਦੇਰ ਹੋ ਜਾਵੇਗੀ: ਟਰੰਪ

ਚੜ੍ਹਦੀਕਲਾ ਬਿਊਰੋ
================

ਵਾਸ਼ਿੰਗਟਨ, 26 ਮਾਰਚ: ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਤਹਿਰਾਨ ਦੇ ਆਗੂਆਂ ਨੂੰ ਚਿਤਾਵਨੀ ਦਿੱਤੀ ਹੈ ਕਿ ਉਹ ਜਲਦੀ ਹੀ ਗੰਭੀਰਤਾ ਨਾਲ ਸੋਚਣ ਨਹੀਂ ਤਾਂ ਬਹੁਤ ਦੇਰ ਹੋ ਜਾਵੇਗੀ। ਟਰੰਪ ਨੇ ਕਿਹਾ ਕਿ ਈਰਾਨ ਦੇ ਅਧਿਕਾਰੀ ਬਹੁਤ ਹੀ ਅਜੀਬ ਤਰੀਕੇ ਨਾਲ ਪੇਸ਼ ਆ ਰਹੇ ਹਨ। ਉਹ ਨਿੱਜੀ ਤੌਰ 'ਤੇ ਤਾਂ ਸਮਝੌਤੇ ਲਈ ਤਰਲੇ ਪਾ ਰਹੇ ਹਨ ਪਰ ਦੁਨੀਆਂ ਦੇ ਸਾਹਮਣੇ ਅਮਰੀਕੀ ਪ੍ਰਸਤਾਵਾਂ ਨੂੰ ਮਾਮੂਲੀ ਦਿਖਾ ਰਹੇ ਹਨ। ਟਰੰਪ ਮੁਤਾਬਕ ਈਰਾਨ ਫੌਜੀ ਸ਼ਕਤੀ ਵਜੋਂ ਲਗਭਗ ਖ਼ਤਮ ਹੋ ਚੁੱਕਾ ਹੈ ਅਤੇ ਉਸ ਕੋਲ ਵਾਪਸੀ ਦਾ ਕੋਈ ਮੌਕਾ ਨਹੀਂ ਬਚਿਆ। ਉਨ੍ਹਾਂ ਸਪਸ਼ਟ ਕਿਹਾ ਕਿ ਜੇਕਰ ਜਲਦੀ ਸਹੀ ਕਦਮ ਨਾ ਚੁੱਕੇ ਗਏ ਤਾਂ ਭਵਿੱਖ ਵਿਚ ਬਹੁਤ ਭਿਆਨਕ ਹੋਵੇਗਾ ਤੇ ਸਖਤ ਨਤੀਜੇ ਭੁਗਤਣੇ ਪੈਣਗੇ। ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਤਹਿਰਾਨ ਨੂੰ ਸਿਰਫ਼ ਫੌਜੀ ਤੌਰ 'ਤੇ ਹੀ ਨਹੀਂ, ਸਗੋਂ ਮਨੋਵਿਗਿਆਨਕ ਤੌਰ 'ਤੇ ਵੀ ਘੇਰਨਾ ਸ਼ੁਰੂ ਕਰ ਦਿੱਤਾ ਹੈ। ਆਪਣੀ ਤਾਜ਼ਾ ਚਿਤਾਵਨੀ ਵਿੱਚ ਟਰੰਪ ਨੇ ਇਸ਼ਾਰਾ ਕੀਤਾ ਹੈ ਕਿ ਈਰਾਨ ਦੇ ਵਾਰਤਾਕਾਰ ਅੰਦਰੂਨੀ ਤੌਰ 'ਤੇ ਬਹੁਤ ਦਬਾਅ ਵਿੱਚ ਹਨ ਕਿਉਂਕਿ ਉਨ੍ਹਾਂ ਦੀ ਆਰਥਿਕਤਾ ਅਤੇ ਫੌਜੀ ਤਾਕਤ ਲਗਾਤਾਰ ਖ਼ਤਮ ਹੋ ਰਹੀ ਹੈ। ਟਰੰਪ ਨੇ ਦਾਅਵਾ ਕੀਤਾ ਕਿ ਈਰਾਨ ਕੋਲ ਹੁਣ ਗੱਲਬਾਤ ਦੀ ਮੇਜ਼ 'ਤੇ ਰੱਖਣ ਲਈ ਕੁਝ ਵੀ ਨਹੀਂ ਬਚਿਆ। ਵਾਸ਼ਿੰਗਟਨ ਦੇ ਸਿਆਸੀ (ਬਾਕੀ ਸਫਾ 2 'ਤੇ)



## ਈਰਾਨ ਨੂੰ ਵੱਡਾ ਝਟਕਾ, ਮਾਰਿਆ ਗਿਆ ਸਮੁੰਦਰੀ ਫ਼ੌਜ ਦਾ ਚੀਫ਼ !

ਤਲ ਅਵੀਵ, 26 ਮਾਰਚ (ਚ.ਨ.ਸ.): ਈਰਾਨ ਅਤੇ ਇਜ਼ਰਾਈਲ ਵਿਚਕਾਰ ਜਾਰੀ ਭਿਆਨਕ ਜੰਗ ਦਰਮਿਆਨ ਈਰਾਨ ਨੂੰ ਇੱਕ ਬਹੁਤ ਵੱਡਾ ਫ਼ੌਜੀ ਝਟਕਾ ਲੱਗਿਆ ਹੈ। ਰਿਪੋਰਟਾਂ ਅਨੁਸਾਰ, ਈਰਾਨ ਦੀ ਇਸਲਾਮਿਕ ਰੈਵੋਲਿਊਸ਼ਨਰੀ ਗਾਰਡ ਕੋਰ (ਆਈ.ਆਰ.ਜੀ.ਸੀ.) ਦੇ ਨੇਵੀ ਕਮਾਂਡਰ ਅਲੀਰੇਜ਼ਾ ਤੰਗਸੀਰੀ ਇੱਕ ਹਵਾਈ ਹਮਲੇ ਵਿੱਚ ਮਾਰੇ ਗਏ ਹਨ।ਇਹ ਹਮਲਾ ਈਰਾਨ ਦੇ ਦੱਖਣੀ ਬੰਦਰਗਾਹ ਸ਼ਹਿਰ ਬੰਦਰ ਅੱਬਾਸ ਵਿੱਚ ਹੋਇਆ। ਇਜ਼ਰਾਈਲੀ ਮੀਡੀਆ ਨੇ ਇੱਕ ਸੀਨੀਅਰ ਇਜ਼ਰਾਈਲੀ ਅਧਿਕਾਰੀ ਦੇ ਹਵਾਲੇ ਨਾਲ ਇਸ ਦੀ ਪੁਸ਼ਟੀ ਕੀਤੀ ਹੈ। (ਬਾਕੀ ਸਫਾ 2 'ਤੇ)

# ਭਾਰਤ ਹੋਰਮੁਜ਼ ਲੰਘਣ ਦੀ ਇਜਾਜ਼ਤ ਵਾਲੇ 'ਮਿੱਤਰ ਦੇਸ਼ਾਂ' 'ਚ ਸ਼ਾਮਲ: ਈਰਾਨੀ ਵਿਦੇਸ਼ ਮੰਤਰੀ

ਚੜ੍ਹਦੀਕਲਾ ਬਿਊਰੋ
================

ਨਵੀਂ ਦਿੱਲੀ, 26 ਮਾਰਚ:ਈਰਾਨ ਨੇ ਕਿਹਾ ਹੈ ਕਿ ਉਹ ਭਾਰਤ ਸਮੇਤ ਚੋਣਵੇਂ 'ਮਿੱਤਰ ਦੇਸ਼ਾਂ' ਦੇ ਜਹਾਜ਼ਾਂ ਨੂੰ ਰਣਨੀਤਕ ਤੌਰ 'ਤੇ ਮਹੱਤਵਪੂਰਨ ਹੋਰਮੁਜ਼ ਜਲਡਮਰੂ ਮੱਧ ਤੋਂ ਗੁਜ਼ਰਨ ਦੀ ਇਜਾਜ਼ਤ ਦੇ ਰਿਹਾ ਹੈ, ਭਾਵੇਂ ਕਿ ਪੱਛਮੀ ਏਸ਼ੀਆ ਦੇ ਚੱਲ ਰਹੇ ਸੰਘਰਸ਼ ਦਰਮਿਆਨ ਦੂਜਿਆਂ ਲਈ ਪਾਬੰਦੀਆਂ ਜਾਰੀ ਹਨ। ਈਰਾਨ ਦੇ ਵਿਦੇਸ਼ ਮੰਤਰੀ ਅੱਬਾਸ ਅਰਾਗਚੀ ਨੇ ਕਿਹਾ ਕਿ ਤਹਿਰਾਨ ਨੇ ਚੀਨ, ਰੂਸ, ਭਾਰਤ, ਇਰਾਕ ਅਤੇ ਪਾਕਿਸਤਾਨ ਵਰਗੇ ਦੇਸ਼ਾਂ ਨੂੰ ਲੰਘਣ ਦੀ ਇਜਾਜ਼ਤ ਦਿੱਤੀ ਹੈ, ਜੋ ਸੰਘਰਸ਼ ਖੇਤਰ ਵਿੱਚ ਸਮੁੰਦਰੀ ਪਹੁੰਚ ਲਈ ਇੱਕ ਨਿਯੰਤਰਿਤ ਪਹੁੰਚ ਦਾ ਸੰਕੇਤ ਦਿੰਦਾ ਹੈ। ਇਹ ਬਿਆਨ ਉਸ ਗੱਲ ਨੂੰ ਰਸਮੀ ਰੂਪ ਦਿੰਦਾ ਹੈ ਜੋ ਪਹਿਲਾਂ ਡਿਪਲੋਮੈਟਿਕ ਚੈਨਲਾਂ ਰਾਹੀਂ ਸਾਹਮਣੇ ਆਈ ਸੀ ਕਿ ਖੇਤਰ ਵਿੱਚ ਵਧੇ ਹੋਏ ਤਣਾਅ ਦੇ ਬਾਵਜੂਦ ਭਾਰਤ ਜਾਣ ਵਾਲੇ ਜਹਾਜ਼ਾਂ ਨੂੰ ਸੰਚਾਲਨ ਦੀ ਛੋਟ ਦਿੱਤੀ ਜਾ ਰਹੀ ਹੈ। ਪਿਛਲੇ ਦਿਨਾਂ ਵਿੱਚ ਨਵੀਂ ਦਿੱਲੀ ਅਤੇ ਤਹਿਰਾਨ ਵਿਚਕਾਰ ਉੱਚ ਪੱਧਰੀ ਰਾਬਤੇ ਤੋਂ ਬਾਅਦ ਘੱਟੋ-ਘੱਟ ਚਾਰ ਭਾਰਤੀ ਝੰਡੇ ਵਾਲੇ ਟੈਂਕਰਾਂ ਨੇ ਸਫਲਤਾਪੂਰਵਕ ਇਸ ਜਲਮਾਰਗ ਨੂੰ ਪਾਰ ਕੀਤਾ ਹੈ।



ਇੱਕ ਦਿਨ ਪਹਿਲਾਂ ਇੱਕ ਪ੍ਰੈਸ ਕਾਨਫਰੰਸ ਦੌਰਾਨ ਕਾਰਜਕਾਰੀ ਅਪਡੇਟ ਦਿੰਦੇ ਹੋਏ, ਸ਼ਿਪਿੰਗ ਮੰਤਰਾਲੇ ਦੇ ਚੋਟੀ ਦੇ ਅਧਿਕਾਰੀ ਰਾਜੇਸ਼ ਕੁਮਾਰ ਸਿਨਹਾ ਨੇ ਦੱਸਿਆ ਸੀ ਕਿ ਲਗਭਗ 20 ਭਾਰਤੀ ਝੰਡੇ ਵਾਲੇ ਜਹਾਜ਼ ਖੇਤਰ ਵਿੱਚ ਹਨ,ਜਿਨ੍ਹਾਂ ਵਿੱਚੋਂ ਛੇ ਐਲ.ਪੀ.ਜੀ. ਨਾਲ ਲੱਦੇ ਟੈਂਕਰਾਂ ਦੇ ਅਗਲੇ ਕੁਝ ਦਿਨਾਂ ਵਿੱਚ ਲੰਘਣ ਦੀ ਉਮੀਦ ਹੈ। ਉਨ੍ਹਾਂ ਨੇ ਇੱਕ ਅੰਤਰ-ਮੰਤਰਾਲਾ ਬ੍ਰੀਫਿੰਗ ਵਿੱਚ ਕਿਹਾ, 'ਉਨ੍ਹਾਂ ਦੀ (ਬਾਕੀ ਸਫਾ 2 'ਤੇ)

# ਡਿਜੀਟਲ ਮੀਡੀਆ : ਅੱਜ-ਕੱਲ੍ਹ ਡਿਜੀਟਲ ਟਰੈਂਡਜ਼ ਦੇ ਬਦਲਾਅ ਨੇ ਜੇਨ ਜ਼ੀ ਨੌਜਵਾਨਾਂ ਦੀਆਂ ਆਦਤਾਂ ਬਦਲੀਆਂ

### ਸੋਸ਼ਲ ਮੀਡੀਆ ਤੇ ਰੀਲਜ਼, ਛੋਟੀਆਂ ਵੀਡੀਓਜ਼ ਅਤੇ ਫਾਸਟ-ਪੇਸਡ ਕੰਟੈਂਟ ਬਹੁਤ ਅਸਰਦਾਰ

### ਪੰਜਾਬ 'ਚ ਫੇਕ ਨਿਊਜ਼ ਤੇ ਧਾਰਮਿਕ ਰੀਲਾਂ ਦਾ ਪ੍ਰਾਪੇਗੰਡਾ ਪਰ ਧਰਮ ਪ੍ਰਚਾਰ ਵਿੱਚ ਭਾਈ ਰਣਜੀਤ ਸਿੰਘ ਢੱਡਰੀਆਂ ਵਾਲੇ ਸਭ ਤੋਂ ਅੱਗੇ

ਪ੍ਰੋ. ਡਾ.ਕ੍ਰਿਸ਼ਨ ਕੁਮਾਰ ਰੱਤੂ
ਉੱਘੇ ਲੇਖਕ ਤੇ ਮੀਡੀਆ ਵਿਸ਼ਲੇਸ਼ਕ
===================

ਅੱਜ ਡਿਜੀਟਲ ਮੀਡੀਆ ਦੇ ਅਸਰ ਨੇ ਦੇਸ਼ ਵਿੱਚ ਜੇਨ ਜੀ ਅਤੇ ਨੌਜਵਾਨਾਂ ਦੀਆਂ ਮੀਡੀਆ ਆਦਤਾਂ ਬਦਲ ਦਿੱਤੀਆਂ ਹਨ । ਦੇਸ਼ ਦੀਆਂ ਸਕਰੀਨਾਂ ਨੇ ਸਾਡੀ ਸੋਚ ਨੂੰ ਤੇਜ਼ ਅਤੇ ਛੋਟੀ ਖਪਤ ਵਾਲੀ ਬਣਾ ਦਿੱਤਾ ਹੈ। ਖਾਸ ਕਰਕੇ ਜੈਨ ਜ਼ੈੱਡ (Gen Z) ਪੀੜ੍ਹੀ, ਜੋ 1997 ਤੋਂ 2012 ਵਿਚਾਲੇ ਜੰਮੀ ਹੈ, ਨੇ ਇੱਕ ਅਲੱਗ ਹੀ ਸੋਸ਼ਲ ਮੀਡੀਆ ਸਟਾਈਲ ਰਚ ਲਿਆ ਹੈ। ਉਹਨਾਂ ਨੂੰ ਰੀਲਜ਼, ਛੋਟੀਆਂ ਵੀਡੀਓਜ਼ ਅਤੇ ਫਾਸਟ-ਪੇਸਡ ਕੰਟੈਂਟ ਬਹੁਤ ਪਸੰਦ ਹੈ।





ਇੱਕ ਮੀਡੀਆ ਸਰਵੇਖਣ ਵਿੱਚ ਕਿਹਾ ਗਿਆ ਹੈ ਕਿ ਪੰਜਾਬ ਵਿੱਚ ਫੇਕ ਨਿਊਜ਼ ਦਾ ਪ੍ਰਚਾਰ ਜ਼ਿਆਦਾ ਹੋ ਰਿਹਾ ਹੈ ਤੇ ਧਾਰਮਿਕ ਰੀਲਾਂ ਦਾ ਹੜ੍ਹ ਆਇਆ ਹੋਇਆ ਹੈ ਜਿਸ ਵਿੱਚ 90% ਤੋਂ ਜ਼ਿਆਦਾ ਫੇਕ ਖਬਰਾਂ ਤੇ ਧਾਰਮਿਕ ਪ੍ਰਚਾਰ ਪ੍ਰਸਾਰ ਹੈ। ਪ੍ਰੰਤੂ ਸਿੱਖ ਰਿਵਾਇਤਾਂ ਅਤੇ ਧਰਮ ਪ੍ਰਚਾਰ ਸਬੰਧੀ ਕੀਤੇ ਗਏ ਸਾਰਥਕ ਤੇ ਸਿਹਤਮੰਦ ਉਪਰਾਲਿਆਂ ਵਿੱਚ ਭਾਈ ਰਣਜੀਤ ਸਿੰਘ ਢੱਡਰੀਆਂ ਵਾਲੇ ਦੇ ਧਰਮ ਪ੍ਰਚਾਰ ਤੇ ਕੀਰਤਨ ਦੇ ਸ਼ੋਅ ਸਭ ਤੋਂ ਉੱਪਰ ਤੇ ਬਹੁ ਗਿਣਤੀ ਵਿੱਚ ਪੂਰੀ ਦੁਨੀਆਂ ਵਿੱਚ ਦੇਖੇ ਜਾ ਰਹੇ ਹਨ । ਅੱਜ ਇਹ ਸਰਵੇਖਣ ਸ਼੍ਰੋਮਣੀ ਕਮੇਟੀ ਦੁਆਰਾ ਕੀਤੇ ਗਏ ਧਰਮ ਪ੍ਰਚਾਰ ਤੇ ਹੋਰ ਅਦਾਰਿਆਂ ਦੁਆਰਾ ਕੀਤੇ ਜਾ ਰਹੇ ਧਰਮ ਪ੍ਰਚਾਰ ਨੂੰ ਪਿੱਛੇ ਛੱਡਦਾ ਹੈ।

ਦੁਆਬਾ ਵਿੱਚ ਡੇਰਾ ਬੱਲਾ ਭਾਵੇਂ ਐਨਾ ਧਰਮ ਪ੍ਰਚਾਰ ਨਹੀਂ ਕਰਦਾ ਪਰੰਤੂ ਰਾਜਨੀਤਿਕ ਤੌਰ 'ਤੇ ਸਰਗਰਮੀ ਲੋਕਾਂ ਲਈ ਖਿੱਚ ਦਾ ਕਾਰਨ ਬਣ ਰਹੀ ਹੈ। ਇੱਕ ਰਿਪੋਰਟ ਅਨੁਸਾਰ, ਭਾਰਤ ਵਿਚ ਜੈਨ ਜ਼ੈੱਡ ਵਾਲੇ ਯੂਥ ਇੰਸਟਾਗ੍ਰਾਮ ਰੀਲਜ਼, ਟਿਕਟਾਕ (ਜਾਂ ਇਸ ਤਰ੍ਹਾਂ ਦੀਆਂ ਐਪਾਂ) ਅਤੇ ਯੂਟਿਊਬ ਸ਼ਾਰਟਸ 'ਤੇ ਸਭ ਤੋਂ ਵੱਧ ਐਕਟਿਵ ਹਨ। ਉਹਨਾਂ ਵਿਚੋਂ ਬਹੁਤੇ ਰੋਜ਼ਾਨਾ ਕਈ ਘੰਟੇ ਇਸ ਤਰ੍ਹਾਂ ਦੇ ਕੰਟੈਂਟ 'ਤੇ ਬਿਤਾਉਂਦੇ ਹਨ, ਜਿਸ ਨਾਲ ਉਹਨਾਂ ਦਾ ਧਿਆਨ ਘੱਟ ਗਿਆ ਹੈ ਅਤੇ ਲੰਬੀਆਂ ਗੱਲਾਂ ਧਿਆਨ ਨਾਲ ਸੁਣਨ ਜਾਂ ਪੜ੍ਹਨ ਦੀ ਆਦਤ ਘਟ ਰਹੀ ਹੈ। (ਬਾਕੀ ਸਫਾ 2 'ਤੇ)

# ਮਾਲ-ਢੁਆਈ ਭਾੜਾ 80 ਫ਼ੀਸਦੀ ਤੱਕ ਵਧਿਆ, ਬੰਦਰਗਾਹ 'ਤੇ ਸੈਂਕੜੇ ਕੰਟੇਨਰ ਫਸੇ

ਚੜ੍ਹਦੀਕਲਾ ਬਿਊਰੋ
================

ਕੋਲਕਾਤਾ, 26 ਮਾਰਚ: ਪੱਛਮੀ ਏਸ਼ੀਆ ਵਿੱਚ ਜਾਰੀ ਸੰਕਟ ਕਾਰਨ ਯੂਰਪ ਜਾਣ ਵਾਲੇ ਸਾਮਾਨ ਦੀ ਢੁਆਈ ਦੀ ਲਾਗਤ (ਭਾੜੇ) ਵਿੱਚ 60 ਤੋਂ 80 ਫੀਸਦੀ ਤੱਕ ਦਾ ਭਾਰੀ ਵਾਧਾ ਹੋਇਆ ਹੈ। ਇਸ ਨਾਲ ਪੂਰਬੀ ਭਾਰਤ ਤੋਂ ਹੋਣ ਵਾਲੀ ਬਰਾਮਦ ਵਿੱਚ 50 ਫੀਸਦੀ ਤੱਕ ਦੀ ਗਿਰਾਵਟ ਆਈ ਹੈ ਅਤੇ ਕੋਲਕਾਤਾ ਬੰਦਰਗਾਹ 'ਤੇ ਸੈਂਕੜੇ ਕੰਟੇਨਰ ਫਸ ਗਏ ਹਨ। ਕਲਕੱਤਾ ਕਸਟਮਜ਼ ਹਾਊਸ ਏਜੰਟਸ ਐਸੋਸੀਏਸ਼ਨ ਦੇ ਪ੍ਰਧਾਨ ਮਨੂ ਚੌਧਰੀ ਨੇ ਦੱਸਿਆ ਕਿ ਜਹਾਜ਼ਾਂ ਦਾ ਰਸਤਾ ਬਦਲ ਕੇ ਅਫਰੀਕਾ ਹੋ ਕੇ ਜਾਣ ਕਾਰਨ ਭਾੜੇ ਵਿੱਚ 40 ਫੀਸਦੀ ਦਾ ਵਾਧਾ ਹੋਇਆ ਹੈ। ਇਸ ਤੋਂ ਇਲਾਵਾ ਜੰਗ ਦੇ ਕਾਰਨ ਲੱਗਣ ਵਾਲੇ ਵਾਧੂ ਖਰਚਿਆਂ ਨੂੰ ਮਿਲਾ ਕੇ ਯੂਰਪ ਅਤੇ ਅਮਰੀਕਾ ਜਾਣ ਵਾਲੇ ਸਾਮਾਨ ਦੀ ਕੁੱਲ ਲਾਗਤ 80 ਫੀਸਦੀ ਤੱਕ ਵਧ ਗਈ ਹੈ। ਉਨ੍ਹਾਂ ਕਿਹਾ ਕਿ ਸ਼ਿਪਿੰਗ ਕੰਪਨੀਆਂ ਹੁਣ ਨਵਾਂ ਸਾਮਾਨ ਲੈਣ ਤੋਂ ਮਨ੍ਹਾ ਕਰ ਰਹੀਆਂ ਹਨ। ਇਸ ਕਾਰਨ ਕੋਲਕਾਤਾ ਬੰਦਰਗਾਹ 'ਤੇ ਲੋਡਿੰਗ ਲਈ ਪਹੁੰਚੇ ਲਗਭਗ 600 ਭਰੇ ਹੋਏ ਕੰਟੇਨਰਾਂ ਨੂੰ ਜਗ੍ਹਾ ਦੀ ਘਾਟ ਕਾਰਨ ਸ਼ਹਿਰ ਵਾਪਸ ਭੇਜਣਾ ਪਿਆ ਹੈ। ਇੰਜੀਨੀਅਰਿੰਗ ਐਕਸਪੋਰਟ ਪ੍ਰਮੋਸ਼ਨ ਕੌਂਸਲ ਇੰਡੀਆ ਦੇ ਸਾਬਕਾ ਚੇਅਰਮੈਨ ਰਾਕੇਸ਼ ਸ਼ਾਹ ਨੇ ਸਥਿਤੀ ਨੂੰ ਗੰਭੀਰ ਦੱਸਦੇ ਹੋਏ ਕਿਹਾ ਕਿ ਭਾੜੇ ਵਿੱਚ (ਬਾਕੀ ਸਫਾ 2 'ਤੇ)



## ਆਈ.ਏ.ਐਸ.ਤੇ ਪੀ.ਸੀ.ਐਸ. ਅਧਿਕਾਰੀਆਂ ਦੇ ਤਬਾਦਲੇ

ਚੰਡੀਗੜ੍ਹ, 26 ਮਾਰਚ (ਚ.ਨ.ਸ.): ਪੰਜਾਬ ਸਰਕਾਰ ਵਲੋਂ ਇਕ ਆਈ.ਏ.ਐਸ. ਤੇ ਅੱਠ ਪੀ.ਸੀ.ਐਸ. ਅਧਿਕਾਰੀਆਂ ਦੇ ਤਬਾਦਲੇ ਕੀਤੇ ਗਏ ਹਨ। ਇਸ ਸਬੰਧੀ ਹੁਕਮ ਪੰਜਾਬ ਸਰਕਾਰ ਦੇ ਮੁੱਖ ਸਕੱਤਰ ਕੇ.ਏ.ਪੀ. ਸਿਨਹਾ ਵਲੋਂ ਜਾਰੀ ਕੀਤੇ ਗਏ। ਪੰਜਾਬ ਸਰਕਾਰ ਨੇ ਆਈ.ਏ.ਐਸ. ਅਧਿਕਾਰੀ ਕੰਚਨ ਨੂੰ ਵਧੀਕ ਡਿਪਟੀ ਕਮਿਸ਼ਨਰ (ਪੇਂਡੂ ਵਿਕਾਸ) ਬਠਿੰਡਾ ਲਾਇਆ ਹੈ ਅਤੇ ਵਧੀਕ ਡਿਪਟੀ ਕਮਿਸ਼ਨਰ (ਜਨਰਲ) ਬਠਿੰਡਾ ਦਾ ਵਾਧੂ ਚਾਰਜ ਦਿੱਤਾ ਗਿਆ ਹੈ। ਇਸੇ ਤਰ੍ਹਾਂ ਪੀ.ਸੀ.ਐਸ. ਅਧਿਕਾਰੀਆਂ 'ਚ ਲਵਜੀਤ ਕਲਸੀ ਨੂੰ ਕਮਿਸ਼ਨਰ ਨਗਰ ਨਿਗਮ ਬਠਿੰਡਾ, ਬਬਨਦੀਪ ਸਿੰਘ ਵਾਲੀਆ ਨੂੰ ਮੁੱਖ ਮੰਤਰੀ ਖੇਤਰੀ ਅਫ਼ਸਰ ਫ਼ਾਜ਼ਿਲਕਾ, ਰਾਵਿੰਦਰ ਸਿੰਘ ਨੂੰ ਐਸ.ਡੀ.ਐਮ. ਦੀਨਾ ਨਗਰ ਅਤੇ ਵਾਧੂ ਚਾਰਜ ਐਸ.ਡੀ.ਐਮ. ਕਲਾਨੌਰ, ਅਮਰੀਕ ਸਿੰਘ ਨੂੰ ਐਸ.ਡੀ.ਐਮ. ਬਾਘਾ ਪੁਰਾਣਾ, (ਬਾਕੀ ਸਫਾ 2 'ਤੇ)

# ਈਰਾਨ-ਅਮਰੀਕਾ ਜੰਗ 'ਚ ਰੂਸ ਦੀ ਚਾਂਦੀ! ਰੋਜ਼ਾਨਾ ਤਿਜੋਰੀ 'ਚ ਆ ਰਹੇ ਨੇ 71 ਅਰਬ



ਮਾਸਕੋ/ਵਾਸ਼ਿੰਗਟਨ, 26 ਮਾਰਚ (ਚ.ਨ.ਸ.): ਈਰਾਨ ਤੇ ਅਮਰੀਕਾ ਵਿਚਾਲੇ ਪਿਛਲੇ 27 ਦਿਨਾਂ ਤੋਂ ਜਾਰੀ ਜੰਗ ਨੇ ਜਿੱਥੇ ਮੱਧ ਪੂਰਬ ਤੇ ਯੂਰਪ ਦੀ ਹਾਲਤ ਪਤਲੀ ਕਰ ਦਿੱਤੀ ਹੈ, ਉੱਥੇ ਹੀ ਦੂਜੇ ਪਾਸੇ ਰੂਸ ਇਸ ਜੰਗ ਕਾਰਨ ਮਾਲਾਮਾਲ ਹੋ ਰਿਹਾ ਹੈ। ਅਮਰੀਕੀ ਪਾਬੰਦੀਆਂ ਹਟਣ ਤੋਂ ਬਾਅਦ ਰੂਸ ਰਿਕਾਰਡ ਪੱਧਰ 'ਤੇ ਤੇਲ ਵੇਚ ਰਿਹਾ ਹੈ ਤੇ ਰੋਜ਼ਾਨਾ ਲਗਭਗ 71 ਅਰਬ ਰੁਪਏ (760 ਮਿਲੀਅਨ ਡਾਲਰ) ਦੀ ਕਮਾਈ ਕਰ ਰਿਹਾ ਹੈ।

**ਤੇਲ ਦੀਆਂ ਕੀਮਤਾਂ 'ਚ ਭਾਰੀ ਉਛਾਲ:** ਰਿਪੋਰਟਾਂ ਮੁਤਾਬਕ ਮਾਰਚ ਮਹੀਨੇ 'ਚ ਰੂਸ ਵੱਲੋਂ 24 ਅਰਬ ਡਾਲਰ ਦਾ ਤੇਲ ਵੇਚੇ ਜਾਣ ਦੀ ਉਮੀਦ ਹੈ। ਇਹ ਪਿਛਲੇ ਤਿੰਨ ਸਾਲਾਂ 'ਚ ਰੂਸ ਦੀ ਸਭ ਤੋਂ ਵੱਡੀ ਕਮਾਈ ਹੈ, ਕਿਉਂਕਿ 2022 ਵਿੱਚ ਯੂਕਰੇਨ ਜੰਗ ਕਾਰਨ ਅਮਰੀਕਾ ਨੇ ਰੂਸੀ ਤੇਲ 'ਤੇ ਪਾਬੰਦੀ ਲਗਾ ਦਿੱਤੀ ਸੀ। ਹੁਣ ਰੂਸ ਤੇਲ 'ਤੇ ਕੋਈ ਛੋਟ ਨਹੀਂ ਦੇ ਰਿਹਾ ਤੇ 100 ਡਾਲਰ ਪ੍ਰਤੀ ਬੈਰਲ ਦੇ ਆਮ ਭਾਅ 'ਤੇ ਤੇਲ ਵੇਚ ਰਿਹਾ ਹੈ।

**ਰੂਸ ਦੀ ਕਮਾਈ ਵਧਣ ਦੇ ਮੁੱਖ ਕਾਰਨ :** ਹੋਰਮੁਜ਼ ਸਟ੍ਰੇਟ ਦਾ ਬੰਦ ਹੋਣਾ: ਈਰਾਨ ਜੰਗ ਕਾਰਨ ਹੋਰਮੁਜ਼ ਸਟ੍ਰੇਟ ਲਗਭਗ ਬੰਦ ਹੈ, ਜਿਸ ਕਾਰਨ ਖਾੜੀ ਦੇਸ਼ਾਂ ਤੋਂ ਤੇਲ ਦੀ ਸਪਲਾਈ ਠੱਪ ਹੋ ਗਈ ਹੈ। ਇਸ ਕਾਰਨ ਦੁਨੀਆ ਭਰ ਦੇ ਦੇਸ਼ ਰੂਸ ਤੋਂ ਤੇਲ ਖਰੀਦਣ ਲਈ ਮਜਬੂਰ ਹਨ।

**ਭਾਰਤ ਤੇ ਚੀਨ ਦੀ ਭੂਮਿਕਾ:** ਭਾਰਤ ਤੇ ਚੀਨ ਨੇ ਰੂਸ ਤੋਂ ਤੇਲ ਦੀ ਖਰੀਦ ਕਾਫੀ ਵਧਾ ਦਿੱਤੀ ਹੈ। ਅੰਕੜਿਆਂ ਅਨੁਸਾਰ, ਭਾਰਤ ਨੇ ਫਰਵਰੀ, 2026 ਦੇ ਮੁਕਾਬਲੇ ਮਾਰਚ, 2026 ਵਿੱਚ ਰੂਸ ਤੋਂ 72 ਫੀਸਦੀ ਜ਼ਿਆਦਾ ਤੇਲ ਖਰੀਦਣ ਦਾ ਫੈਸਲਾ ਕੀਤਾ ਹੈ।

**ਈਰਾਨ ਦੀ ਮਦਦ ਕਰ ਰਿਹਾ ਹੈ ਰੂਸ? :** ਇਹ ਵੀ ਖਬਰਾਂ ਸਾਹਮਣੇ ਆ ਰਹੀਆਂ ਹਨ ਕਿ ਰੂਸ ਇਸ ਜੰਗ ਵਿੱਚ ਈਰਾਨ ਦੀ ਮਦਦ ਕਰ ਰਿਹਾ ਹੈ। ਸੂਤਰਾਂ ਮੁਤਾਬਕ ਰੂਸ ਈਰਾਨ ਨੂੰ ਡਰੋਨ, ਹਥਿਆਰ ਅਤੇ ਖਾਣ-ਪੀਣ ਦਾ ਸਾਮਾਨ ਭੇਜ ਰਿਹਾ ਹੈ। ਇੰਨਾ ਹੀ ਨਹੀਂ, ਪੱਛਮੀ ਖੁਫੀਆ ਏਜੰਸੀਆਂ ਦਾ ਦਾਅਵਾ ਹੈ ਕਿ ਰੂਸ ਆਪਣੇ ਸੈਟੇਲਾਈਟ ਰਾਹੀਂ ਇਜ਼ਰਾਈਲ ਅਤੇ ਅਮਰੀਕੀ ਟਿਕਾਣਿਆਂ ਦੀ ਜਾਣਕਾਰੀ ਵੀ ਈਰਾਨ ਨਾਲ ਸਾਂਝੀ ਕਰ ਰਿਹਾ ਹੈ, ਜਿਸ ਦੇ ਆਧਾਰ 'ਤੇ ਈਰਾਨ ਮਿਜ਼ਾਈਲ ਹਮਲੇ ਕਰਦਾ ਹੈ। ਹਾਲਾਂਕਿ, ਰੂਸ ਨੇ ਇਨ੍ਹਾਂ ਦੋਸ਼ਾਂ ਨੂੰ ਸਿਰੇ ਤੋਂ ਨਕਾਰਦਿਆਂ ਕਿਹਾ ਹੈ ਕਿ ਉਸ ਨੇ ਸਿਰਫ ਜ਼ਰੂਰੀ ਦਵਾਈਆਂ ਹੀ ਈਰਾਨ ਭੇਜੀਆਂ ਹਨ।

## ਗੁਰਬਾਣੀ ਨੂੰ ਘਰ-ਘਰ ਪਹੁੰਚਾਉਣ ਲਈ ਸਾਡੀ ਸਰਕਾਰ ਨੇ ਵੱਡੇ ਪੱਧਰ 'ਤੇ ਕੰਮ ਕੀਤਾ: ਨਾਇਬ ਸਿੰਘ ਸੈਣੀ

ਲੁਧਿਆਣਾ, 26 ਮਾਰਚ (ਚ.ਨ.ਸ.): ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਅੱਜ ਗੁਰਦੁਆਰਾ ਸ੍ਰੀ ਨਾਨਕਸਰ ਸਾਹਿਬ ਵਿਖੇ ਨਤਮਸਤਕ ਹੋਏ। ਇੱਥੇ ਆਪਣੇ ਸੰਬੋਧਨ ਦੌਰਾਨ ਉਨ੍ਹਾਂ ਨੇ ਕਿਹਾ ਕਿ ਇਹ ਬਹੁਤ ਹੀ ਪਵਿੱਤਰ ਧਰਤੀ ਹੈ, ਜਿੱਥੇ ਆਉਣ ਦਾ ਅੱਜ ਉਨ੍ਹਾਂ ਨੂੰ ਮੌਕਾ ਮਿਲਿਆ ਹੈ। ਇੱਥੇ ਕਦਮ ਰੱਖਦਿਆਂ ਨੂੰ ਮਨ ਨੂੰ ਇਕ ਵੱਖਰੇ ਤਰੀਕੇ ਦੀ ਸ਼ਾਂਤੀ ਮਿਲਦੀ ਹੈ। ਉਨ੍ਹਾਂ ਕਿਹਾ ਕਿ ਪੂਰਾ ਪੰਜਾਬ ਹੀ ਗੁਰੂਆਂ-ਪੀਰਾਂ ਦੀ ਪਵਿੱਤਰ ਧਰਤੀ ਸੀ ਪਰ ਹਰਿਆਣਾ ਅਤੇ ਪੰਜਾਬ ਇਕ-ਦੂਜੇ ਤੋਂ ਵੱਖ ਹੋ ਗਏ, ਫਿਰ ਵੀ ਅਸੀਂ ਭਰਾ ਹਾਂ ਅਤੇ ਇੱਕੋ ਪਰਿਵਾਰ ਦੇ ਮੈਂਬਰ ਹਾਂ। ਸਾਡੇ ਗੁਰੂਆਂ ਦੀ ਬਾਣੀ ਇਕ ਹੈ, ਜੋ ਸਾਡਾ ਮਾਰਗ ਦਰਸ਼ਨ ਕਰ ਰਹੀ ਹੈ। ਮੁੱਖ ਮੰਤਰੀ ਸੈਣੀ ਨੇ ਕਿਹਾ ਕਿ ਗੁਰੂਆਂ ਦੀ ਬਾਣੀ ਨੂੰ ਘਰ-ਘਰ ਪਹੁੰਚਾਉਣ ਲਈ ਸਾਡੀ ਸਰਕਾਰ ਨੇ ਵੱਡੇ ਪੱਧਰ 'ਤੇ ਕੰਮ ਕੀਤਾ ਹੈ ਅਤੇ ਵੱਡੇ-ਵੱਡੇ ਸੈਮੀਨਾਰ ਕੀਤੇ ਹਨ। ਉਨ੍ਹਾਂ ਕਿਹਾ ਕਿ ਕੁਰੂਕਸ਼ੇਤਰ 'ਚ ਬੀਤੀ 25 ਨਵੰਬਰ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ 'ਚ ਸੂਬਾ ਪੱਧਰੀ ਸਮਾਗਮ ਸਾਡੀ ਸਰਕਾਰ ਨੇ ਕਰਵਾਇਆ ਹੈ, ਜਿਸ 'ਚ ਪ੍ਰਧਾਨ ਮੰਤਰੀ ਮੋਦੀ ਵੀ ਮੌਜੂਦ ਰਹੇ ਸਨ। ਗੁਰੂ ਸਾਹਿਬ ਦੀਆਂ ਸਿੱਖਿਆਵਾਂ ਨੂੰ ਲੋਕਾਂ ਤੱਕ ਪਹੁੰਚਾਉਣ ਲਈ ਸਾਡੀ ਸਰਕਾਰ ਕੰਮ ਕਰ ਰਹੀ ਹੈ। ਨਾਇਬ ਸਿੰਘ ਸੈਣੀ ਨੇ ਕਿਹਾ ਕਿ ਅੱਜ ਦੀ ਭੱਜ-ਦੌੜ ਦੀ ਜ਼ਿੰਦਗੀ 'ਚ ਜਿੱਥੇ ਇਨਸਾਨ ਸ਼ਾਂਤੀ ਦੀ ਭਾਲ 'ਚ ਭਟਕ ਰਿਹਾ ਹੈ, ਗੁਰਦੁਆਰਾ ਨਾਨਕਸਰ ਸਾਹਿਬ ਉਹ ਪਵਿੱਤਰ ਧਰਤੀ ਹੈ, ਜਿੱਥੇ ਸ਼ੀਤਲ ਛਾਂ ਮਹਿਸੂਸ ਹੁੰਦੀ ਹੈ।



## ਫ਼ੌਜ ਵੱਲੋਂ ਮਿਲਕਫੈੱਡ ਦੇ ਸੁੱਕੇ ਦੁੱਧ ਦੀ ਖੇਪ ਰੱਦ

ਚੰਡੀਗੜ੍ਹ, 26 ਮਾਰਚ (ਚ.ਨ.ਸ.): ਭਾਰਤੀ ਫ਼ੌਜ ਨੇ ਮਿਲਕਫੈੱਡ ਵੱਲੋਂ ਸਪਲਾਈ ਸੁੱਕੇ ਦੁੱਧ (ਦੁੱਧ ਦੇ ਪਾਊਡਰ) ਦੀ ਪੂਰੀ ਖੇਪ ਨੂੰ ਰੱਦ ਕਰ ਦਿੱਤਾ ਗਿਆ ਹੈ। ਹਾਲਾਂਕਿ ਸਹਿਕਾਰੀ ਖੇਤਰ ਦੇ ਅਦਾਰੇ ਮਿਲਕਫੈੱਡ ਦੇ ਦੁੱਧ ਉਤਪਾਦ ਗੁਣਵੱਤਾ ਦੇ ਪੱਖ ਤੋਂ ਡੇਅਰੀ ਮਾਰਕੀਟ 'ਚ ਚੰਗੀ ਛਵੀ ਰੱਖਦੇ ਹਨ। ਜੰਮੂ ਸਥਿਤ ਆਰਮੀ ਸਰਵਿਸ ਕਾਰਪਸ ਦੇ ਆਫ਼ੀਸਰ ਕਮਾਂਡਿੰਗ ਨੇ ਜ਼ਿਲ੍ਹਾ ਸਹਿਕਾਰੀ ਦੁੱਧ ਉਤਪਾਦਕ ਯੂਨੀਅਨ ਲੁਧਿਆਣਾ ਨੂੰ ਪੱਤਰ ਭੇਜ ਕੇ ਇਸ ਬਾਰੇ ਜਾਣੂ ਕਰਾਇਆ ਹੈ। ਭਾਰਤੀ ਫ਼ੌਜ ਨੇ ਪੱਤਰ ਲਿਖ ਕੇ ਕਿਹਾ ਹੈ ਕਿ ਲੁਧਿਆਣਾ ਪਲਾਂਟ ਵੱਲੋਂ ਜੋ ਕਰੀਬ 125 ਮੀਟਰਿਕ ਟਨ ਸੁੱਕਾ ਦੁੱਧ ਪਾਊਡਰ ਸਪਲਾਈ ਕੀਤਾ ਗਿਆ ਸੀ, ਉਸ ਨੂੰ ਰੱਦ ਕੀਤਾ ਜਾਂਦਾ ਹੈ। ਮਿਲਕਫੈੱਡ ਦੇ ਅਧਿਕਾਰਤ ਸੂਤਰਾਂ ਨੇ ਦੱਸਿਆ ਕਿ ਲੁਧਿਆਣਾ ਪਲਾਂਟ ਦੇ ਦੁੱਧ ਪਾਊਡਰ ਦੇ ਦੋ ਬੈਚ 58.338 ਮੀਟਰਿਕ ਟਨ ਅਤੇ 66.654 ਮੀਟਰਿਕ ਟਨ ਨੂੰ ਗੁਣਵੱਤਾ ਦੇ ਨਜ਼ਰੀਏ ਤੋਂ ਰੱਦ ਕਰ ਦਿੱਤਾ ਗਿਆ ਹੈ। ਭਾਰਤੀ ਫ਼ੌਜ ਤਰਫ਼ੋਂ ਗੁਣਵੱਤਾ ਲਈ ਦੁੱਧ ਪਾਊਡਰ ਦੇ ਨਮੂਨਿਆਂ ਦੀ ਜਾਂਚ ਕੀਤੀ ਗਈ ਸੀ। ਮਿਲਕਫੈੱਡ ਦੇ ਪੰਜਾਬ ਵਿਚਲੇ ਅਲੱਗ-ਅਲੱਗ ਪਲਾਂਟਾਂ ਤੋਂ ਭਾਰਤੀ ਫ਼ੌਜ ਨੂੰ ਦੁੱਧ ਅਤੇ ਦੁੱਧ ਤੋਂ ਬਣੇ ਉਤਪਾਦ ਸਪਲਾਈ ਹੁੰਦੇ ਹਨ। ਦੁੱਧ ਦਾ ਪਾਊਡਰ ਸਭ ਤੋਂ ਵੱਧ ਲੁਧਿਆਣਾ ਪਲਾਂਟ ਤੋਂ ਹੀ ਸਪਲਾਈ ਹੁੰਦਾ ਹੈ। ਬਠਿੰਡਾ ਪਲਾਂਟ ਤੋਂ ਫ਼ੌਜੀ ਛਾਉਣੀ ਨੂੰ ਦੁੱਧ ਦਹੀ ਤੇ ਮੱਖਣ ਆਦਿ ਦੀ ਸਪਲਾਈ ਹੁੰਦੀ ਹੈ। ਅੰਮ੍ਰਿਤਸਰ ਪਲਾਂਟ ਤੋਂ ਘਿਓ ਆਦਿ ਦੀ ਸਪਲਾਈ ਹੁੰਦੀ ਹੈ। ਆਫ਼ੀਸਰ ਕਮਾਂਡਿੰਗ ਨੇ ਰੱਦ ਕੀਤੀ ਸਪਲਾਈ ਬਾਰੇ ਲਿਖਤੀ ਸੂਚਨਾ ਕੇਂਦਰੀ ਰੱਖਿਆ ਮੰਤਰਾਲੇ ਦੇ ਖ਼ਰੀਦ ਅਤੇ ਖ਼ੁਰਾਕ ਨਿਰੀਖਣ ਸੰਗਠਨ ਨੂੰ ਵੀ ਭੇਜੀ ਹੈ। ਮਿਲਕਫੈੱਡ ਦੇ ਮੈਨੇਜਿੰਗ ਡਾਇਰੈਕਟਰ ਰਾਹੁਲ ਗੁਪਤਾ ਦਾ ਕਹਿਣਾ ਸੀ ਕਿ ਮਿਲਕਫੈੱਡ ਦੇਸ਼ ਭਰ ਚੋਂ ਚੰਗੇ ਅਦਾਰਿਆਂ ਚੋਂ ਹੈ ਅਤੇ ਅਦਾਰੇ ਵੱਲੋਂ ਦੁੱਧ ਉਤਪਾਦਾਂ ਦੀ ਗੁਣਵੱਤਾ ਨੂੰ ਤਰਜੀਹ ਦਿੱਤੀ ਜਾਂਦੀ ਹੈ। ਉਨ੍ਹਾਂ ਕਿਹਾ ਕਿ ਭਾਰਤੀ ਫ਼ੌਜ ਵੱਲੋਂ ਦੁੱਧ ਦੇ ਪਾਊਡਰ ਨੂੰ ਕਿਉਂ ਰੱਦ ਕੀਤਾ ਗਿਆ ਹੈ, ਉਸ ਬਾਰੇ ਪਤਾ ਲਗਾਉਣ ਲਈ ਇੱਕ ਤੱਥ ਖੋਜ ਕਮੇਟੀ ਦਾ ਗਠਨ ਕਰ ਰਹੇ ਹਾਂ।

## ਸੰਤ ਸੀਚੇਵਾਲ ਨੇ ਬੈਂਕ ਖਾਤਿਆਂ 'ਤੇ ਘੱਟੋ-ਘੱਟ ਬਕਾਇਆ ਨਾ ਰਹਿਣ 'ਤੇ ਲੱਗਣ ਵਾਲੇ ਜੁਰਮਾਨਿਆਂ ਦਾ ਮਾਮਲਾ ਚੁੱਕਿਆ



ਨਵੀਂ ਦਿੱਲੀ/ਚੰਡੀਗੜ੍ਹ, 26 ਮਾਰਚ (ਅੰਮ੍ਰਿਤਪਾਲ ਸਿੰਘ): ਰਾਜ ਸਭਾ ਮੈਂਬਰ ਸੰਤ ਬਲਬੀਰ ਸਿੰਘ ਸੀਚੇਵਾਲ ਨੇ ਬਜਟ ਸੈਸ਼ਨ ਦੌਰਾਨ ਬੈਂਕਾਂ ਵਿੱਚ ਘੱਟੋ-ਘੱਟ ਬਕਾਇਆ (ਮਾਸਿਕ ਔਸਤ ਬਕਾਇਆ) ਨਾ ਰੱਖਣ ਵਾਲੇ ਖਾਤਾ ਧਾਰਕਾਂ 'ਤੇ ਲੱਗਣ ਵਾਲੇ ਜੁਰਮਾਨਿਆਂ ਦਾ ਮਸਲਾ ਗੰਭੀਰਤਾ ਨਾਲ ਉਠਾਇਆ। ਉਨ੍ਹਾਂ ਨੇ ਦੱਸਿਆ ਕਿ ਵਿੱਤ ਮੰਤਰਾਲੇ ਵੱਲੋਂ ਲੋਕ ਸਭਾ ਵਿੱਚ ਸਾਂਝੀ ਕੀਤੀ ਜਾਣਕਾਰੀ ਅਨੁਸਾਰ ਪਿਛਲੇ ਤਿੰਨ ਸਾਲਾਂ ਵਿੱਚ ਬੈਂਕਾਂ ਨੇ ਘੱਟੋ-ਘੱਟ ਬਕਾਇਆ ਨਿਯਮ ਤਹਿਤ ਲਗਭਗ 19 ਹਜ਼ਾਰ ਕਰੋੜ ਰੁਪਏ ਜੁਰਮਾਨੇ ਵਜੋਂ ਵਸੂਲ ਕੀਤੇ ਹਨ। ਸੰਤ ਸੀਚੇਵਾਲ ਨੇ ਲਿਖਤੀ ਸਵਾਲ ਰਾਹੀਂ ਕੇਂਦਰੀ ਵਿੱਤ ਮੰਤਰੀ ਨੂੰ ਪੁੱਛਿਆ ਕਿ ਕੀ ਸਰਕਾਰ ਪੇਂਡੂ ਅਤੇ ਆਰਥਿਕ ਤੌਰ 'ਤੇ ਕਮਜ਼ੋਰ ਵਰਗਾਂ-ਖ਼ਾਸ ਕਰਕੇ ਕਿਸਾਨਾਂ ਤੇ ਮਜ਼ਦੂਰਾਂ ਨੂੰ ਇਸ ਤਰ੍ਹਾਂ ਦੇ ਜੁਰਮਾਨਿਆਂ ਤੋਂ ਰਾਹਤ ਦੇਣ ਬਾਰੇ ਵਿਚਾਰ ਕਰ ਰਹੀ ਹੈ।

ਇਸ ਸਵਾਲ ਦਾ ਲਿਖਤੀ ਜਵਾਬ ਦਿੰਦਿਆਂ ਕੇਂਦਰੀ ਵਿੱਤ ਰਾਜ ਮੰਤਰੀ ਪੰਕਜ ਚੌਧਰੀ ਨੇ ਦੱਸਿਆ ਕਿ ਜਨਤਕ ਖੇਤਰ ਦੀਆਂ 12 ਬੈਂਕਾਂ ਵਿੱਚੋਂ 10 ਬੈਂਕਾਂ ਨੇ ਘੱਟੋ-ਘੱਟ ਬਕਾਇਆ ਨਾ ਰੱਖਣ 'ਤੇ ਜੁਰਮਾਨਾ ਲਗਾਉਣਾ ਬੰਦ ਕਰ ਦਿੱਤਾ ਹੈ, ਜਦਕਿ ਬਾਕੀ ਦੋ ਬੈਂਕਾਂ ਨੇ ਆਪਣੇ ਨਿਯਮਾਂ ਨੂੰ ਵਾਜਬ ਤੇ ਤਰਕਸੰਗਤ ਬਣਾਇਆ ਹੈ। ਉਨ੍ਹਾਂ ਨੇ ਇਹ ਵੀ ਦੱਸਿਆ ਕਿ ਜਿਹੜੇ ਖਾਤਾ ਧਾਰਕ ਜੁਰਮਾਨਿਆਂ ਤੋਂ ਬਚਣਾ ਚਾਹੁੰਦੇ ਹਨ, ਉਹ ਆਪਣਾ ਮੌਜੂਦਾ ਬਚਤ ਖਾਤਾ "ਬੇਸਿਕ ਸੇਵਿੰਗ ਬੈਂਕ ਡਿਪਾਜਿਟ ਅਕਾਊਂਟ" ਵਿੱਚ ਤਬਦੀਲ ਕਰ ਸਕਦੇ ਹਨ। ਇਸ ਕਿਸਮ ਦੇ ਖਾਤਿਆਂ ਵਿੱਚ ਨਾ ਤਾਂ ਘੱਟੋ-ਘੱਟ ਬਕਾਇਆ ਰੱਖਣ ਦੀ ਲੋੜ ਹੁੰਦੀ ਹੈ ਅਤੇ ਨਾ ਹੀ ਕੋਈ ਜੁਰਮਾਨਾ ਲੱਗਦਾ ਹੈ। ਨਾਲ ਹੀ, ਜਮ੍ਹਾਂ-ਨਿਕਾਸੀ ਅਤੇ ਏਟੀਐਮ ਵਰਗੀਆਂ ਬੁਨਿਆਦੀ ਸੇਵਾਵਾਂ ਮੁਫ਼ਤ ਦਿੱਤੀਆਂ ਜਾਂਦੀਆਂ ਹਨ। ਰਾਜ ਸਭਾ ਮੈਂਬਰ ਸੰਤ ਸੀਚੇਵਾਲ ਨੇ ਗੱਲਬਾਤ ਦੌਰਾਨ ਦੱਸਿਆ ਕਿ ਜਿਹੜਾ ਵਿਅਕਤੀ ਘੱਟੋ-ਘੱਟ ਬਕਾਇਆ ਵੀ ਨਹੀਂ ਰੱਖ ਸਕਦਾ, ਉਸ ਦੀ ਆਰਥਿਕ ਮਜ਼ਬੂਰੀ ਆਪ ਹੀ ਦਰਸਾਉਂਦੀ ਹੈ ਕਿ ਉਸ ਨੂੰ ਸਹਾਇਤਾ ਦੀ ਲੋੜ ਹੈ। ਪਰ ਇਸਦੇ ਉਲਟ ਬੈਂਕ ਅਜਿਹੇ ਲੋਕਾਂ 'ਤੇ ਹੀ ਜੁਰਮਾਨੇ ਲਗਾ ਕੇ ਉਨ੍ਹਾਂ ਦੀ ਹਾਲਤ ਹੋਰ ਵੀ ਖ਼ਰਾਬ ਕਰ ਰਹੇ ਹਨ।

ਸੰਤ ਸੀਚੇਵਾਲ ਨੇ ਤਿੱਖੀ ਟਿੱਪਣੀ ਕਰਦਿਆਂ ਕਿਹਾ ਕਿ ਜਿੱਥੇ ਵੱਡੀਆਂ ਕਾਰਪੋਰੇਟ ਕੰਪਨੀਆਂ ਦੇ ਲੱਖਾਂ ਕਰੋੜਾਂ ਦੇ ਕਰਜ਼ੇ ਮੁਆਫ਼ ਕਰ ਦਿੱਤੇ ਜਾਂਦੇ ਹਨ, ਉੱਥੇ ਹੀ ਗਰੀਬ ਲੋਕਾਂ ਦੇ ਖਾਤਿਆਂ ਵਿੱਚ ਘੱਟ ਰਕਮ ਹੋਣ ਕਾਰਨ ਉਨ੍ਹਾਂ 'ਤੇ ਜੁਰਮਾਨੇ ਲਗਾਏ ਜਾਂਦੇ ਹਨ। ਉਨ੍ਹਾਂ ਮੁਤਾਬਕ ਇਹ ਹਾਲਾਤ ਗਰੀਬਾਂ ਨਾਲ ਨਾਇੰਸਾਫ਼ੀ ਨੂੰ ਦਰਸਾਉਂਦੇ ਹਨ, ਜਿੱਥੇ ਉਨ੍ਹਾਂ ਦੀ ਮਿਹਨਤ ਦੀ ਕਮਾਈ ਜੁਰਮਾਨਿਆਂ ਦੇ ਰੂਪ ਵਿੱਚ ਕੱਟੀ ਜਾਂਦੀ ਹੈ।

## ਮਹਿਲਾਵਾਂ ਦੀ ਸਿਹਤ ਸੁਰੱਖਿਆ ਦੇ ਮੱਦੇਨਜ਼ਰ ਸੂਬਾ ਸਰਕਾਰ ਨੇ 28 ਕਰੋੜ ਦੇ ਮੁਫ਼ਤ ਸੈਨਟਰੀ ਪੈਡ ਵੰਡੇ : ਡਾ. ਬਲਜੀਤ ਕੌਰ



ਚੰਡੀਗੜ੍ਹ, 26 ਮਾਰਚ (ਚ.ਨ.ਸ.): ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਦੂਰਦਰਸ਼ੀ ਅਗਵਾਈ ਹੇਠ ਪੰਜਾਬ ਸਰਕਾਰ ਵੱਲੋਂ ਮਹਿਲਾਵਾਂ ਦੀ ਸਿਹਤ, ਸਵੱਛਤਾ ਤੇ ਸਨਮਾਨ ਨੂੰ ਮਜ਼ਬੂਤ ਕਰਨ ਲਈ ਲਗਾਤਾਰ ਲੋਕ-ਕੇਂਦਰਿਤ ਕਦਮ ਚੁੱਕੇ ਜਾ ਰਹੇ ਹਨ। ਇਹ ਜਾਣਕਾਰੀ ਸਮਾਜਿਕ ਸੁਰੱਖਿਆ, ਇਸਤਰੀ ਅਤੇ ਬਾਲ ਵਿਕਾਸ ਮੰਤਰੀ ਡਾ. ਬਲਜੀਤ ਕੌਰ ਨੇ ਦਿੰਦਿਆਂ ਦੱਸਿਆ ਕਿ ਗਰੀਬ ਤੇ ਲੋੜਵੰਦ ਮਹਿਲਾਵਾਂ ਨੂੰ ਮੁਫ਼ਤ ਸੈਨਟਰੀ ਪੈਡ ਮੁਹੱਈਆ ਕਰਵਾ ਕੇ ਉਨ੍ਹਾਂ ਦੀ ਰੋਜ਼ਾਨਾ ਜ਼ਿੰਦਗੀ ਨੂੰ ਹੋਰ ਸੁਰੱਖਿਅਤ, ਸਿਹਤਮੰਦ ਤੇ ਸਨਮਾਨਤ ਬਣਾਇਆ ਜਾ ਰਿਹਾ ਹੈ। ਡਾ. ਬਲਜੀਤ ਕੌਰ ਨੇ ਦੱਸਿਆ ਕਿ ਚਾਲੂ ਸਾਲ ਦੌਰਾਨ ਪੰਜਾਬ ਸਰਕਾਰ ਵੱਲੋਂ ਲਗਭਗ ₹28 ਕਰੋੜ ਦੀ ਲਾਗਤ ਨਾਲ 7.37 ਕਰੋੜ ਤੋਂ ਵੱਧ ਸੈਨਟਰੀ ਪੈਡ ਮੁਫ਼ਤ ਵੰਡੇ ਗਏ ਹਨ।

ਉਨ੍ਹਾਂ ਹੋਰ ਦੱਸਿਆ ਕਿ ਇਸ ਯੋਜਨਾ ਤਹਿਤ ਸੂਬੇ ਦੀਆਂ 13.65 ਲੱਖ ਤੋਂ ਵੱਧ ਮਹਿਲਾਵਾਂ ਨੂੰ ਸਿੱਧਾ ਲਾਭ ਮਿਲਿਆ ਹੈ। ਉਨ੍ਹਾਂ ਕਿਹਾ ਕਿ ਪਿੰਡਾਂ ਅਤੇ ਪਿੱਛੜੇ ਵਰਗਾਂ ਦੀਆਂ ਮਹਿਲਾਵਾਂ ਨੂੰ ਨਾ ਸਿਰਫ਼ ਆਰਥਿਕ ਰਾਹਤ ਮਿਲੀ ਹੈ, ਸਗੋਂ ਉਹ ਆਪਣੀ ਸਿਹਤ ਅਤੇ ਸਵੱਛਤਾ ਪ੍ਰਤੀ ਹੋਰ ਜਾਗਰੂਕ ਹੋਈਆਂ ਹਨ, ਜਿਸ ਨਾਲ ਉਹ ਹੋਰ ਸਿਹਤਮੰਦ ਅਤੇ ਸਨਮਾਨਤ ਜੀਵਨ ਬਤੀਤ ਕਰ ਰਹੀਆਂ ਹਨ। ਡਾ. ਬਲਜੀਤ ਕੌਰ ਨੇ ਅੱਗੇ ਦੱਸਿਆ ਕਿ "ਨਵੀਂ ਦਿਸ਼ਾ" ਸਕੀਮ ਤਹਿਤ ਸੂਬੇ ਦੇ 27,314 ਆਂਗਨਵਾੜੀ ਸੈਂਟਰਾਂ ਰਾਹੀਂ ਹਰ ਮਹੀਨੇ ਲੋੜਵੰਦ ਮਹਿਲਾਵਾਂ ਨੂੰ 9 ਸੈਨਟਰੀ ਪੈਡ ਮੁਫ਼ਤ ਪ੍ਰਦਾਨ ਕੀਤੇ ਜਾ ਰਹੇ ਹਨ। ਇਸ ਨਾਲ ਇਹ ਯਕੀਨੀ ਬਣਾਇਆ ਜਾ ਰਿਹਾ ਹੈ ਕਿ ਮਹਿਲਾਵਾਂ ਨੂੰ ਇਹ ਜ਼ਰੂਰੀ ਸਹੂਲਤ ਨਿਯਮਿਤ ਤੇ ਆਸਾਨੀ ਨਾਲ ਮਿਲਦੀ ਰਹੇ। ਉਨ੍ਹਾਂ ਭਵਿੱਖੀ ਯੋਜਨਾਵਾਂ ਬਾਰੇ ਦੱਸਦਿਆਂ ਮੰਤਰੀ ਨੇ ਕਿਹਾ ਕਿ ਚਾਲੂ ਵਿੱਤੀ ਸਾਲ ਦੌਰਾਨ ₹14.60 ਕਰੋੜ ਦੀ ਲਾਗਤ ਨਾਲ 3.68 ਕਰੋੜ ਤੋਂ ਵੱਧ ਸੈਨਟਰੀ ਪੈਡ ਵੰਡਣ ਦਾ ਟੀਚਾ ਰੱਖਿਆ ਗਿਆ ਹੈ, ਜਿਸ ਨਾਲ ਹੋਰ ਵੱਡੀ ਗਿਣਤੀ ਵਿੱਚ ਮਹਿਲਾਵਾਂ ਨੂੰ ਇਸ ਯੋਜਨਾ ਨਾਲ ਜੋੜਿਆ ਜਾਵੇਗਾ। ਡਾ. ਬਲਜੀਤ ਕੌਰ ਨੇ ਕਿਹਾ, "ਮਾਨ ਸਰਕਾਰ ਦਾ ਮੁੱਖ ਉਦੇਸ਼ ਹੈ ਕਿ ਹਰ ਮਹਿਲਾ ਨੂੰ ਸਿਹਤਮੰਦ, ਸੁਰੱਖਿਅਤ ਤੇ ਸਨਮਾਨਤ ਜੀਵਨ ਲਈ ਜ਼ਰੂਰੀ ਸਹੂਲਤਾਂ ਮੁਹੱਈਆ ਕਰਵਾਈਆਂ ਜਾਣ ਅਤੇ ਕੋਈ ਵੀ ਮਹਿਲਾ ਬੁਨਿਆਦੀ ਸਿਹਤ ਸਹੂਲਤਾਂ ਤੋਂ ਵਾਂਝੀ ਨਾ ਰਹੇ।" ਉਨ੍ਹਾਂ ਦ੍ਰਿੜਤਾ ਨਾਲ ਕਿਹਾ ਕਿ ਪੰਜਾਬ ਸਰਕਾਰ ਮਹਿਲਾਵਾਂ ਦੀ ਭਲਾਈ ਲਈ ਇਸ ਤਰ੍ਹਾਂ ਦੀਆਂ ਮਹਿਲਾ-ਕੇਂਦਰਿਤ ਤੇ ਲੋਕ-ਹਿਤੈਸ਼ੀ ਯੋਜਨਾਵਾਂ ਨੂੰ ਲਗਾਤਾਰ ਜਾਰੀ ਰੱਖੇਗੀ, ਤਾਂ ਜੋ ਸੂਬੇ ਵਿੱਚ ਮਹਿਲਾਵਾਂ ਨੂੰ ਸਿਹਤਮੰਦ, ਸੁਰੱਖਿਅਤ ਅਤੇ ਸਨਮਾਨਤ ਜੀਵਨ ਮੁਹੱਈਆ ਕਰਵਾਇਆ ਜਾ ਸਕੇ।

## ਅੰਤਰ-ਰਾਜੀ ਗ਼ੈਰ-ਕਾਨੂੰਨੀ ਹਥਿਆਰ ਸਪਲਾਈ ਮਾਡਿਊਲ ਨਾਲ ਜੁੜੇ ਦੋ ਵਿਅਕਤੀ 10 ਪਿਸਤੌਲ ਸਮੇਤ ਕਾਬੂ




ਚੰਡੀਗੜ੍ਹ/ਜਲੰਧਰ, 26 ਮਾਰਚ (ਚ.ਨ.ਸ.): ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਪੰਜਾਬ ਨੂੰ ਸੁਰੱਖਿਅਤ ਸੂਬਾ ਬਣਾਉਣ ਲਈ ਚੱਲ ਰਹੀ ਮੁਹਿੰਮ ਵਿੱਚ ਵੱਡੀ ਸਫ਼ਲਤਾ ਪ੍ਰਾਪਤ ਕਰਦਿਆਂ ਕਾਊਂਟਰ ਇੰਟੈਲੀਜੈਂਸ (ਸੀ.ਆਈ.) ਜਲੰਧਰ ਨੇ ਉੱਤਰ ਪ੍ਰਦੇਸ਼ ਦੇ ਦੋ ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕਰਕੇ ਅੰਤਰਰਾਜੀ ਗੈਰ-ਕਾਨੂੰਨੀ ਹਥਿਆਰਾਂ ਦੀ ਸਪਲਾਈ ਕਰਨ ਵਾਲੇ ਮਾਡਿਊਲ ਦਾ ਪਰਦਾਫਾਸ਼ ਕੀਤਾ ਹੈ ਅਤੇ ਉਨ੍ਹਾਂ ਕੋਲੋਂ 7.65 ਐਮਐਮ 10 ਦੇਸੀ ਪਿਸਤੌਲ ਅਤੇ 20 ਮੈਗਜ਼ੀਨ ਬਰਾਮਦ ਕੀਤੇ ਹਨ। ਇਹ ਜਾਣਕਾਰੀ ਡਾਇਰੈਕਟਰ ਜਨਰਲ ਆਫ਼ ਪੁਲਿਸ (ਡੀਜੀਪੀ) ਪੰਜਾਬ ਗੌਰਵ ਯਾਦਵ ਨੇ ਅੱਜ ਦਿੱਤੀ। ਗ੍ਰਿਫ਼ਤਾਰ ਕੀਤੇ ਗਏ ਵਿਅਕਤੀਆਂ ਦੀ ਪਛਾਣ ਦਲੇਸ਼ ਕੁਮਾਰ ਉਰਫ ਸੌਰਵ ਕੁਮਾਰ ਉਰਫ ਨੰਨੂ ਵਾਸੀ ਪਿੰਡ ਪਾਂਦਾਪੁਰ, ਅਲੀਗੜ੍ਹ, ਯੂ.ਪੀ. ਅਤੇ ਅਮਿਤ ਚਾਹਰ ਵਾਸੀ ਪਿੰਡ ਬਸੇਰੀ ਚਾਹਰ ਆਗਰਾ, ਯੂ.ਪੀ. ਵਜੋਂ ਹੋਈ ਹੈ।

ਇਹ ਘਟਨਾ ਬੀਕੇਆਈ ਦੇ ਦੋ ਕਾਰਕੁੰਨਾਂ ਸੁਖਵਿੰਦਰ ਉਰਫ਼ ਸੰਨੀ ਅਤੇ ਰਾਵਲ ਨੂੰ ਉਨ੍ਹਾਂ ਦੇ ਵਿਦੇਸ਼ੀ ਹੈਂਡਲਰ ਜੱਸੀ ਕੂਲਮ ਦੇ ਨਿਰਦੇਸ਼ਾਂ 'ਤੇ ਬਲਾਚੌਰ ਨੇੜੇ ਤਿੰਨ ਗ੍ਰਨੇਡ ਅਤੇ ਇੱਕ ਆਈਈਡੀ ਖਰੀਦਣ ਅਤੇ ਆਪਣੇ ਕੋਲ ਰੱਖਣ ਦੇ ਦੋਸ਼ ਹੇਠ ਗ੍ਰਿਫ਼ਤਾਰ ਕੀਤੇ ਜਾਣ ਦੇ ਲਗਭਗ ਇੱਕ ਮਹੀਨੇ ਬਾਅਦ ਸਾਹਮਣੇ ਆਈ। ਇਸੇ ਆਈਈਡੀ ਨੂੰ ਬਾਅਦ ਵਿੱਚ ਪੀਐਸ ਨਾਲਾਗੜ੍ਹ, ਹਿਮਾਚਲ ਪ੍ਰਦੇਸ਼ ਵਿਖੇ ਹੋਏ ਧਮਾਕੇ ਵਿੱਚ ਵਰਤਿਆ ਗਿਆ ਸੀ। ਡੀਜੀਪੀ ਗੌਰਵ ਯਾਦਵ ਨੇ ਦੱਸਿਆ ਕਿ ਲਗਾਤਾਰ ਜਾਂਚ ਦੌਰਾਨ ਦੋਵਾਂ ਮੁਲਜ਼ਮਾਂ ਨੂੰ ਮਥੁਰਾ ਤੋਂ ਗ੍ਰਿਫ਼ਤਾਰ ਕੀਤਾ ਗਿਆ ਅਤੇ ਮੁਲਜ਼ਮ ਦਲੇਸ਼ ਕੁਮਾਰ ਉਰਫ਼ ਨੰਨੂ ਦੀ ਗ੍ਰੈਂਡ ਵਿਟਾਰਾ ਕਾਰ ਵਿੱਚੋਂ ਪੰਜ ਪਿਸਤੌਲਾਂ ਅਤੇ 10 ਮੈਗਜ਼ੀਨਾਂ ਬਰਾਮਦ ਕੀਤੀਆਂ ਗਈਆਂ। ਉਸ ਦੇ ਬਿਆਨ 'ਤੇ ਕਾਰਵਾਈ ਕਰਦਿਆਂ ਮਥੁਰਾ-ਪਲਵਲ ਹਾਈਵੇ ਤੋਂ ਪੰਜ ਹੋਰ ਪਿਸਤੌਲ ਤੇ 10 ਮੈਗਜ਼ੀਨ ਬਰਾਮਦ ਕੀਤੇ ਗਏ ਹਨ ਅਤੇ ਇਸ ਤਰ੍ਹਾਂ ਕੁੱਲ 10 ਪਿਸਤੌਲ ਤੇ 20 ਮੈਗਜ਼ੀਨਾਂ ਬਰਾਮਦ ਕੀਤੀਆਂ ਗਈਆਂ।

ਡੀਜੀਪੀ ਨੇ ਕਿਹਾ ਕਿ ਇਨ੍ਹਾਂ ਦੋਵੇਂ ਯੂਪੀ-ਅਧਾਰਤ ਮੁਲਜ਼ਮਾਂ ਦੀ ਗ੍ਰਿਫ਼ਤਾਰੀ ਤੋਂ ਪਤਾ ਲੱਗਾ ਹੈ ਕਿ ਉਹ ਜਰਮਨੀ ਅਤੇ ਅਮਰੀਕਾ ਤੋਂ ਸਰਗਰਮ ਵਿਦੇਸ਼ੀ ਮੂਲ ਦੇ ਅਪਰਾਧੀਆਂ ਦੇ ਇਸ਼ਾਰੇ 'ਤੇ ਕੰਮ ਕਰ ਰਹੇ ਸਨ, ਜੋ ਪੰਜਾਬ ਵਿੱਚ ਅਪਰਾਧਿਕ ਗਰੋਹਾਂ ਨੂੰ ਹਥਿਆਰ ਸਪਲਾਈ ਕਰਦੇ ਸਨ। ਉਨ੍ਹਾਂ ਅੱਗੇ ਦੱਸਿਆ ਕਿ ਇਹ ਦੋਵੇਂ ਮੁਲਜ਼ਮ ਹਥਿਆਰਾਂ ਦੀ ਖਰੀਦ ਅਤੇ ਵਿਦੇਸ਼ ਅਧਾਰਤ ਹੈਂਡਲਰਾਂ ਦੇ ਨਿਰਦੇਸ਼ 'ਤੇ ਗੜ੍ਹਸ਼ੰਕਰ ਵਿਖੇ ਇੱਕ ਟਰੈਵਲ ਏਜੰਟ ਦੀ ਰਿਹਾਇਸ਼ 'ਤੇ ਫਿਰੌਤੀ ਲਈ ਗੋਲੀਬਾਰੀ ਕਰਨ ਵਿੱਚ ਵੀ ਸ਼ਾਮਲ ਸਨ। ਇਸ ਸਬੰਧੀ ਕੇਸ ਥਾਣਾ ਐਸ.ਐਸ.ਓ.ਸੀ. ਅੰਮ੍ਰਿਤਸਰ ਵਿਖੇ ਭਾਰਤੀ ਨਿਆਂ ਸੰਹਿਤਾ (ਬੀਐਨਐਸ) ਅਤੇ ਅਸਲਾ ਐਕਟ ਦੀਆਂ ਸਬੰਧਤ ਧਾਰਾਵਾਂ ਤਹਿਤ ਐਫਆਈਆਰ ਨੰਬਰ 11 ਮਿਤੀ 23-02-2026 ਨੂੰ ਦਰਜ ਕੀਤਾ ਗਿਆ ਸੀ।

## ਮੁੱਖ ਮੰਤਰੀ ਸਿਹਤ ਯੋਜਨਾ ਤਹਿਤ 4 ਲੱਖ ਦਾ ਜੀਵਨ-ਰੱਖਿਅਕ ਆਪ੍ਰੇਸ਼ਨ ਕੈਸ਼ਲੈੱਸ ਹੋਇਆ

### ਜੀਵਨ-ਰੱਖਿਅਕ ਇਲਾਜ ਯਕੀਨੀ ਬਣਾਉਣਾ ਹਰ ਨਾਗਰਿਕ ਦੀ ਸੁਰੱਖਿਆ ਲਈ ਸਾਡੀ ਵਚਨਬੱਧਤਾ ਨੂੰ ਦਰਸਾਉਂਦੈ : ਡਾ. ਬਲਬੀਰ ਸਿੰਘ



ਚੰਡੀਗੜ੍ਹ, 26 ਮਾਰਚ (ਚ.ਨ.ਸ.): ਮੁੱਖ ਮੰਤਰੀ ਸਿਹਤ ਯੋਜਨਾ ਤਹਿਤ ਹੁਣ ਤੱਕ ਦੇ ਸਭ ਤੋਂ ਵੱਡੇ ਕਲੇਮਾਂ ਵਿੱਚੋਂ ਇੱਕ ਵਜੋਂ 4 ਲੱਖ ਰੁਪਏ ਦਾ ਜੀਵਨ-ਰੱਖਿਅਕ ਆਪ੍ਰੇਸ਼ਨ ਕੈਸ਼ਲੈੱਸ (ਨਗਦ ਰਹਿਤ) ਤਰੀਕੇ ਨਾਲ ਕੀਤਾ ਗਿਆ, ਜੋ ਭਗਵੰਤ ਮਾਨ ਸਰਕਾਰ ਦੀ ਸਿਹਤ ਪ੍ਰਣਾਲੀ ਦੇ ਪੱਧਰ ਅਤੇ ਜ਼ਮੀਨੀ ਪ੍ਰਭਾਵ ਨੂੰ ਦਰਸਾਉਂਦਾ ਹੈ। ਲਾਭਪਾਤਰੀ ਸੁਖਪਾਲ ਕੌਰ (37), ਜੋ ਕਿ ਚੰਡੀਗੜ੍ਹ ਦੀ ਰਹਿਣ ਵਾਲੀ ਹੈ, ਨੂੰ "ਐਓਰਟਿਕ ਡਿਸੈਕਸ਼ਨ" ਨਾਮਕ ਗੰਭੀਰ ਦਿਲ ਅਤੇ ਨਾੜੀਆਂ ਦੀ ਬਿਮਾਰੀ ਕਾਰਨ ਪੀ.ਜੀ.ਆਈ.ਐਮ.ਈ.ਆਰ. ਚੰਡੀਗੜ੍ਹ ਵਿਖੇ ਦਾਖ਼ਲ ਕਰਵਾਇਆ ਗਿਆ ਸੀ, ਜਿਸ ਲਈ ਤੁਰੰਤ ਸਰਜਰੀ ਦੀ ਲੋੜ ਸੀ। ਇਸ ਪ੍ਰਕਿਰਿਆ, ਹਸਪਤਾਲ ਵਿੱਚ ਦਾਖ਼ਲੇ ਅਤੇ ਵਿਸ਼ੇਸ਼ ਦੇਖਭਾਲ ਦਾ ਅੰਦਾਜ਼ਨ ਖਰਚਾ ਲਗਭਗ 4 ਲੱਖ ਰੁਪਏ ਸੀ, ਜੋ ਕਿ ਪਰਿਵਾਰ ਲਈ ਇੰਨੇ ਘੱਟ ਸਮੇਂ ਵਿੱਚ ਜੁਟਾਉਣਾ ਬਹੁਤ ਮੁਸ਼ਕਲ ਸੀ।

ਹਸਪਤਾਲ ਵਿੱਚ ਸਿਹਤ ਕਾਰਡ ਦੀ ਤਸਦੀਕ ਹੋਣ ਦੇ ਨਾਲ ਹੀ, ਇਲਾਜ ਬਿਨਾਂ ਕਿਸੇ ਦੇਰੀ ਦੇ ਸ਼ੁਰੂ ਹੋ ਗਿਆ। ਇਸ ਸਕੀਮ ਤਹਿਤ ਪ੍ਰਤੀ ਪਰਿਵਾਰ ਰੁਪਏ 10 ਲੱਖ ਤੱਕ ਦੇ ਬੀਮਾ ਕਵਰ ਅਧੀਨ ਸਾਰੀ ਪ੍ਰਕਿਰਿਆ ਕੈਸ਼ਲੈੱਸ ਮੁਕੰਮਲ ਕੀਤੀ ਗਈ। ਪਰਿਵਾਰ ਦੇ ਇੱਕ ਮੈਂਬਰ ਨੇ ਦੱਸਿਆ, "ਸਭ ਕੁਝ ਬਹੁਤ ਤੇਜ਼ੀ ਨਾਲ ਹੋਇਆ। ਸਾਨੂੰ ਦੱਸਿਆ ਗਿਆ ਸੀ ਕਿ ਸਥਿਤੀ ਗੰਭੀਰ ਹੈ ਅਤੇ ਤੁਰੰਤ ਸਰਜਰੀ ਦੀ ਲੋੜ ਹੈ। ਇੰਨੀ ਵੱਡੀ ਰਕਮ ਦਾ ਤੁਰੰਤ ਪ੍ਰਬੰਧ ਕਰਨਾ ਸੰਭਵ ਨਹੀਂ ਸੀ। ਸਿਹਤ ਕਾਰਡ ਨੇ ਇਹ ਯਕੀਨੀ ਬਣਾਇਆ ਕਿ ਇਲਾਜ ਵਿੱਚ ਕੋਈ ਦੇਰੀ ਨਾ ਹੋਵੇ।"

ਇਸ ਕੇਸ ਦੇ ਡਾਕਟਰੀ ਪਹਿਲੂ 'ਤੇ ਚਾਨਣਾ ਪਾਉਂਦੇ ਹੋਏ ਪੀ.ਜੀ.ਆਈ. ਚੰਡੀਗੜ੍ਹ ਦੇ ਡਾ. ਸਚਿਨ ਮਹਾਜਨ ਨੇ ਕਿਹਾ, "ਐਓਰਟਿਕ ਡਿਸੈਕਸ਼ਨ ਇੱਕ ਨਾਜ਼ੁਕ ਸਥਿਤੀ ਹੈ ਜਿਸ ਵਿੱਚ ਤੁਰੰਤ ਸਰਜਰੀ ਦੀ ਲੋੜ ਹੁੰਦੀ ਹੈ। ਅਜਿਹੇ ਮਾਮਲਿਆਂ ਵਿੱਚ ਮਾਮੂਲੀ ਦੇਰੀ ਵੀ ਖਤਰਾ ਵਧਾ ਸਕਦੀ ਹੈ। ਮੁੱਖ ਮੰਤਰੀ ਸਿਹਤ ਯੋਜਨਾ ਤਹਿਤ ਸਿਹਤ ਕਾਰਡ ਦੀ ਵੈਰੀਫਿਕੇਸ਼ਨ ਤੋਂ ਬਾਅਦ, ਅਸੀਂ ਵਿੱਤੀ ਮਨਜ਼ੂਰੀਆਂ ਦੀ ਉਡੀਕ ਕੀਤੇ ਬਿਨਾਂ ਅੱਗੇ ਵਧਣ ਦੇ ਯੋਗ ਹੋਏ। ਇਹ ਦਿਲ ਦੇ ਉੱਚ-ਜੋਖਮ ਵਾਲੇ ਮਾਮਲਿਆਂ ਵਿੱਚ ਸਮੇਂ ਸਿਰ ਅਤੇ ਨਿਰਵਿਘਨ ਇਲਾਜ ਯਕੀਨੀ ਬਣਾਉਂਦਾ ਹੈ।"

ਸਰਕਾਰ ਦੀ ਪਹੁੰਚ ਨੂੰ ਦੁਹਰਾਉਂਦੇ ਹੋਏ ਪੰਜਾਬ ਦੇ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਡਾ. ਬਲਬੀਰ ਸਿੰਘ ਨੇ ਕਿਹਾ, "ਸੁਖਪਾਲ ਕੌਰ ਵਰਗੇ ਨਾਜ਼ੁਕ ਮੋੜ 'ਤੇ ਇੱਕ ਕੀਮਤੀ ਜਾਨ ਬਚਾਉਣ ਦੇ ਯੋਗ ਹੋਣਾ ਬੇਹੱਦ ਸੰਤੁਸ਼ਟੀ ਦਿੰਦਾ ਹੈ। ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਹੇਠ, ਮੁੱਖ ਮੰਤਰੀ ਸਿਹਤ ਯੋਜਨਾ ਜ਼ਮੀਨੀ ਪੱਧਰ 'ਤੇ ਅਸਲ ਪ੍ਰਭਾਵ ਪਾ ਰਹੀ ਹੈ, ਜਿੱਥੇ ਪਰਿਵਾਰ ਫੰਡਾਂ ਦੇ ਪ੍ਰਬੰਧ ਦੀ ਚਿੰਤਾ ਕੀਤੇ ਬਿਨਾਂ ਤੁਰੰਤ ਇਲਾਜ ਕਰਵਾਉਣ ਦੇ ਸਮਰੱਥ ਹਨ।"

ਲੱਖਾਂ ਪਰਿਵਾਰਾਂ ਦੇ ਕਵਰ ਹੋਣ ਅਤੇ ਰਾਜ ਭਰ ਵਿੱਚ ਮਹਿੰਗੇ ਇਲਾਜ ਮੁਹੱਈਆ ਕਰਵਾਏ ਜਾਣ ਨਾਲ, ਇਹ ਸਕੀਮ ਪੰਜਾਬ ਵਿੱਚ ਸਿਹਤ ਸੇਵਾਵਾਂ ਦੀ ਪਹੁੰਚ ਨੂੰ ਮਜ਼ਬੂਤ ਕਰ ਰਹੀ ਹੈ। ਪੰਜਾਬ ਸਰਕਾਰ ਵੱਲੋਂ ਲਗਾਤਾਰ ਵਸਨੀਕਾਂ ਨੂੰ ਅਪੀਲ ਕੀਤੀ ਜਾ ਰਹੀ ਹੈ ਕਿ ਉਹ ਮੁੱਖ ਮੰਤਰੀ ਸਿਹਤ ਯੋਜਨਾ ਤਹਿਤ ਕੈਸ਼ਲੈੱਸ ਇਲਾਜ ਦੇ ਲਾਭ ਲੈਣ ਲਈ ਨਿਰਧਾਰਤ ਕੇਂਦਰਾਂ 'ਤੇ ਆਪਣਾ ਸਿਹਤ ਕਾਰਡ ਬਣਵਾਉਣ।

## ਆਈ.ਪੀ.ਐਲ. ਮੈਚ ਦੌਰਾਨ ਕ੍ਰਿਕਟ ਪ੍ਰੇਮੀਆਂ ਨੂੰ ਬਿਹਤਰ ਅਨੁਭਵ ਪ੍ਰਦਾਨ ਕਰਨ ਲਈ ਪੁਖਤਾ ਪ੍ਰਬੰਧ ਬੇਹੱਦ ਜ਼ਰੂਰੀ : ਮੀਤ ਹੇਅਰ

### ਮੀਤ ਹੇਅਰ ਤੇ ਦੀਪਕ ਬਾਲੀ ਨੇ ਪੰਜਾਬ ਕਿੰਗਜ਼-ਗੁਜਰਾਤ ਟਾਈਟਨਜ਼ ਦਰਮਿਆਨ ਹੋਣ ਵਾਲੇ ਆਈ.ਪੀ.ਐਲ. ਮੈਚ ਸਬੰਧੀ ਪ੍ਰਬੰਧਾਂ ਦਾ ਲਿਆ ਜਾਇਜ਼ਾ



ਚੰਡੀਗੜ੍ਹ, 26 ਮਾਰਚ (ਹਰਦੀਪ ਕੌਰ): ਇੰਡੀਅਨ ਪ੍ਰੀਮੀਅਰ ਲੀਗ (ਆਈਪੀਐਲ) - 2026 ਦੇ ਹਿੱਸੇ ਵਜੋਂ 31 ਮਾਰਚ ਨੂੰ ਪੰਜਾਬ ਕਿੰਗਜ਼ ਅਤੇ ਗੁਜਰਾਤ ਟਾਈਟਨਜ਼ ਦਰਮਿਆਨ ਹੋਣ ਵਾਲੇ ਮੈਚ ਦੇ ਮੱਦੇਨਜ਼ਰ ਪੁਖਤਾ ਪ੍ਰਬੰਧਾਂ ਨੂੰ ਯਕੀਨੀ ਬਣਾਉਣ ਦੇ ਉਦੇਸ਼ ਨਾਲ, ਪੀਸੀਏ ਦੇ ਨਵੇਂ ਚੁਣੇ ਗਏ ਸਕੱਤਰ ਤੇ ਲੋਕ ਸਭਾ ਮੈਂਬਰ ਗੁਰਮੀਤ ਸਿੰਘ ਮੀਤ ਹੇਅਰ ਤੇ ਪੀਸੀਏ ਦੇ ਉਪ ਪ੍ਰਧਾਨ ਦੀਪਕ ਬਾਲੀ ਨੇ ਅੱਜ ਵਿਖੇ ਕ੍ਰਿਕਟ ਸਟੇਡੀਅਮ, ਮੁੱਲਾਂਪੁਰ, ਨਿਊ ਚੰਡੀਗੜ੍ਹ ਦਾ ਦੌਰਾ ਕੀਤਾ। ਡਿਪਟੀ ਕਮਿਸ਼ਨਰ, ਮੋਹਾਲੀ ਕੋਮਲ ਮਿੱਤਲ ਅਤੇ ਐਸ ਐਸ ਪੀ ਹਰਮਨਦੀਪ ਸਿੰਘ ਹਾਂਸ ਨੇ ਪਤਵੰਤਿਆਂ ਸਮੇਤ ਸਟੇਡੀਅਮ ਦੇ ਨਾਲ-ਨਾਲ ਬੈਠਣ ਵਾਲੇ ਵੱਖ-ਵੱਖ ਬਲਾਕਾਂ, ਸਟੇਡੀਅਮ ਤੱਕ ਪਹੁੰਚਣ ਵਾਲੇ ਰਸਤੇ, ਪਾਰਕਿੰਗ ਸਹੂਲਤਾਂ, ਸੁਰੱਖਿਆ ਉਪਾਵਾਂ ਦਾ ਜਾਇਜ਼ਾ ਲਿਆ ਤੇ ਭੀੜ ਦੇ ਸੁਚਾਰੂ ਪ੍ਰਬੰਧਨ ਦੇ ਮਹੱਤਵਪੂਰਨ ਮੁੱਦੇ 'ਤੇ ਵਿਸਥਾਰ ਨਾਲ ਵਿਚਾਰ-ਵਟਾਂਦਰਾ ਕੀਤਾ ਤਾਂ ਜੋ ਲੋਕਾਂ ਨੂੰ ਕ੍ਰਿਕਟ ਦਾ ਨਿਰਵਿਘਨ ਤੇ ਬਿਹਤਰ ਅਨੁਭਵ ਪ੍ਰਦਾਨ ਕੀਤਾ ਜਾ ਸਕੇ।

ਹਰ ਪਹਿਲੂ ਸਬੰਧੀ ਪੁਖਤਾ ਪ੍ਰਬੰਧਾਂ ਨੂੰ ਯਕੀਨੀ ਬਣਾਉਣ 'ਤੇ ਜ਼ੋਰ ਦਿੰਦਿਆਂ ਮੀਤ ਹੇਅਰ ਨੇ ਦੱਸਿਆ ਕਿ ਸੁਚਾਰੂ ਢੰਗ ਨਾਲ ਮੈਚ ਕਰਵਾਉਣਾ ਬੇਹੱਦ ਜ਼ਰੂਰੀ ਹੈ ਕਿਉਂਕਿ ਇਸ ਨਾਲ ਮਹੱਤਵਪੂਰਨ ਮੈਚਾਂ ਦੇ ਮੇਜ਼ਬਾਨ ਵਜੋਂ ਪੰਜਾਬ ਨਾਂ ਉਭਰ ਕੇ ਸਾਹਮਣੇ ਆਏਗਾ ਜਿਸ ਨਾਲ ਭਵਿੱਖ 'ਚ ਵੀ ਸੂਬੇ ਵਿੱਚ ਵੱਕਾਰੀ ਟੂਰਨਾਮੈਂਟ ਕਰਵਾਏ ਜਾ ਸਕਦੇ ਹਨ। ਉਨ੍ਹਾਂ ਨੇ ਇਸ ਸਾਲ ਦੇ ਅੰਤ ਵਿੱਚ ਏਸ਼ੀਅਨ ਚੈਂਪੀਅਨਜ਼ ਟਰਾਫੀ, ਹਾਕੀ ਟੂਰਨਾਮੈਂਟ ਦੇ ਮੇਜ਼ਬਾਨ ਵਜੋਂ ਪੰਜਾਬ ਨੂੰ ਚੁਣੇ ਜਾਣ ਦਾ ਵੀ ਜ਼ਿਕਰ ਕੀਤਾ। ਸਿਵਲ ਅਤੇ ਪੁਲਿਸ ਪ੍ਰਸ਼ਾਸਨ ਦਰਮਿਆ ਮੁਕੰਮਲ ਤਾਲਮੇਲ ਦੀ ਵਕਾਲਤ ਕਰਦਿਆਂ ਪੀਸੀਏ ਦੇ ਉਪ ਪ੍ਰਧਾਨ ਦੀਪਕ ਬਾਲੀ ਨੇ ਕਿਹਾ ਕਿ 31 ਮਾਰਚ ਨੂੰ ਹੋਣ ਵਾਲੇ ਮੈਚ ਤੋਂ ਇਲਾਵਾ, ਸਟੇਡੀਅਮ ਵਿੱਚ 3 ਹੋਰ ਮੈਚ ਕਰਵਾਏ ਜਾਣਗੇ ਜੋ ਕਿ ਪੰਜਾਬ ਸਰਕਾਰ ਲਈ ਬਹੁਤ ਮਾਣ ਵਾਲੀ ਗੱਲ ਹੈ। ਦੀਪਕ ਬਾਲੀ ਨੇ ਅੱਗੇ ਕਿਹਾ ਕਿ ਸਮੇਂ ਦੇ ਨਾਲ ਇਹ ਸਟੇਡੀਅਮ ਵਿਸ਼ਵ ਦੇ ਨਕਸ਼ੇ 'ਤੇ ਵੱਕਾਰੀ ਟੂਰਨਾਮੈਂਟਾਂ ਦੇ ਕੇਂਦਰ ਵਜੋਂ ਉੱਭਰ ਰਿਹਾ ਹੈ।

## ਕੈਬਨਿਟ ਮੰਤਰੀ ਡਾ. ਬਲਜੀਤ ਕੌਰ ਨੇ ਪੰਜਾਬ ਸਰਕਾਰ ਵੱਲੋਂ ਚਾਰ ਸਾਲਾਂ ਦੌਰਾਨ ਕੀਤੇ ਲੋਕ-ਭਲਾਈ ਕੰਮਾਂ ਦੀ ਕੀਤੀ ਸ਼ਲਾਘਾ




ਮਲੋਟ/ਸ੍ਰੀ ਮੁਕਤਸਰ ਸਾਹਿਬ, 26 ਮਾਰਚ (ਐਚ.ਐਸ. ਕਪੂਰ): ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਵੱਲੋਂ ਪਿਛਲੇ ਚਾਰ ਸਾਲਾਂ ਦੌਰਾਨ ਕੀਤੇ ਗਏ ਲੋਕ-ਭਲਾਈ ਦੇ ਕੰਮ ਸ਼ਲਾਘਾਯੋਗ ਹਨ। ਇਸ ਗੱਲ ਦਾ ਪ੍ਰਗਟਾਵਾ ਕੈਬਿਨੇਟ ਮੰਤਰੀ ਡਾ. ਬਲਜੀਤ ਕੌਰ ਨੇ ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਕੀਤਾ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਨਾ ਸਿਰਫ਼ ਚੋਣਾਂ ਦੌਰਾਨ ਕੀਤੀਆਂ ਗਰੰਟੀਆਂ ਨੂੰ ਪੂਰਾ ਕੀਤਾ ਗਿਆ ਹੈ, ਸਗੋਂ ਕਈ ਅਜਿਹੇ ਇਤਿਹਾਸਕ ਫੈਸਲੇ ਵੀ ਲਏ ਗਏ ਹਨ ਜੋ ਪਹਿਲਾਂ ਕਦੇ ਨਹੀਂ ਹੋਏ। ਸੜਕ ਸੁਰੱਖਿਆ ਫੋਰਸ ਦੀ ਸਥਾਪਨਾ ਅਤੇ ਨਹਿਰੀ ਪਾਣੀ ਨੂੰ ਟੇਲਾਂ ਤੱਕ ਪਹੁੰਚਾਉਣਾ ਵੱਡੀ ਉਪਲਬਧੀ ਹੈ, ਜਿਸ ਨਾਲ ਕਿਸਾਨ ਭਾਈਚਾਰੇ ਨੂੰ ਵੱਡਾ ਲਾਭ ਮਿਲਿਆ ਹੈ। ਉਨ੍ਹਾਂ ਦੱਸਿਆ ਕਿ ਨਹਿਰੀ ਪਾਣੀ ਨੂੰ ਪੰਜਾਬ ਦੇ ਕੋਨੇ-ਕੋਨੇ ਤੱਕ ਪਹੁੰਚਾਉਣ ਲਈ ਸਰਕਾਰ ਨੇ ਜ਼ੋਰਦਾਰ ਯਤਨ ਕੀਤੇ ਹਨ। ਇਸ ਦੇ ਨਾਲ ਹੀ ਦਿਨ ਦੇ ਸਮੇਂ ਬਿਜਲੀ ਮੁਹੱਈਆ ਕਰਵਾਉਣ ਦਾ ਇਤਿਹਾਸਕ ਫੈਸਲਾ ਕਿਸਾਨਾਂ ਲਈ ਵੱਡੀ ਰਾਹਤ ਬਣਿਆ ਹੈ। ਡਾ. ਬਲਜੀਤ ਕੌਰ ਨੇ ਆਪਣੇ ਵਿਭਾਗ ਦੀਆਂ ਉਪਲਬਧੀਆਂ ਬਾਰੇ ਦੱਸਦੇ ਹੋਏ ਕਿਹਾ ਕਿ ਐਸ.ਸੀ. ਸਕਾਲਰਸ਼ਿਪ ਯੋਜਨਾ, ਜੋ ਪਹਿਲਾਂ ਵਿਵਾਦਾਂ ਵਿੱਚ ਰਹਿੰਦੀ ਸੀ, ਹੁਣ ਪਾਰਦਰਸ਼ੀ ਢੰਗ ਨਾਲ ਚੱਲ ਰਹੀ ਹੈ। ਪਿਛਲੇ ਚਾਰ ਸਾਲਾਂ ਵਿੱਚ 10 ਲੱਖ ਤੋਂ ਵੱਧ ਵਿਦਿਆਰਥੀਆਂ ਨੂੰ ਸਕਾਲਰਸ਼ਿਪ ਦਿੱਤੀ ਗਈ ਹੈ ਅਤੇ 2017 ਤੋਂ 2020 ਤੱਕ ਦੇ ਬਕਾਇਆ ਭੁਗਤਾਨ ਵੀ ਨਿਪਟਾਏ ਗਏ ਹਨ। ਇਸ ਕਾਰਗੁਜ਼ਾਰੀ ਨਾਲ ਪੰਜਾਬ ਦੇਸ਼ ਵਿੱਚ ਦੂਜੇ ਸਥਾਨ 'ਤੇ ਪਹੁੰਚ ਗਿਆ ਹੈ। ਉਨ੍ਹਾਂ ਇਹ ਵੀ ਕਿਹਾ ਕਿ ਪਿਛਲੇ 20 ਸਾਲਾਂ ਤੋਂ ਐਸ.ਸੀ. ਭਾਈਚਾਰੇ ਦੇ ਲੰਬਿਤ ਕਰਜ਼ੇ, ਜੋ ਉਨ੍ਹਾਂ ਲਈ ਬੋਝ ਬਣ ਚੁੱਕੇ ਸਨ, ਵਿੱਚੋਂ 60 ਕਰੋੜ ਰੁਪਏ ਤੋਂ ਵੱਧ ਦੇ ਲੋਨ ਮਾਫ ਕੀਤੇ ਗਏ ਹਨ। ਗਰੰਟੀਆਂ ਦੇ ਸੰਦਰਭ ਵਿੱਚ ਉਨ੍ਹਾਂ ਦੱਸਿਆ ਕਿ 600 ਯੂਨਿਟ ਮੁਫ਼ਤ ਬਿਜਲੀ ਦੀ ਗਰੰਟੀ ਸਭ ਤੋਂ ਪਹਿਲਾਂ ਪੂਰੀ ਕੀਤੀ ਗਈ, ਜਿਸ ਨਾਲ 90% ਤੋਂ ਵੱਧ ਪਰਿਵਾਰਾਂ ਨੂੰ ਵੱਡਾ ਆਰਥਿਕ ਲਾਭ ਹੋਇਆ ਹੈ। ਇਸ ਤੋਂ ਇਲਾਵਾ ਨਸ਼ਿਆਂ ਦੇ ਖ਼ਿਲਾਫ਼ ਮੁਹਿੰਮ ਤਹਿਤ ਨੌਜਵਾਨਾਂ ਨੂੰ ਖੇਡਾਂ ਵੱਲ ਪ੍ਰੇਰਿਤ ਕੀਤਾ ਜਾ ਰਿਹਾ ਹੈ ਤੇ ਹਲਕਾ ਮਲੋਟ ਵਿੱਚ 30 ਤੋਂ ਵੱਧ ਖੇਡ ਮੈਦਾਨ ਤਿਆਰ ਕੀਤੇ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਇਨਵੈਸਟਮੈਂਟ ਨੂੰ ਵਧਾਉਣ ਲਈ ਸਰਕਾਰ ਵੱਲੋਂ ਜਪਾਨ ਅਤੇ ਕੋਰੀਆ ਦੇ ਨਿਵੇਸ਼ਕਾਂ ਨਾਲ ਸੰਪਰਕ ਕੀਤਾ ਗਿਆ ਹੈ, ਜਿਨ੍ਹਾਂ ਵੱਲੋਂ ਪੰਜਾਬ ਵਿੱਚ ਨਿਵੇਸ਼ ਦੀ ਸ਼ੁਰੂਆਤ ਵੀ ਕੀਤੀ ਗਈ ਹੈ। ਡਾ. ਬਲਜੀਤ ਕੌਰ ਨੇ ਕਿਹਾ ਕਿ ਉਨ੍ਹਾਂ ਕਿਹਾ ਕਿ ਮਹਿਲਾਵਾਂ ਦੀ ਆਰਥਿਕ ਮਜ਼ਬੂਤੀ ਲਈ ਜਰਨਲ ਵਰਗ ਦੀਆਂ ਔਰਤਾਂ ਨੂੰ 1000 ਰੁਪਏ ਤੇ ਐਸ.ਸੀ ਵਰਗ ਦੀਆਂ ਔਰਤਾਂ ਲਈ 1500 ਦੀ ਸਹੂਲਤ ਪ੍ਰਦਾਨ ਕੀਤੀ ਗਈ ਹੈ। ਉਨ੍ਹਾਂ ਦੱਸਿਆ ਕਿ ਸਰਕਾਰੀ ਸਕੂਲਾਂ ਨੂੰ ਆਧੁਨਿਕ ਸਹੂਲਤਾਂ ਨਾਲ ਅਪਗਰੇਡ ਕੀਤਾ ਗਿਆ ਹੈ, ਇਸੇ ਤਰ੍ਹਾਂ ਸਰਕਾਰੀ ਹਸਪਤਾਲਾਂ ਵਿੱਚ ਵੱਡੇ ਇਲਾਜ ਮੁਫ਼ਤ ਕੀਤੇ ਗਏ ਹਨ ਤੇ ਹਰ ਪਰਿਵਾਰ ਨੂੰ 10 ਲੱਖ ਰੁਪਏ ਤੱਕ ਦੀ ਸਿਹਤ ਸੁਰੱਖਿਆ ਮੁਹੱਈਆ ਕਰਵਾਈ ਗਈ ਹੈ। ਅੰਤ ਵਿੱਚ ਉਨ੍ਹਾਂ ਕਿਹਾ ਕਿ ਸਰਕਾਰ ਵੱਲੋਂ ਕੀਤੀਆਂ ਜਾ ਰਹੀਆਂ ਰੈਲੀਆਂ ਦਾ ਮਕਸਦ ਪ੍ਰਚਾਰ ਨਹੀਂ, ਸਗੋਂ ਲੋਕਾਂ ਨੂੰ ਸਰਕਾਰੀ ਸਕੀਮਾਂ ਬਾਰੇ ਜਾਗਰੂਕ ਕਰਨਾ ਹੈ ਤਾਂ ਜੋ ਹਰ ਯੋਗ ਵਿਅਕਤੀ ਇਸਦਾ ਲਾਭ ਲੈ ਸਕੇ। ਇਸ ਮੌਕੇ ਜੋਨੀ ਗਰਗ, ਸਤਪਾਲ ਗਿਰਧਰ, ਵਿਕਰਾਂਤ ਖੁਰਾਣਾ ਦਫਤਰ ਇੰਚਰਾਜ, ਗੁਰਪ੍ਰੀਤ ਸਿੰਘ ਸਰਾਂ, ਸਰਪੰਚ ਹਰਜਿੰਦਰ ਸਿੰਘ ਕੰਗ, ਦਰਸ਼ਨ ਸਿੰਘ ਕੰਗ, ਭੁਪਿੰਦਰ ਸਿੰਘ ਕੰਗ, ਸਤਨਾਮ ਸਿੰਘ ਸਰਾਂ ਅਤੇ ਸੁਮੀਤ ਸਿੰਘ ਸਰਾਂ ਹਾਜ਼ਰ ਸਨ।

## ਮਾਤਾ ਪ੍ਰੀਤ ਮੋਹਿਨੀ ਕੌਰ ਨੂੰ ਹਜ਼ਾਰਾਂ ਸੰਗਤਾਂ ਵੱਲੋਂ ਨਿੱਘੀ ਸ਼ਰਧਾਂਜਲੀ

- ⇒ ਪ੍ਰਧਾਨ ਮੰਤਰੀ ਨਰਿੰਦਰ ਮੋਤੀ ਸਮੇਤ ਅਨੇਕਾਂ ਸ਼ਖਸੀਅਤਾਂ ਨੇ ਭੇਜੇ ਸ਼ੋਕ ਸੰਦੇਸ਼
- ⇒ ਮੁੱਖ ਮੰਤਰੀ ਰੇਖਾ ਗੁਪਤਾ, ਮਨਜਿੰਦਰ ਸਿਰਸਾ ਤੇ ਮੰਤਰੀਆਂ ਸਮੇਤ ਹਜ਼ਾਰਾਂ ਪ੍ਰਮੁੱਖ ਸ਼ਖਸੀਅਤਾਂ ਨੇ ਅੰਤਿਮ ਅਰਦਾਸ 'ਚ ਹਾਜ਼ਰੀ ਭਰੀ
- ⇒ ਚੜ੍ਹਦੀਕਲਾ ਗਰੁੱਪ ਦੇ ਚੇਅਰਮੈਨ 'ਪਦਮ ਸ਼੍ਰੀ' ਡਾ. ਜਗਜੀਤ ਸਿੰਘ ਦਰਦੀ ਨੇ ਵੀ ਪਰਿਵਾਰ ਨਾਲ ਦੁੱਖ ਵੰਡਾਇਆ



ਨਵੀਂ ਦਿੱਲੀ, 26 ਮਾਰਚ (ਅੰਮ੍ਰਿਤਪਾਲ ਸਿੰਘ): ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਹਰਮੀਤ ਸਿੰਘ ਕਾਲਕਾ ਦੇ ਮਾਤਾ ਜੀ ਮਾਤਾ ਪ੍ਰੀਤਮ ਮੋਹਿਣੀ ਕੌਰ ਨਮਿਤ ਅੰਤਿਮ ਅਰਦਾਸ ਤੇ ਸ਼ਰਧਾਂਜਲੀ ਸਮਾਗਮ ਇਥੇ ਗੁਰਦੁਆਰਾ ਰਕਾਬਗੰਜ ਸਾਹਿਬ ਕੰਪਲੈਕਸ ਵਿਚ ਭਾਈ ਲੱਖੀ ਸ਼ਾਹ ਵਣਜਾਰਾ ਹਾਲ ਵਿਚ ਹੋਇਆ ਜਿਥੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਸਮੇਤ ਅਨੇਕਾਂ ਪ੍ਰਮੁੱਖ ਸ਼ਖਸੀਅਤਾਂ ਨੇ ਸ਼ੋਕ ਸੰਦੇਸ਼ ਭੇਜ ਕੇ ਤੇ ਮੁੱਖ ਮੰਤਰੀ ਰੇਖਾ ਗੁਪਤਾ, ਉਹਨਾਂ ਦੇ ਕੈਬਨਿਟ ਦੇ ਸਾਥੀ ਮਨਜਿੰਦਰ ਸਿੰਘ ਸਿਰਸਾ ਸਮੇਤ ਹੋਰ ਕੈਬਨਿਟ ਮੰਤਰੀਆਂ ਤੇ ਦੇਸ਼ ਵਿਦੇਸ਼ ਤੋਂ ਹਜ਼ਾਰਾਂ ਸ਼ਖਸੀਅਤਾਂ ਨੇ ਪਹੁੰਚ ਕੇ ਵਿਛੜੀ ਰੂਹ ਨੂੰ ਆਪਣੇ ਸ਼ਰਧਾ ਦੇ ਫੁੱਲ ਭੇਟ ਕੀਤੇ। ਇਸ ਮੌਕੇ ਸਮਾਗਮ ਨੂੰ ਸੰਬੋਧਨ ਕਰਦਿਆਂ ਮੁੱਖ ਮੰਤਰੀ ਰੇਖਾ ਗੁਪਤਾ ਨੇ ਕਿਹਾ ਕਿ ਇਹ ਮਾਤਾ ਪ੍ਰੀਤ ਮੋਹਿਣੀ ਕੌਰ ਵੱਲੋਂ ਦਿੱਤੀ ਸਿੱਖਿਆ ਹੀ ਹੈ ਜਿਸ ਦੀ ਬਦੌਲਤ ਅੱਜ ਹਰਮੀਤ ਸਿੰਘ ਕਾਲਕਾ ਤੇ ਸਮੁੱਚੇ ਪਰਿਵਾਰ ਨੇ ਸਮਾਜ ਵਿਚ ਵੱਡਾ ਨਾਮਨਾ ਖੱਟਿਆ ਹੈ। ਉਹਨਾਂ ਕਿਹਾ ਕਿ ਮਾਤਾ ਜੀ ਦੀਆਂ ਸਿੱਖਿਆਵਾਂ ਦੀ ਬਦੌਲਤ ਵਿਚ ਪਰਿਵਾਰ ਵਿਚ ਨਿਮਰਤਾ, ਸਾਦਗੀ ਤੇ ਹਰ ਇਕ ਨਾਲ ਪਿਆਰ ਨਾਲ ਵਰਤਣ ਦੇ ਗੁਣ ਭਰੇ ਗਏ ਹਨ। ਉਹਨਾਂ ਕਿਹਾ ਕਿ ਅਜਿਹੀਆਂ ਮਾਵਾਂ ਵਿਰਲੀਆਂ ਹੀ ਹੁੰਦੀਆਂ ਹਨ ਜੋ ਪਰਮਾਤਮਾ ਨਾਲ ਇੰਨੇ ਨਜ਼ਦੀਕ ਤੋਂ ਜੁੜੀਆਂ ਹੋਣ ਤੇ ਆਪਣੇ ਪਰਿਵਾਰ ਨੂੰ ਉਸ ਰੱਬ ਦੀ ਬੰਦਗੀ ਨਾਲ ਜੋੜ ਕੇ ਰੱਖਣ।

ਇਸ ਮੌਕੇ ਮਨਜਿੰਦਰ ਸਿੰਘ ਸਿਰਸਾ ਨੇ ਕਿਹਾ ਕਿ ਉਹਨਾਂ ਦੇ ਹਰਮੀਤ ਸਿੰਘ ਕਾਲਕਾ ਦੇ ਪਰਿਵਾਰ ਨਾਲ ਨੇੜਲੇ ਸਬੰਧ ਹਨ ਤੇ ਉਹ ਵੱਡਭਾਗੀ ਹਨਕਿ ਮਾਤਾ ਜੀ ਦੇ ਅਕਸਰ ਦਰਸ਼ਨ ਕਰਦੇ ਰਹਿੰਦੇ ਹਨ ਤੇ ਮਾਤਾ ਜੀ ਤੋਂ ਹਮੇਸ਼ਾ ਸਿੱਖਿਆ ਹਾਸਲ ਕਰਦੇ ਸਨ। ਉਹਨਾਂ ਕਿਹਾ ਕਿ ਇਹ ਮਾਤਾ ਜੀ ਦਾ ਹੀ ਪ੍ਰਤਾਪ ਹੈ ਕਿ ਅੱਜ ਹਜ਼ਾਰਾਂ ਦਾ ਇਕੱਠ ਕਾਲਕਾ ਤੇ ਸਮੁੱਚੇ ਪਰਿਵਾਰ ਨਾਲ ਇਕਜੁੱਟਤਾ ਪ੍ਰਗਟ ਕਰਨ ਆਇਆ ਹੈ। ਇਸ ਮੌਕੇ ਡੇਰਾ ਬਿਆਸ ਮੁਖੀ ਬਾਬਾ ਗੁਰਿੰਦਰ ਸਿੰਘ ਢਿੱਲੋਂ ਤੇ ਹੋਰ ਸ਼ਖਸੀਅਤਾ ਨੇ ਵੀ ਮਾਤਾ ਜੀ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ।

ਇਸ ਮੌਕੇ ਚੜ੍ਹਦੀਕਲਾ ਗਰੁੱਪ ਦੇ ਚੇਅਰਮੈਨ 'ਪਦਮ ਸ਼੍ਰੀ' ਡਾ. ਜਗਜੀਤ ਸਿੰਘ ਦਰਦੀ ਅਤੇ ਚੜ੍ਹਦੀਕਲਾ ਟਾਈਮ ਟੀ.ਵੀ. ਦਿੱਲੀ ਦੇ ਡਾਇਰੈਕਟਰ ਡਾ. ਅੰਮ੍ਰਿਤਪਾਲ ਸਿੰਘ ਨੇ ਵੀ ਕਾਲਕਾ ਅਤੇ ਉਨ੍ਹਾਂ ਦੇ ਪਰਿਵਾਰ ਨਾਲ ਦੁੱਖ ਸਾਂਝਾ ਕੀਤਾ।

ਮੰਚ ਸੰਚਾਲਨ ਦਿੱਲੀ ਗੁਰਦੁਆਰਾ ਕਮੇਟੀ ਦੇ ਜਨਰਲ ਸਕੱਤਰ ਜਗਦੀਪ ਸਿੰਘ ਕਾਹਲੋਂ ਨੇ ਕੀਤਾ ਤੇ ਅਰਦਾਸ ਗੁਰਦੁਆਰਾ ਬੰਗਲਾ ਸਾਹਿਬ ਦੇ ਹੈਡ ਗ੍ਰੰਥੀ ਗਿਆਨੀ ਰਣਜੀਤ ਸਿੰਘ ਨੇ ਕੀਤੀ। ਇਸ ਮੌਕੇ ਸੰਤ ਸਮਾਜ ਤੋਂ ਬਾਬਾ ਗੁਰਿੰਦਰ ਸਿੰਘ ਢਿੱਲੋਂ ਬਿਆਸ ਵਾਲੇ, ਹਰਜਿੰਦਰ ਸਿੰਘ ਧਾਮੀ ਪ੍ਰਧਾਨ ਸ਼੍ਰੋਮਣੀ ਕਮੇਟੀ, ਬਾਬਾ ਅਮਰ ਸਿੰਘ ਜੀ ਰਾੜਾ ਸਾਹਿਬ, ਬਾਬਾ ਜੀਤ ਸਿੰਘ ਜੋਹਲਾਂ ਵਾਲੇ, ਬਾਬਾ ਬਚਨ ਸਿੰਘ ਕਾਰ ਸੇਵਾ ਵਾਲੇ ਬੰਗਲਾ ਸਾਹਿਬ, ਬਾਬਾ ਪ੍ਰੀਤਮ ਸਿੰਘ ਆਗਰਾ ਵਾਲਿਆਂ ਵੱਲੋਂ ਬਾਬਾ ਰਾਜਿੰਦਰ ਸਿੰਘ, ਬਾਬਾ ਅਵਤਾਰ ਸਿੰਘ ਦਲ ਬਾਬਾ ਬਿਧੀ ਚੰਦ ਵਾਲਿਆਂ ਵੱਲੋਂ ਬਾਬਾ ਦਿਲਬਾਗ ਸਿੰਘ, ਬਾਬਾ ਬਲਬੀਰ ਸਿੰਘ 96 ਕਰੋੜੀ ਬੁੱਢਾ ਦਲ ਵਾਲੇ, ਬਾਬਾ ਪ੍ਰੀਤਮ ਸਿੰਘ ਨਾਨਕਸਰ ਬਾਜਨਗਰ ਯੂ ਪੀ ਵਾਲੇ, ਬਾਬਾ ਬਲਜੀਤ ਸਿੰਘ ਦਾਦੂਵਾਲੇ ਚੇਅਰਮੈਨ ਧਰਮ ਪ੍ਰਚਾਰ ਕਮੇਟੀ ਹਰਿਆਣਾ ਗੁਰਦੁਆਰਾ ਕਮੇਟੀ, ਪ੍ਰੋ. ਪ੍ਰੇਮ ਸਿੰਘ ਚੰਦੂਮਾਜਰਾ ਸਾਬਕਾ ਐਮ ਪੀ, ਤਰੁਣ ਚੁਘ ਜਨਰਲ ਸਕੱਤਰ ਭਾਜਪਾ, ਤਰਲੋਚਨ ਸਿੰਘ ਸਾਬਕਾ ਐਮ ਪੀ, ਡਾ. ਉਦਿਤ ਰਾਜ ਐਮ ਪੀ ਰਾਜ ਸਭਾ, ਡਾ. ਅਰਵਿੰਦਰ ਸਿੰਘ ਲਵਲੀ ਐਮ ਐਲ ਏ, ਡਾ. ਜਗਜੀਤ ਸਿੰਘ ਦਰਦੀ ਮੈਂਬਰ ਪ੍ਰੈਸ ਕੌਂਸਲ ਆਫ ਇੰਡੀਆ, ਹਰਪਾਲ ਸਿੰਘ ਜੌਹਲ ਪਟਨਾ ਸਾਹਿਬ, ਗੁਰਤੇਜ ਸਿੰਘ ਗੁਰਾਇਆ, ਗੁਰਮੀਤ ਸਿੰਘ ਰਾਮਸਰ ਸੀਨੀਅਰ ਮੀਤ ਪ੍ਰਧਾਨ ਹਰਿਆਣਾ ਕਮੇਟੀ, ਡਾ. ਇੰਮਪ੍ਰੀਤ ਸਿੰਘ ਬਖਸ਼ੀ, ਡਾ. ਦਰਸ਼ਨ ਸਿੰਘ ਨੋਨੀਵਾਲ ਪੰਜਾਬ ਭਾਜਪਾ, ਗੁਰਚਰਨ ਸਿੰਘ ਰਾਜੂ, ਬੰਨੀ ਜੌਲੀ, ਕੁਲਦੀਪ ਸਿੰਘ ਚੌਹਾਨ, ਹਰਜੀਤ ਸਿੰਘ ਬੇਦੀ, ਜੀ ਐਮ ਸਿੱਕਾ, ਡਾ. ਰਾਜਿੰਦਰ ਸਿੰਘ ਰਾਜੂ, ਭਾਈ ਜਗਤਾਰ ਸਿੰਘ ਹਵਾਰਾ ਵੱਲੋਂ ਸ਼ੋਕ ਸੰਦੇਸ਼, ਵਿਜੇ ਸਤਿਬੀਰ ਸਿੰਘ ਪ੍ਰਸ਼ਾਸਕ ਸ੍ਰੀ ਹਜ਼ੂਰ ਸਾਹਿਬ, ਜਥੇ. ਗੁਰਦੀਪ ਸਿੰਘ ਬਠਿੰਡਾ, ਗਜਿੰਦਰ ਸਿੰਘ ਚੱਢਾ ਅਕਾਲ ਅਕੈਡਮੀ ਬੜੂ ਸਾਹਿਬ, ਤਰਵਿੰਦਰ ਸਿੰਘ ਮਰਵਾਹ ਐਮ ਐਲ ਏ, ਪਰਮਿੰਦਰ ਸਿੰਘ ਢੀਂਡਸਾ ਸਾਬਕਾ ਖ਼ਜ਼ਾਨਾ ਮੰਤਰੀ, ਬਾਬਾ ਬੰਦਾ ਸਿੰਘ ਬਹਾਦਰ ਸਿੱਖ ਸੰਪਰਦਾਇ ਵੱਲੋਂ ਤਿਲਕ ਸਿੰਘ ਖੁਰਾਣਾ, ਕੰਵਲਜੀਤ ਸਿੰਘ ਅਜਰਾਣਾ ਹਰਿਆਣਾ ਕਮੇਟੀ, ਸੁਦਰਸ਼ਨ ਸਿੰਘ ਸਹਿਗਲ ਹਰਿਆਣਾ ਕਮੇਟੀ, ਤਰਵਿੰਦਰਪਾਲ ਸਿੰਘ ਹਰਿਆਣਾ ਕਮੇਟੀ, ਭੁਪਿੰਦਰ ਸਿੰਘ, ਰਾਜਿੰਦਰ ਸਿੰਘ ਬਰਾੜਾ ਹਰਿਆਣਾ ਕਮੇਟੀ, ਅਵਤਾਰ ਸਿੰਘ ਸਾਬਕਾ ਐਮ ਐਲ ਏ, ਡਾ. ਜਸਪਾਲ ਸਿੰਘ ਸਾਬਕਾ ਵਾਈਸ ਚਾਂਸਲਰ ਪੰਜਾਬੀ ਯੂਨੀਵਰਸਿਟੀ ਪਟਿਆਲਾ, ਵਿਕਰਮਜੀਤ ਸਿੰਘ ਸਾਹਨੀ ਐਮ ਪੀ ਰਾਜ ਸਭਾ, ਜੋਗਿੰਦਰ ਸਿੰਘ ਪ੍ਰਧਾਨ ਤੇ ਅਮਰਜੀਤ ਸਿੰਘ ਜਨਰਲ ਸਕੱਤਰ ਨਾਨਮਤਾ ਪ੍ਰਬੰਧਕ ਕਮੇਟੀ, ਸ਼ੋਕ ਸੰਦੇਸ਼ ਸਿਮਰਨਜੀਤ ਸਿੰਘ ਮਾਨ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ, ਸੰਤ ਹਰਨਾਮ ਸਿੰਘ ਖਾਲਸਾ ਪ੍ਰਅਚਾਰਿਆ ਧਾਨ ਦਮਦਮੀ ਟਕਸਾਲ ਸ੍ਰੀ ਅੰਮ੍ਰਿਤਸਰ ਸਾਹਿਬ, ਬਾਬਾ ਸੁਖਦੇਵ ਸਿੰਘ, ਬਾਬਾ ਸ਼ਾਹ ਅਵਤਾਰ ਸਿੰਘ ਵੱਲੋਂ ਸ਼ੋਕ ਸੰਦੇਸ਼, ਅਚਾਰਿਆ ਲੋਕ ਮੁਨੀ ਜੈਨ ਸਮਾਜ, ਬਾਬਾ ਅੰਮ੍ਰਿਤਪਾਲ ਸਿੰਘ ਟਿਕਾਣਾ ਸਾਹਿਬ ਪੰਜਾਬੀ ਬਾਗ, ਬਾਬਾ ਕਸ਼ਮੀਰ ਸਿੰਘ ਜੀ ਭੂਰੀ ਵਾਲੇ, ਸੰਤ ਤਿਰਲੋਚਨ ਦਾਸ ਜੀ, ਬਾਬਾ ਦਾਤਾਰ ਸਿੰਘ ਹਰਿਜੀ ਅਤੇ ਡੇਰਾ ਸੰਤ ਸੁਜਾਨ ਸਿੰਘ ਰਾਜੌਰੀ ਗਾਰਡਨ ਸਮੇਤ ਹੋਰ ਸ਼ਖਸੀਅਤਾਂ ਹਾਜ਼ਰ ਸਨ।

## ਸਰਕਾਰ ਦੇ ਸ਼ਾਨਦਾਰ 4 ਸਾਲ 'ਭਗਵੰਤ ਸਿੰਘ ਮਾਨ ਦੇ ਨਾਲ' ਸੰਵਾਦ ਪ੍ਰੋਗਰਾਮ ਕਰਵਾਇਆ




ਸਾਹਿਬਜ਼ਾਦਾ ਅਜੀਤ ਸਿੰਘ ਨਗਰ, 26 ਮਾਰਚ (ਹਰਦੀਪ ਕੌਰ): ਪੰਜਾਬ ਦੇ ਲੋਕ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਆਮ ਆਦਮੀ ਪਾਰਟੀ ਸਰਕਾਰ ਦੇ ਚਾਰ ਸਾਲਾਂ ਦੇ ਕਾਰਜਕਾਲ ਤੋਂ ਬਹੁਤ ਖੁਸ਼ ਤੇ ਸੰਤੁਸ਼ਟ ਹਨ। ਲੋਕਾਂ ਨੇ ਜਿਹੜੀਆਂ ਉਮੀਦਾਂ ਤੇ ਭਰੋਸੇ ਨਾਲ ਆਮ ਆਦਮੀ ਪਾਰਟੀ ਨੂੰ ਸੱਤਾ ਵਿੱਚ ਲਿਆਂਦਾ ਸੀ, ਸਰਕਾਰ ਉਹਨਾਂ ਉਮੀਦਾਂ 'ਤੇ ਪੂਰੀ ਤਰ੍ਹਾਂ ਖਰੀ ਉੱਤਰੀ ਹੈ। ਇਹ ਪ੍ਰਗਟਾਵਾ ਮੋਹਾਲੀ ਤੋਂ ਵਿਧਾਇਕ ਕੁਲਵੰਤ ਸਿੰਘ ਨੇ ਕੀਤਾ। ਉਹ ਫੇਜ਼-1 ਵਿਖੇ ਆਯੋਜਿਤ "ਸਰਕਾਰ ਦੇ ਸ਼ਾਨਦਾਰ 4 ਸਾਲ "ਭਗਵੰਤ ਸਿੰਘ ਮਾਨ ਦੇ ਨਾਲ" ਸੰਵਾਦ ਪ੍ਰੋਗਰਾਮ ਦੌਰਾਨ ਇਲਾਕਾ ਵਾਸੀਆਂ ਨੂੰ ਸੰਬੋਧਨ ਕਰ ਰਹੇ ਸਨ। ਇਸ ਮੌਕੇ 'ਤੇ ਸਰਕਾਰ ਵੱਲੋਂ ਪਿਛਲੇ ਚਾਰ ਸਾਲਾਂ ਦੌਰਾਨ ਕੀਤੇ ਗਏ ਵਿਕਾਸ ਕਾਰਜਾਂ ਤੇ ਲੋਕ ਭਲਾਈ ਯੋਜਨਾਵਾਂ ਬਾਰੇ ਵਿਸਥਾਰ ਨਾਲ ਜਾਣਕਾਰੀ ਸਾਂਝੀ ਕੀਤੀ ਗਈ। ਸਮਾਗਮ ਵਿੱਚ ਹਾਜ਼ਰ ਲੋਕਾਂ ਨੇ ਸਰਕਾਰ ਦੇ ਕੰਮਾਂ ਦੀ ਭਰਪੂਰ ਸ਼ਲਾਘਾ ਕੀਤੀ ਅਤੇ ਧੰਨਵਾਦ ਪ੍ਰਗਟਾਇਆ।

ਵਿਧਾਇਕ ਕੁਲਵੰਤ ਸਿੰਘ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਅਤੇ ਆਮ ਆਦਮੀ ਪਾਰਟੀ ਦੇ ਕਨਵੀਨਰ ਅਰਵਿੰਦ ਕੇਜਰੀਵਾਲ ਵੱਲੋਂ ਕੀਤੇ ਵਾਅਦੇ ਇੱਕ-ਇੱਕ ਕਰਕੇ ਪੂਰੇ ਕੀਤੇ ਜਾ ਰਹੇ ਹਨ ਅਤੇ ਪੰਜਾਬ ਦੇ ਸਰਪੱਖੀ ਵਿਕਾਸ ਨੂੰ ਹੋਰ ਤੇਜ਼ੀ ਦਿੱਤੀ ਜਾ ਰਹੀ ਹੈ। ਉਨ੍ਹਾਂ ਦੱਸਿਆ ਕਿ ਸਿਹਤ ਖੇਤਰ ਵਿੱਚ ਲੋਕਾਂ ਨੂੰ ਵੱਡੀ ਰਾਹਤ ਦਿੰਦਿਆਂ ਮੁੱਖ ਮੰਤਰੀ ਸਿਹਤ ਯੋਜਨਾ ਅਧੀਨ 10 ਲੱਖ ਰੁਪਏ ਤੱਕ ਮੁਫ਼ਤ ਇਲਾਜ ਦੀ ਸਹੂਲਤ ਪ੍ਰਦਾਨ ਕੀਤੀ ਗਈ ਹੈ। ਇਸ ਦੇ ਨਾਲ ਹੀ 65 ਹਜ਼ਾਰ ਤੋਂ ਵੱਧ ਨੌਜਵਾਨਾਂ ਨੂੰ ਰੋਜ਼ਗਾਰ ਦਿੱਤਾ ਗਿਆ ਤੇ ਕੱਚੇ ਕਰਮਚਾਰੀਆਂ ਨੂੰ ਵੱਡੇ ਪੱਧਰ 'ਤੇ ਪੱਕਾ ਕੀਤਾ ਗਿਆ। ਉਨ੍ਹਾਂ ਕਿਹਾ ਕਿ ਸਰਕਾਰ ਵੱਲੋਂ ਘਰਾਂ ਲਈ 600 ਯੂਨਿਟ ਤੱਕ ਬਿਜਲੀ ਮੁਫ਼ਤ ਕੀਤੀ ਗਈ ਹੈ, ਜਿਸ ਨਾਲ ਲੋਕਾਂ ਦੇ ਬਿਜਲੀ ਬਿੱਲ ਘਟ ਕੇ ਜ਼ੀਰੋ ਤੱਕ ਆ ਰਹੇ ਹਨ। ਇਸ ਦੇ ਨਾਲ ਹੀ ਮੁਹੱਲਾ ਕਲੀਨਿਕਾਂ ਰਾਹੀਂ ਲੋਕਾਂ ਨੂੰ ਮੁਫ਼ਤ ਟੈਸਟ ਤੇ ਦਵਾਈਆਂ ਦੀ ਸਹੂਲਤ ਮਿਲ ਰਹੀ ਹੈ, ਜਿੱਥੇ ਮਾਹਿਰ ਡਾਕਟਰਾਂ ਦੀ ਟੀਮ ਸੇਵਾਵਾਂ ਨਿਭਾ ਰਹੀ ਹੈ। ਉਨ੍ਹਾਂ ਅੱਗੇ ਦੱਸਿਆ ਕਿ ਪੰਜਾਬ ਨੂੰ ਮੁੜ 'ਰੰਗਲਾ ਪੰਜਾਬ' ਬਣਾਉਣ ਲਈ ਯੂਥ ਨੂੰ ਖੇਡਾਂ ਵੱਲ ਪ੍ਰੇਰਿਤ ਕਰਨ ਲਈ ਵੱਡੇ ਪੱਧਰ 'ਤੇ ਸਟੇਡੀਅਮ ਬਣਾਏ ਜਾ ਰਹੇ ਹਨ। ਇਸ ਤੋਂ ਇਲਾਵਾ ਮੁੱਖ ਮੰਤਰੀ ਤੀਰਥ ਯਾਤਰਾ ਯੋਜਨਾ ਅਧੀਨ ਰੋਜ਼ਾਨਾ 60 ਤੋਂ ਵੱਧ ਬੱਸਾਂ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ, ਦੁਰਗਿਆਨਾ ਮੰਦਰ, ਜਲਿਆਂਵਾਲਾ ਬਾਗ, ਰਾਮ ਤੀਰਥ ਵਾਲਮੀਕੀ ਮੰਦਰ ਅਤੇ ਵਾਹਗਾ ਬਾਰਡਰ ਲਈ ਚੱਲ ਰਹੀਆਂ ਹਨ, ਜਿਸ ਨਾਲ ਲੋਕਾਂ ਵਿੱਚ ਭਾਈਚਾਰਕ ਸਾਂਝ ਮਜ਼ਬੂਤ ਹੋ ਰਹੀ ਹੈ। ਇਸ ਮੌਕੇ 'ਤੇ ਕੌਂਸਲਰ ਗੁਰਮੀਤ ਕੌਰ, ਸੀਨੀਅਰ ਆਗੂ ਕੁਲਦੀਪ ਸਿੰਘ ਸਮਾਣਾ, ਡਾ. ਕੁਲਦੀਪ ਸਿੰਘ, ਹਰਵਿੰਦਰ ਸਿੰਘ (ਬਲਾਕ ਪ੍ਰਧਾਨ), ਗੁਰਮੁਖ ਸਿੰਘ ਸੋਹਲ, ਇਕਬਾਲ ਸਿੰਘ ਸਰਪੰਚ ਜੁਝਾਰ ਨਗਰ, ਗੁਰਵਿੰਦਰ ਸਿੰਘ ਬਿੰਕੀ, ਧਰਮਪ੍ਰੀਤ ਸਿੰਘ, ਬਲਜੀਤ ਸਿੰਘ ਹੈਪੀ, ਸ਼ਰਨਜੀਤ ਕੌਰ (ਬਲਾਕ ਪ੍ਰਧਾਨ), ਰੇਨੂ ਸੂਦ (ਮਹਿਲਾ ਵਿੰਗ ਕੋਆਰਡੀਨੇਟਰ), ਹਰਮੀਤ ਸਿੰਘ (ਯੂਥ ਕੋਆਰਡੀਨੇਟਰ), ਪਰਗਟ ਸਿੰਘ, ਸੁਖਵਿੰਦਰ ਸਿੰਘ, ਜਸ਼ਨਪ੍ਰੀਤ ਸਿੰਘ, ਲਵਪ੍ਰੀਤ ਸਿੰਘ, ਹਰਵਿੰਦਰ ਪਾਲ ਸਿੰਘ, ਗੁਰਫਤਿਹ ਸਿੰਘ ਗਿੱਲ ਸਮੇਤ ਹੋਰ ਵੀ ਹਾਜ਼ਰ ਸਨ।

## ਸੰਪਾਦਕੀ

# ਚੰਗੇ ਸਬੰਧ ਜ਼ਰੂਰੀ

ਭਾਰਤੀ ਪਰਿਵਾਰਾਂ ਵਿੱਚ ਔਰਤਾਂ ਹਮੇਸ਼ਾ ਘਰੇਲੂ ਕੰਮਾਂ ਵਿੱਚ ਇਕੱਲੀਆਂ ਰਹੀਆਂ ਹਨ। ਪਤੀ ਆਮ ਤੌਰ 'ਤੇ ਆਪਣੀਆਂ ਜ਼ਿੰਮੇਵਾਰੀਆਂ ਸਾਂਝੀਆਂ ਨਹੀਂ ਕਰਦੇ, ਭਾਵੇਂ ਪਰੰਪਰਾ ਦੁਆਰਾ ਜਾਂ ਆਪਣੇ ਕੰਮ ਅਤੇ ਮਿਹਨਤ ਦਾ ਹਵਾਲਾ ਦੇ ਕੇ। ਜਿਸ ਤਰ੍ਹਾਂ ਇਸ ਬਹਾਨੇ ਔਰਤਾਂ ਦੀ ਇੱਜ਼ਤ ਅਤੇ ਮਿਹਨਤ ਨੂੰ ਨਜ਼ਰਅੰਦਾਜ਼ ਕੀਤਾ ਜਾਂਦਾ ਹੈ, ਉਹ ਕਿਸੇ ਵੀ ਸੱਭਿਅਕ ਸਮਾਜ ਲਈ ਚਿੰਤਾ ਦਾ ਵਿਸ਼ਾ ਹੋਣਾ ਚਾਹੀਦਾ ਹੈ। ਸੱਚਾਈ ਇਹ ਹੈ ਕਿ ਘਰ ਦੇ ਅੰਦਰ ਕੰਮ ਦਾ ਦਾਇਰਾ ਵਿਸ਼ਾਲ ਹੈ ਅਤੇ ਇਸਨੂੰ ਸਿਰਫ਼ ਘਰੇਲੂ ਔਰਤ 'ਤੇ ਛੱਡਣਾ ਉਚਿਤ ਨਹੀਂ ਹੈ। ਘਰੇਲੂ ਕੰਮਾਂ ਨੂੰ ਸਾਂਝਾ ਕਰਨ ਨਾਲ ਨਾ ਸਿਰਫ਼ ਬੋਝ ਹਲਕਾ ਹੁੰਦਾ ਹੈ ਸਗੋਂ ਆਪਸੀ ਸਤਿਕਾਰ ਵੀ ਵਧਦਾ ਹੈ ਅਤੇ ਪਤਨੀ ਨੂੰ ਸਮਾਨਤਾ ਦੀ ਭਾਵਨਾ ਮਿਲਦੀ ਹੈ। ਇਹ ਆਦਰਸ਼ ਸਥਿਤੀ ਪੂਰੇ ਪਰਿਵਾਰ ਨੂੰ ਇੱਕਜੁੱਟ ਮਹਿਸੂਸ ਕਰਾਏਗੀ, ਪਰ ਅਜਿਹੀ ਸਥਿਤੀ ਬਹੁਤ ਘੱਟ ਹੁੰਦੀ ਹੈ। ਇਹ ਦੁਖਦਾਈ ਹੈ ਕਿ ਘਰੇਲੂ ਕੰਮਾਂ ਤੋਂ ਲੈ ਕੇ ਭੋਜਨ ਤੱਕ ਹਰ ਚੀਜ਼ ਵਿੱਚ ਕਮੀਆਂ ਬਾਰੇ ਸ਼ਿਕਾਇਤਾਂ ਅਕਸਰ ਝਗੜਿਆਂ ਦਾ ਕਾਰਨ ਬਣਦੀਆਂ ਹਨ, ਕਈ ਵਾਰ ਅਦਾਲਤੀ ਕਾਰਵਾਈਆਂ ਤੱਕ ਲੈ ਜਾਂਦੀਆਂ ਹਨ। ਅਜਿਹੇ ਹੀ ਇੱਕ ਮਾਮਲੇ ਵਿੱਚ ਸੁਪਰੀਮ ਕੋਰਟ ਨੇ ਤਲਾਕ ਮੰਗ ਰਹੇ ਪਤੀ ਨੂੰ ਕਿਹਾ ਕਿ ਪਤੀਆਂ ਨੂੰ ਘਰੇਲੂ ਕੰਮਾਂ ਦੀ ਜ਼ਿੰਮੇਵਾਰੀ ਵੀ ਸਾਂਝੀ ਕਰਨੀ ਚਾਹੀਦੀ ਹੈ, ਕਿਉਂਕਿ ਉਹ ਜੀਵਨ ਸਾਥੀ ਨਾਲ ਵਿਆਹੇ ਹੋਏ ਹਨ, ਘਰੇਲੂ ਸਹਾਇਕ ਨਾਲ ਨਹੀਂ। ਇਸ ਵਿੱਚ ਕੋਈ ਸ਼ੱਕ ਨਹੀਂ ਹੈ ਕਿ ਜੇਕਰ ਪਤੀ-ਪਤਨੀ ਖਾਣਾ ਪਕਾਉਣ ਜਾਂ ਸਫਾਈ ਵਿੱਚ ਹਿੱਸਾ ਲੈਂਦੇ ਹਨ, ਤਾਂ ਇਹ ਆਪਸੀ ਸਮਾਨਤਾ ਅਤੇ ਸਤਿਕਾਰ ਦੀ ਭਾਵਨਾ ਨੂੰ ਉਤਸ਼ਾਹਿਤ ਕਰਦਾ ਹੈ। ਇਸਦੀ ਮਹੱਤਤਾ ਸਹਿਯੋਗ ਤੱਕ ਸੀਮਤ ਨਹੀਂ ਹੈ; ਇਹ ਇੱਕ ਔਰਤ ਦੀ ਵਿਅਕਤੀਗਤਤਾ ਅਤੇ ਸਵੈ-ਮੁੱਲ ਦਾ ਵੀ ਮਾਮਲਾ ਹੈ। ਉਹ ਸਿਰਫ਼ ਘਰ ਦੇ ਸਾਰੇ ਕੰਮਾਂ ਨੂੰ ਸੰਭਾਲਣ ਲਈ ਵਿਆਹੀ ਨਹੀਂ ਹੁੰਦੀ। ਸਗੋਂ, ਉਸਦੀ ਵਿਅਕਤੀਗਤਤਾ ਦਾ ਸਤਿਕਾਰ ਅਤੇ ਕਦਰ ਕੀਤੀ ਜਾਂਦੀ ਹੈ। ਇਹ ਇੱਕ ਨਵਾਂ ਆਤਮਵਿਸ਼ਵਾਸ ਪੈਦਾ ਕਰਦਾ ਹੈ, ਜੋ ਘਰ ਅਤੇ ਪਰਿਵਾਰ ਵਿਚਕਾਰ ਹਮਦਰਦੀ ਦੇ ਬੰਧਨਾਂ ਨੂੰ ਹੋਰ ਮਜ਼ਬੂਤ ਕਰਦਾ ਹੈ। ਇਸਦਾ ਇੱਕ ਮਹੱਤਵਪੂਰਨ ਪਹਿਲੂ ਇਹ ਹੈ ਕਿ ਜਦੋਂ ਬੱਚੇ ਆਪਣੇ ਮਾਪਿਆਂ ਨੂੰ ਘਰੇਲੂ ਕੰਮਾਂ ਵਿੱਚ ਇਕੱਠੇ ਕੰਮ ਕਰਦੇ ਦੇਖਦੇ ਹਨ ਤਾਂ ਉਨ੍ਹਾਂ ਨੂੰ ਵੀ ਲਿੰਗ ਸਮਾਨਤਾ ਦਾ ਸਬਕ ਸਿਖਾਇਆ ਜਾਵੇਗਾ। ਘਰ ਵਿੱਚ ਅਜਿਹਾ ਮਾਹੌਲ ਅਤੇ ਕੰਮਾਂ ਵਿੱਚ ਬਰਾਬਰ ਭਾਗੀਦਾਰੀ ਲੋਕਾਂ ਨੂੰ ਮਨੁੱਖੀ ਸੰਵੇਦਨਾਵਾਂ ਨਾਲ ਲੈਸ ਕਰੇਗੀ ਅਤੇ ਸਮਾਜ ਨੂੰ ਹੋਰ ਮਨੁੱਖੀ ਬਣਾਏਗੀ। ਭਾਰਤੀ ਸਾਂਝੇ ਪਰਿਵਾਰਾਂ ਦੀ ਨੀਂਹ ਇੱਕ ਮਨੁੱਖੀ ਸੰਵੇਦਨਸ਼ੀਲਤਾ ਵਿੱਚ ਜੜ੍ਹੀ ਹੋਈ ਹੈ ਜੋ ਪੂਰੀ ਦੁਨੀਆ ਨੂੰ ਆਪਣਾ ਪਰਿਵਾਰ ਮੰਨਦੀ ਹੈ। ਹਜ਼ਾਰਾਂ ਸਾਲਾਂ ਤੋਂ ਭਾਰਤੀ ਪਰਿਵਾਰਾਂ ਨੂੰ ਦੌਲਤ, ਅਹੁਦੇ ਜਾਂ ਜਾਇਦਾਦ ਦੁਆਰਾ ਨਹੀਂ, ਸਗੋਂ ਉਹਨਾਂ ਕਦਰਾਂ-ਕੀਮਤਾਂ, ਵਿਸ਼ਵਾਸਾਂ, ਨਿਯਮਾਂ ਅਤੇ ਸੰਕਲਪਾਂ ਦੁਆਰਾ ਪਰਿਭਾਸ਼ਿਤ ਕੀਤਾ ਗਿਆ ਹੈ ਜੋ ਉਹ ਧਾਰਨ ਕਰਦੇ ਹਨ। ਰਾਜਸ਼ਾਹੀਆਂ ਵਿੱਚ ਵੀ, ਪਰਿਵਾਰ ਓਨੇ ਹੀ ਮਹੱਤਵਪੂਰਨ ਰਹੇ ਜਿੰਨੇ ਉਹ ਅੱਜ ਲੋਕਤੰਤਰਾਂ ਵਿੱਚ ਹਨ। ਵਿਅਕਤੀ ਪਰਿਵਾਰ ਦੀ ਇੱਕ ਇਕਾਈ ਹੈ। ਇਸ ਲਈ ਹਰੇਕ ਵਿਅਕਤੀ ਲਈ ਇੱਕ ਦੂਜੇ ਨਾਲ ਚੰਗੇ ਸਬੰਧ ਹੋਣਾ ਜ਼ਰੂਰੀ ਹੈ।

-ਜਗਜੀਤ ਸਿੰਘ ਦਰਦੀ

## ਵਿਧਾਨ ਸਭਾ ਚੋਣਾਂ ਲਈ ਪੰਜਾਬ ਦਾ ਰਾਜਨੀਤਿਕ ਮੈਦਾਨ

# 2027 ਚੋਣਾਂ ਪੰਜਾਬ ਦੇ ਭਵਿੱਖ ਲਈ ਪ੍ਰਸ਼ਨ ਖੜੇ ਕਰਦੀਆਂ ਹਨ



ਪ੍ਰੋ. ਡਾ. ਕ੍ਰਿਸ਼ਨ ਕੁਮਾਰ ਰੱਤੂ
9478730156
ਉੱਘੇ ਲੇਖਕ ਤੇ ਮੀਡੀਆ ਵਿਸ਼ਲੇਸ਼ਕ

### ਜੇ ਕੋਈ ਗੱਠਜੋੜ ਨਹੀਂ ਤਾਂ ਪੰਜਾਬ ਵਿੱਚ ਬਣ ਸਕਦੀ ਹੈ ਤ੍ਰਿਸ਼ੰਕੂ ਵਿਧਾਨ ਸਭਾ ਦੀ ਸਥਿਤੀ

**ਅੱਜ ਮੁਫ਼ਤ ਸਕੀਮਾਂ ਦੀ ਰਾਜਨੀਤੀ ਵਿੱਚ ਪੰਜਾਬ ਵਿੱਚ ਲਗਭਗ ਹਰ ਪਾਰਟੀ ਵੱਲੋਂ ਕਿਸੇ ਨਾ ਕਿਸੇ ਤਰ੍ਹਾਂ ਦੀਆਂ ਮੁਫ਼ਤ ਸਕੀਮਾਂ ਦਾ ਐਲਾਨ ਕੀਤਾ ਜਾ ਰਿਹਾ ਹੈ: ਮੁਫ਼ਤ ਬਿਜਲੀ, ਮਹਿਲਾਵਾਂ ਲਈ ਭੱਤਾ ,ਨੌਜਵਾਨਾਂ ਲਈ ਭਰਤੀ ਦੇ ਵਾਅਦੇ, ਕਿਸਾਨਾਂ ਲਈ ਕਰਜ਼ਾ ਮਾਫ਼ੀ। ਅੱਜ ਇਹ ਸਕੀਮਾਂ ਛੋਟੇ ਸਮੇਂ ਲਈ ਲੋਕਾਂ ਨੂੰ ਰਾਹਤ ਤਾਂ ਦਿੰਦੀਆਂ ਹਨ, ਪਰ ਲੰਬੇ ਸਮੇਂ ਵਿੱਚ ਇਹ ਆਰਥਿਕਤਾ 'ਤੇ ਭਾਰੀ ਬੋਝ ਪਾਂਦੀਆਂ ਹਨ। ਵੱਡਾ ਸਵਾਲ ਇਹ ਹੈ ਕਿ ਕੀ ਪੰਜਾਬ ਇਸ ਮਾਡਲ ਨਾਲ ਚੱਲ ਸਕਦਾ ਹੈ?**

ਅੱਜ ਪੰਜਾਬ 2027 ਦੀਆਂ ਚੋਣਾਂ ਦੇ ਬੂਹੇ 'ਤੇ ਖੜਾ ਹੈ ਅਤੇ ਇਹ ਚੋਣਾਂ ਸਿਰਫ਼ ਸਰਕਾਰ ਬਦਲਣ ਦਾ ਮਾਮਲਾ ਨਹੀਂ ਰਹਿਣਗੀਆਂ, ਸਗੋਂ ਇਹ ਇੱਕ ਵੱਡੀ ਵਿਚਾਰਧਾਰਾਤਮਕ, ਆਰਥਿਕ ਅਤੇ ਸਮਾਜਿਕ ਦਿਸ਼ਾ ਨਿਰਧਾਰਿਤ ਕਰਨ ਵਾਲਾ ਮੋੜ ਸਾਬਤ ਹੋ ਸਕਦੀਆਂ ਹਨ।

2022 ਵਿੱਚ ਆਈ ਭਾਰੀ ਬਹੁਮਤ ਵਾਲੀ ਸਰਕਾਰ ਤੋਂ ਬਾਅਦ ਲੋਕਾਂ ਦੀਆਂ ਉਮੀਦਾਂ ਬੇਹੱਦ ਵਧੀਆਂ ਸਨ, ਪਰ ਪੰਜ ਸਾਲਾਂ ਦੇ ਅੰਦਰ ਹੀ ਪੰਜਾਬ ਇੱਕ ਵਾਰ ਫਿਰ ਆਰਥਿਕ ਸੰਕਟ, ਰੋਜ਼ਗਾਰ ਦੀ ਘਾਟ, ਕਿਸਾਨੀ ਸੰਕਟ ਅਤੇ ਨਸ਼ੇ ਵਰਗੀਆਂ ਮੁਸ਼ਕਲਾਂ ਨਾਲ ਜੂਝ ਰਿਹਾ ਹੈ। ਇਸ ਪਸੰਘ ਵਿੱਚ 2027 ਦੀ ਚੋਣ ਇੱਕ ਤਰ੍ਹਾਂ ਨਾਲ ਲੋਕਾਂ ਦਾ ਫੈਸਲਾ ਹੋਵੇਗਾ ਕਿ ਉਹ ਮੁਫ਼ਤਖੋਰੀ ਦੇ ਮਾਡਲ ਨੂੰ ਜਾਰੀ ਰੱਖਣਾ ਚਾਹੁੰਦੇ ਹਨ ਜਾਂ ਵਿਕਾਸ-ਕੇਂਦਰਿਤ ਰਾਜਨੀਤੀ ਵੱਲ ਵਧਣਾ ਚਾਹੁੰਦੇ ਹਨ।

ਅੱਜ. ਪੰਜਾਬ ਦੀ ਮੌਜੂਦਾ ਰਾਜਨੀਤਿਕ ਤਸਵੀਰ ਅਤੇ ਪੰਜਾਬ ਦੀ ਰਾਜਨੀਤੀ ਇਸ ਵੇਲੇ ਬਹੁ-ਕੋਣੀ ਮੁਕਾਬਲੇ ਵਿੱਚ ਦਾਖਲ ਹੋ ਚੁੱਕੀ ਹੈ। ਮੁੱਖ ਤੌਰ 'ਤੇ ਆਪ, (ਕਾਂਗਰਸ), (ਅਕਾਲੀ ਦਲ) ਅਤੇ (ਭਾਜਪਾ) ਆਪਣੇ-ਆਪਣੇ ਏਜੰਡਿਆਂ ਨਾਲ ਮੈਦਾਨ ਵਿੱਚ ਹਨ। ਇਸ ਤੋਂ ਇਲਾਵਾ ਕੁਝ ਛੋਟੀਆਂ ਪਾਰਟੀਆਂ ਅਤੇ ਆਜ਼ਾਦ ਉਮੀਦਵਾਰ ਵੀ ਚੋਣੀ ਨਤੀਜਿਆਂ ਨੂੰ ਪ੍ਰਭਾਵਿਤ ਕਰਨ ਦੀ ਸਮਰੱਥਾ ਰੱਖਦੇ ਹਨ।

ਪਿਛਲੇ 2022 ਵਿੱਚ ਆਪ ਨੇ ਬਦਲਾਅ ਦੇ ਨਾਅਰੇ ਨਾਲ ਭਾਰੀ ਜਿੱਤ ਹਾਸਲ ਕੀਤੀ ਸੀ। ਪਰ ਹੁਣ ਵਿਰੋਧੀ ਪਾਰਟੀਆਂ ਦਾ ਦੋਸ਼ ਹੈ ਕਿ ਸਰਕਾਰ ਵੱਲੋਂ ਵਾਅਦੇ ਪੂਰੇ ਨਹੀਂ ਕੀਤੇ ਗਏ ਜਾਂ ਉਹ ਆਰਥਿਕ ਤੌਰ 'ਤੇ ਟਿਕਾਊ ਨਹੀਂ ਹਨ। ਦੂਜੇ ਪਾਸੇ, ਆਪ ਦਾ ਦਾਅਵਾ ਹੈ ਕਿ ਉਸਨੇ ਸਿਹਤ, ਸਿੱਖਿਆ ਅਤੇ ਬਿਜਲੀ ਵਰਗੇ ਖੇਤਰਾਂ ਵਿੱਚ ਵੱਡੇ ਬਦਲਾਅ ਕੀਤੇ ਹਨ।

ਅੱਜ ਆਰਥਿਕ ਸੰਕਟ - ਚੋਣਾਂ ਦਾ ਕੇਂਦਰੀ ਮੁੱਦਾ ਹੈ। ਅੱਜ ਪੰਜਾਬ ਉੱਤੇ ਲਗਭਗ 5 ਲੱਖ ਕਰੋੜ ਰੁਪਏ ਦਾ ਕਰਜ਼ਾ ਚੜ੍ਹ ਚੁੱਕਾ ਹੈ। ਇਹ ਅੰਕੜਾ ਸਿਰਫ਼ ਇੱਕ ਨੰਬਰ ਨਹੀਂ, ਸਗੋਂ ਇਹ ਦਰਸਾਉਂਦਾ ਹੈ ਕਿ ਰਾਜ ਦੀ ਆਰਥਿਕਤਾ ਕਿਸ ਹੱਦ ਤੱਕ ਕਮਜ਼ੋਰ ਹੋ ਚੁੱਕੀ ਹੈ। ਰਾਜ ਦੀ ਆਮਦਨ ਦਾ ਵੱਡਾ ਹਿੱਸਾ ਕਰਜ਼ੇ ਦੀ ਵਾਪਸੀ ਅਤੇ ਵਿਆਜ ਵਿੱਚ ਹੀ ਖਰਚ ਹੋ ਜਾਂਦਾ ਹੈ। ਵਿਕਾਸ ਪ੍ਰਾਜੈਕਟਾਂ ਲਈ ਪੈਸੇ ਘੱਟ ਰਹਿ ਜਾਂਦੇ ਹਨ। ਸਰਕਾਰਾਂ ਮੁਫ਼ਤ ਸਕੀਮਾਂ ਰਾਹੀਂ ਵੋਟਰਾਂ ਨੂੰ ਖਿੱਚਣ ਦੀ ਕੋਸ਼ਿਸ਼ ਕਰਦੀਆਂ ਹਨ। ਅੱਜ ਇਹੀ ਕਾਰਨ ਹੈ ਕਿ 2027 ਦੀਆਂ ਚੋਣਾਂ ਵਿੱਚ ਮੁਫ਼ਤਖੋਰੀ ਵਿਰੁੱਧ ਟਿਕਾਊ ਵਿਕਾਸ ਇੱਕ ਵੱਡਾ ਚਰਚਾ ਦਾ ਵਿਸ਼ਾ ਰਹੇਗਾ।

ਅੱਜ ਮੁਫ਼ਤ ਸਕੀਮਾਂ ਦੀ ਰਾਜਨੀਤੀ ਵਿੱਚ ਪੰਜਾਬ ਵਿੱਚ ਲਗਭਗ ਹਰ ਪਾਰਟੀ ਵੱਲੋਂ ਕਿਸੇ ਨਾ ਕਿਸੇ ਤਰ੍ਹਾਂ ਦੀਆਂ ਮੁਫ਼ਤ ਸਕੀਮਾਂ ਦਾ ਐਲਾਨ ਕੀਤਾ ਜਾ ਰਿਹਾ ਹੈ: ਮੁਫ਼ਤ ਬਿਜਲੀ, ਮਹਿਲਾਵਾਂ ਲਈ ਭੱਤਾ ,ਨੌਜਵਾਨਾਂ ਲਈ ਭਰਤੀ ਦੇ ਵਾਅਦੇ, ਕਿਸਾਨਾਂ ਲਈ ਕਰਜ਼ਾ ਮਾਫ਼ੀ। ਅੱਜ ਇਹ ਸਕੀਮਾਂ ਛੋਟੇ ਸਮੇਂ ਲਈ ਲੋਕਾਂ ਨੂੰ ਰਾਹਤ ਤਾਂ ਦਿੰਦੀਆਂ ਹਨ, ਪਰ ਲੰਬੇ ਸਮੇਂ ਵਿੱਚ ਇਹ ਆਰਥਿਕਤਾ 'ਤੇ ਭਾਰੀ ਬੋਝ ਪਾਂਦੀਆਂ ਹਨ। ਵੱਡਾ ਸਵਾਲ ਇਹ ਹੈ ਕਿ ਕੀ ਪੰਜਾਬ ਇਸ ਮਾਡਲ ਨਾਲ ਚੱਲ ਸਕਦਾ ਹੈ?

ਅੱਜ ਆਪ ਦੀ ਸਥਿਤੀ ਸੱਤਾਧਾਰੀ ਪਾਰਟੀਲਈ 2027 ਦੀ ਚੋਣ ਸਭ ਤੋਂ ਵੱਡੀ ਕਸੌਟੀ ਹੋਵੇਗੀ। ਹੁਣ ਸਿੱਖਿਆ ਅਤੇ ਸਿਹਤ ਮਾਡਲ ਦੀ ਪ੍ਰਚਾਰਨਾ ਅਤੇ ਮੁਫ਼ਤ ਬਿਜਲੀ ਵਰਗੀਆਂ ਲੋਕਪ੍ਰਿਯ ਸਕੀਮਾਂ ਨਵੀਂ ਰਾਜਨੀਤੀ ਦਾ ਨੈਰੇਟਿਵ ਹੈ। ਹੁਣ ਕਰਜ਼ੇ ਵਿੱਚ ਵਾਧਾ ,ਉਦਯੋਗਿਕ ਵਿਕਾਸ ਦੀ ਗੱਲ ਕਰਦੇ ਹਾਂ ਤਾਂ ਕਾਨੂੰਨ-ਵਿਵਸਥਾ 'ਤੇ ਸਵਾਲ ਵੀ ਹੈ। ਅੱਜ ਜੇ ਆਪ ਆਪਣੇ ਮਾਡਲ ਨੂੰ ਢੰਗ ਨਾਲ ਪੇਸ਼ ਕਰਦੀ ਹੈ ਅਤੇ ਲੋਕਾਂ ਨੂੰ ਯਕੀਨ ਦਿਵਾ ਸਕਦੀ ਹੈ ਕਿ ਉਹ ਆਰਥਿਕਤਾ ਨੂੰ ਸੰਭਾਲ ਸਕਦੀ ਹੈ, ਤਾਂ ਉਹ ਦੁਬਾਰਾ ਸੱਤਾ ਵਿੱਚ ਆ ਸਕਦੀ ਹੈ। ਨਹੀਂ ਤਾਂ ਵਿਰੋਧੀ ਪਾਰਟੀਆਂ ਨੂੰ ਮੌਕਾ ਮਿਲ ਸਕਦਾ ਹੈ।

ਕਾਂਗਰਸ - ਅੰਦਰੂਨੀ ਲੜਾਈ ਦਾ ਨੁਕਸਾਨ ਦੀ ਸਭ ਤੋਂ ਵੱਡੀ ਸਮੱਸਿਆ ਉਸਦੀ ਅੰਦਰੂਨੀ ਖਿੱਚਤਾਣ ਹੈ।ਲੀਡਰਸ਼ਿਪ ਦਾ ਸਪਸ਼ਟ ਚਿਹਰਾ ਨਹੀਂ। ਗਰੁੱਪਬਾਜ਼ੀ।ਵੋਟਰਾਂ ਵਿੱਚ ਭਰੋਸੇ ਦੀ ਘਾਟ ਪਰ ਕਾਂਗਰਸ ਕੋਲ ਇੱਕ ਵੱਡਾ ਵੋਟ ਬੈਂਕ ਅਜੇ ਵੀ ਮੌਜੂਦ ਹੈ। ਜੇਕਰ ਉਹ ਇੱਕਜੁੱਟ ਹੋ ਕੇ ਮੈਦਾਨ ਵਿੱਚ ਉਤਰਦੀ ਹੈ, ਤਾਂ ਉਹ ਇੱਕ ਵੱਡੀ ਤਾਕਤ ਬਣ ਸਕਦੀ ਹੈ।

ਹੁਣ ਅਕਾਲੀ ਦਲ - ਵਾਪਸੀ ਦੀ ਕੋਸ਼ਿਸ਼ ਵਿਚ ਹੈ। ਇੱਕ ਸਮੇਂ ਪੰਜਾਬ ਦੀ ਸਭ ਤੋਂ ਮਜ਼ਬੂਤ ਪਾਰਟੀ ਸੀ, ਪਰ 2017 ਤੋਂ ਬਾਅਦ ਉਸਦੀ ਸਥਿਤੀ ਕਮਜ਼ੋਰ ਹੋ ਗਈ।ਅੱਜ ਮੁੱਖ ਚੁਣੌਤੀਆਂ ਅਤੇ ਪੁਰਾਣੀ ਛਵੀ,ਨੌਜਵਾਨ ਵੋਟਰਾਂ ਨਾਲ ਕੱਟਣਾ ਅਤੇ ਕਿਸਾਨ ਅੰਦੋਲਨ ਤੋਂ ਬਾਅਦ ਭਰੋਸੇ ਦੀ ਕਮੀ ਹੈ।

ਪਰ ਅਕਾਲੀ ਦਲ ਪਿੰਡਾਂ ਵਿੱਚ ਅਜੇ ਵੀ ਆਪਣਾ ਅਸਰ ਰੱਖਦਾ ਹੈ। ਜੇਕਰ ਉਹ ਨਵਾਂ ਨੇਤ੍ਰਿਤਵ ਅਤੇ ਨਵਾਂ ਏਜੰਡਾ ਲੈ ਕੇ ਆਉਂਦਾ ਹੈ, ਤਾਂ ਉਹ ਚੋਣ ਵਿੱਚ ਵਾਪਸੀ ਕਰ ਸਕਦਾ ਹੈ।

ਅੱਜ ਪੰਜਾਬ ਵਿੱਚ. ਭਾਜਪਾ - ਨਵਾਂ ਖਿਡਾਰੀ ਹੈ। ਪੰਜਾਬ ਵਿੱਚ ਆਪਣੀ ਜਗ੍ਹਾ ਬਣਾਉਣ ਦੀ ਕੋਸ਼ਿਸ਼ ਕਰ ਰਹੀ ਹੈ।

ਮਜ਼ਬੂਤੀ ਦੇ ਬਾਰੇ ਕੇਂਦਰ ਦੀ ਸੱਤਾ,ਵਿੱਤੀ ਅਤੇ ਸੰਗਠਨਾਤਮਕ ਤਾਕਤ ਪਰ ਪੰਜਾਬ ਵਿੱਚ ਮਜ਼ਬੂਤ ਜੜ੍ਹਾਂ ਦੀ ਕਮੀ ਅਤੇ ਕਿਸਾਨੀ ਮਸਲਿਆਂ 'ਤੇ ਨਕਾਰਾਤਮਕ ਧਾਰਣਾ ਨਾਲ ਭਾਜਪਾ ਸ਼ਹਿਰੀ ਖੇਤਰਾਂ ਵਿੱਚ ਆਪਣਾ ਅਧਾਰ ਵਧਾ ਸਕਦੀ ਹੈ, ਪਰ ਪੂਰੇ ਰਾਜ ਵਿੱਚ ਜਿੱਤ ਹਾਸਲ ਕਰਨਾ ਅਜੇ ਵੀ ਮੁਸ਼ਕਿਲ ਹੈ। ਅੱਜ ਪੰਜਾਬ ਵਿੱਚ. ਪੰਜ-ਕੋਣੀ ਮੁਕਾਬਲੇ ਦਾ ਪ੍ਰਭਾਵ ਵੀ ਸਪੱਸ਼ਟ ਹੁੰਦੇ।ਜੇਕਰ 2027 ਵਿੱਚ ਕੋਈ ਵੱਡਾ ਗਠਜੋੜ ਨਹੀਂ ਬਣਦਾ, ਤਾਂ ਚੋਣ ਪੰਜ-ਕੋਣੀ ਹੋ ਸਕਦੀ ਹੈ:ਆਪ ਕਾਂਗਰਸ ਅਕਾਲੀ ਦਲ ਭਾਜਪਾ ਤੇ ਹੋਰ ਛੋਟੀਆਂ ਪਾਰਟੀਆਂ ਇਸ ਤਰ੍ਹਾਂ ਦੇ ਮੁਕਾਬਲੇ ਵਿੱਚ ਵੋਟਾਂ ਦੀ ਵੰਡ ਹੋਵੇਗੀ, ਜਿਸ ਨਾਲ ਘੱਟ ਵੋਟ ਪ੍ਰਤੀਸ਼ਤ ਨਾਲ ਵੀ ਜਿੱਤ ਸੰਭਵ ਹੈ ਹੰਗ ਅਸੈਂਬਲੀ ਦੇ ਚਾਂਸ ਵੱਧ ਹਨ।ਗਠਜੋੜ ਸਰਕਾਰ ਦੀ ਸੰਭਾਵਨਾ ਵੀ ਬਣ ਸਕਦੀ ਹੈ।

ਅੱਜ ਮੁੱਖ ਚੋਣੀ ਮੁੱਦਿਆਂ ਵਿੱਚ 2027 ਦੀ ਚੋਣ ਵਿੱਚ ਹੇਠਲੇ ਮੁੱਦੇ ਕੇਂਦਰ ਵਿੱਚ ਰਹਿਣਗੇ:

ਆਰਥਿਕਤਾ ਅਤੇ ਕਰਜ਼ਾ ਅਤੇ ਲੋਕ ਜਾਣਨਾ ਚਾਹੁੰਦੇ ਹਨ ਕਿ ਕਰਜ਼ਾ ਕਿਵੇਂ ਘਟਾਇਆ ਜਾਵੇਗਾ। ਰੋਜ਼ਗਾਰ ਨੌਜਵਾਨਾਂ ਲਈ ਨੌਕਰੀਆਂ ਸਭ ਤੋਂ ਵੱਡਾ ਮੁੱਦਾ ਹਨ। ਕਿਸਾਨੀ ਸੰਕਟ ਐਮਐਸਪੀ, ਪਾਣੀ ਦੀ ਕਮੀ ਅਤੇ ਫਸਲਾਂ ਦੀ ਵਿਰਲੇਕਰਨ ਦੀ ਲੋੜ ਹੈ । ਅੱਜ ਨਸ਼ਾ ਪੰਜਾਬ ਦਾ ਸਭ ਤੋਂ ਸੰਵੇਦਨਸ਼ੀਲ ਮਸਲਾ ਹੈ।ਸਿੱਖਿਆ ਅਤੇ ਸਿਹਤਆਪ ਦਾ ਮਾਡਲ ਵਿਰੁੱਧ ਵਿਰੋਧੀਆਂ ਦੀ ਆਲੋਚਨਾ ਦੇ ਖੇਤਰ ਵਿੱਚ ਹੈ।

ਅੱਜ ਸੰਭਾਵਿਤ ਨਤੀਜਿਆਂ ਬਾਅਦ- ਤਿੰਨ ਸਿਨਾਰਿਓ 1: ਆਪ ਦੀ ਵਾਪਸੀ ਜੇ ਲੋਕ ਮੁਫ਼ਤ ਸਕੀਮਾਂ ਅਤੇ ਮੌਜੂਦਾ ਮਾਡਲ ਨਾਲ ਖੁਸ਼ ਰਹਿੰਦੇ ਹਨ। ਸਿਨਾਰਿਓ 2: ਹੰਗ ਅਸੈਂਬਲੀ ਸਭ ਤੋਂ ਸੰਭਾਵੀ ਸਥਿਤੀ - ਕੋਈ ਵੀ ਪਾਰਟੀ ਸਪੱਸ਼ਟ ਬਹੁਮਤ ਨਹੀਂ ਲੈਂਦੀ।

**ਸਿਨਾਰਿਓ 3:** ਵਿਰੋਧੀ ਗਠਜੋੜ ਦੀ ਜਿੱਤ

ਜੇਕਰ ਕਾਂਗਰਸ, ਅਕਾਲੀ ਦਲ ਜਾਂ ਹੋਰ ਪਾਰਟੀਆਂ ਇਕੱਠੀਆਂ ਹੋ ਜਾਂਦੀਆਂ ਹਨ।

ਅੱਜ ਨਵਾਂ ਏਜੰਡਾ ਹੁਣ ਪੰਜਾਬ ਨੂੰ ਕੀ ਲੋੜ ਹੈ?

ਪੰਜਾਬ ਨੂੰ ਸਿਰਫ਼ ਰਾਜਨੀਤਿਕ ਬਦਲਾਅ ਨਹੀਂ, ਸਗੋਂ ਨੀਤੀਗਤ ਬਦਲਾਅ ਦੀ ਲੋੜ ਹੈ। ਉਦਯੋਗੀਕਰਨ ਅਤੇ ਖੇਤੀ ਦੀ ਵਿਰਲੇਕਰਨ, ਸਿੱਖਿਆ ਵਿੱਚ ਗੁਣਵੱਤਾ ਸਿਹਤ ਢਾਂਚੇ ਦਾ ਮਜ਼ਬੂਤੀਕਰਨ ਅਤੇ ਫਿਸਕਲ ਡਿਸ਼ਪਲਿਨ (ਆਰਥਿਕ ਅਨੁਸ਼ਾਸਨ) ਹੈ।

ਅੱਜ 2027 ਦੀ ਚੋਣ ਪੰਜਾਬ ਲਈ ਇੱਕ ਇਤਿਹਾਸਕ ਮੋੜ ਹੋਵੇਗੀ। ਇਹ ਸਿਰਫ਼ ਇਹ ਨਹੀਂ ਨਿਰਧਾਰਿਤ ਕਰੇਗੀ ਕਿ ਕੌਣ ਸਰਕਾਰ ਬਣਾਏਗਾ, ਸਗੋਂ ਇਹ ਵੀ ਤੈਅ ਕਰੇਗੀ ਕਿ ਪੰਜਾਬ ਦੀ ਰਾਜਨੀਤੀ ਕਿਸ ਦਿਸ਼ਾ ਵੱਲ ਜਾਵੇਗੀ—ਮੁਫ਼ਤਖੋਰੀ, ਪਾਪੁਲਿਜ਼ਮ ਅਤੇ ਛੋਟੇ ਸਮੇਂ ਦੇ ਲਾਭਾਂ ਵੱਲ ਜਾਂ ਲੰਬੇ ਸਮੇਂ ਦੇ ਵਿਕਾਸ, ਆਰਥਿਕ ਸਥਿਰਤਾ ਅਤੇ ਸੰਰਚਨਾਤਮਕ ਸੁਧਾਰਾਂ ਵੱਲ। ਅੱਜ ਜੇਕਰ ਵੋਟਰ ਸਚੇਤ ਹੋ ਕੇ ਆਪਣੇ ਫੈਸਲੇ ਕਰਦੇ ਹਨ, ਤਾਂ ਪੰਜਾਬ ਇੱਕ ਨਵੇਂ ਵਿਕਾਸ ਮਾਡਲ ਵੱਲ ਵੱਧ ਸਕਦਾ ਹੈ। ਨਹੀਂ ਤਾਂ ਇਹ ਸੰਭਾਵਨਾ ਵੀ ਹੈ ਕਿ ਰਾਜ ਹੋਰ ਵੱਧ ਕਰਜ਼ੇ ਅਤੇ ਸੰਕਟ ਵਿੱਚ ਫਸ ਜਾਵੇ। 2027 ਦੀ ਚੋਣ ਸਿਰਫ਼ ਪਾਰਟੀਆਂ ਦੀ ਨਹੀਂ, ਸਗੋਂ ਪੰਜਾਬ ਦੇ ਭਵਿੱਖ ਦੀ ਚੋਣ ਹੋਵੇਗੀ।

# ਪੰਜਾਬ ਵਜ਼ਾਰਤ 'ਚੋਂ ਰੇਤ ਵਾਂਗ ਕਿਰਿਆ ਮਾਝਾ

ਕਮਲਜੀਤ ਸਿੰਘ ਬਨਵੈਤ
98147 34035



- ਆਮ ਆਦਮੀ ਪਾਰਟੀ ਦਾ ਛੇਵਾਂ ਨੇਤਾ ਫਸਿਆ ਕਾਨੂੰਨੀ ਜਾਲ 'ਚ
- ਲਾਲਜੀਤ ਸਿੰਘ ਭੁੱਲਰ ਮਾਮਲੇ ਨੂੰ ਲੈ ਕੇ ਘਿਰ ਗਈ ਸਰਕਾਰ
- ਮਾਨ ਵਲੋਂ ਬਣਾਏ ਸਾਕਾਰਾਤਮਕ ਮਾਹੌਲ ਨੂੰ ਵੱਜੀ ਸੱਟ, ਇਕੱਲੇ ਲੜ ਰਹੇ ਨੇ ਫਰੰਟ 'ਤੇ ਹੋ ਕੇ ਲੜਾਈ
- ਪਹਿਲੀ ਵਾਰ ਹੋਇਆ ਕਿ ਕਿਸੀ ਸਰਕਾਰ ਦੇ ਦੋ ਵਿਧਾਇਕ ਇਕੱਠੇ ਪੁਲਿਸ ਹਿਰਾਸਤ ਵਿੱਚ ਬੰਦ ਹੋਏ

ਆਮ ਆਦਮੀ ਪਾਰਟੀ ਨੇ ਚੋਣਾਂ ਜਿੱਤਣ ਤੋਂ ਬਾਅਦ ਮੰਤਰੀ ਮੰਡਲ ਦੇ ਗਠਨ ਵੇਲੇ ਮਾਝਾ , ਮਾਲਵਾ ਤੇ ਦੁਆਬੇ ਨੂੰ ਬਣਦੀ ਹਿੱਸੇਦਾਰੀ ਕੀਤੀ ਸੀ। ਵਜ਼ਾਰਤ ਵਿੱਚ ਦੋ ਵਾਰ ਦੇ ਵਾਧੇ ਤੋਂ ਬਾਅਦ ਮਾਝੇ ਦੇ ਪੰਜ ਵਿਧਾਇਕਾਂ ਨੂੰ ਮੰਤਰੀ ਮੰਡਲ ਵਿੱਚ ਨੁਮਾਇੰਦਗੀ ਮਿਲੀ ਸੀ। ਮਾਝੇ ਵਾਲਿਆਂ ਦੇ ਹਿੱਸੇ ਮਹਿਕਮੇ ਵੀ ਮਾਲਦਾਰ ਆਏ ਸਨ। ਹੌਲੀ ਹੌਲੀ ਕਰਕੇ ਮਾਝੇ ਦੇ ਮੰਤਰੀ ਵਜ਼ਾਰਤ ਵਿੱਚੋਂ ਕਿਰਦੇ ਗਏ। ਇਸ ਵੇਲੇ ਪੰਜਾਬ ਮੰਤਰੀ ਮੰਡਲ ਵਿੱਚ ਮਾਝੇ ਤੋਂ ਕੇਵਲ ਦੋ ਮੰਤਰੀ ਹਨ।

ਪੰਜਾਬ ਵਜ਼ਾਰਤ ਵਿੱਚ ਮਾਝੇ ਤੋਂ ਤਿੰਨ ਵਿਧਾਇਕਾਂ ਕੁਲਦੀਪ ਸਿੰਘ ਧਾਲੀਵਾਲ, ਲਾਲਜੀਤ ਸਿੰਘ ਭੁੱਲਰ ਅਤੇ ਹਰਭਜਨ ਸਿੰਘ ਈਟੀਓ ਨੂੰ ਪ੍ਰਤੀਨਿੱਧਤਾ ਮਿਲ ਗਈ। ਬਾਅਦ ਵਿੱਚ ਇੰਦਰਜੀਤ ਸਿੰਘ ਨਿੱਜਰ ਅਤੇ ਲਾਲ ਚੰਦ ਕਟਾਰੂਚੱਕ ਉੱਤੇ ਵੀ ਗੁਣਾ ਪੈ ਗਿਆ ਸੀ। ਲਾਲ ਚੰਦ ਕਟਾਰੂਚੱਕ ਵਿਵਾਦਾਂ ਵਿੱਚ ਤਾਂ ਘਿਰੇ ਪਰ ਉਹਨਾਂ ਨੇ ਝੰਡੀ ਵਾਲੀ ਕਾਰ ਵਾਲੀ ਕਾਰ ਹੱਥੋਂ ਨਹੀਂ ਜਾਣ ਦਿੱਤੀ। ਇਸ ਦੇ ਉਲਟ ਸਥਾਨਕ ਸਰਕਾਰ ਮੰਤਰੀ ਇੰਦਰਜੀਤ ਸਿੰਘ ਨਿੱਜਰ ਇੱਕ ਹਲਕੇ ਜਿਹੇ ਝਟਕੇ ਨਾਲ ਹੀ ਮੰਤਰੀ ਮੰਡਲ ਵਿੱਚੋਂ ਪਰੇ ਜਾ ਡਿੱਗੇ। ਉਸ ਤੋਂ ਬਾਅਦ ਕੁਲਦੀਪ ਸਿੰਘ ਧਾਲੀਵਾਲ ਦੀ ਛੁੱਟੀ ਕੀਤੀ ਗਈ ਹਾਲਾਂਕਿ ਇਸ ਤੋਂ ਪਹਿਲਾਂ ਉਹਨਾਂ ਤੋਂ ਅਹਿਮ ਮਹਿਕਮੇ ਵਾਪਸ ਲੈ ਕੇ ਖੰਭ ਕੁਤਰੇ ਤੇ ਗਏ ਸਨ। ਬਾਅਦ ਵਿੱਚ ਉਹਨਾਂ ਨੂੰ ਮੁੱਖ ਬੁਲਾਰਾ ਲਾ ਕੇ ਮੁੜ ਤੋਂ ਪਲੋਸ ਲਿਆ ਗਿਆ ਹੈ। ਉਹ ਇੱਕ ਬੇਬਾਕ ਲੀਡਰ ਹਨ।

ਲਾਲਜੀਤ ਸਿੰਘ ਭੁੱਲਰ ਨੂੰ ਵਜ਼ੀਰੀ ਤੋਂ ਹੀ ਹੱਥ ਨਹੀਂ ਧੋਣੇ ਪਏ ਸਗੋਂ ਜੇਲ੍ਹ ਦੀ ਹਵਾ ਵੀ ਖਾਣੀ ਪੈ ਸਕਦੀ ਹੈ। ਸਰਕਾਰੀ ਅਫਸਰ ਗਗਨਦੀਪ ਸਿੰਘ ਰੰਧਾਵਾ ਨੂੰ ਆਤਮ ਹੱਤਿਆ ਕਰਨ ਲਈ ਮਜਬੂਰ ਕਰਨ ਦੇ ਦੋਸ਼ਾਂ ਹੇਠ ਪਹਿਲਾਂ ਉਹਨਾਂ ਖਿਲਾਫ ਐਫ ਆਈ ਆਰ ਦਰਜ ਕੀਤੀ ਗਈ ਅਤੇ ਬਾਅਦ ਵਿੱਚ ਗ੍ਰਿਫਤਾਰ ਕਰ ਲਿਆ। ਇਸ ਤਰ੍ਹਾਂ ਮਾਝੇ ਤੋਂ ਕੇਵਲ ਦੋ ਵਿਧਾਇਕ ਹਰਭਜਨ ਸਿੰਘ ਈਟੀਓ, ਲਾਲ ਚੰਦ ਕਟਾਰੂਚੱਕ ਪੰਜਾਬ ਦੀ ਵਜ਼ਾਰਤ ਵਿੱਚ ਮਾਝੇ ਤੋਂ ਨੁਮਾਇੰਦਗੀ ਕਰ ਰਹੇ ਹਨ। ਲਾਲਜੀਤ ਸਿੰਘ ਭੁੱਲਰ ਦੀ ਲਾਲਸਾ ਨੇ ਲੀਹ ਉੱਤੇ ਚੜ੍ਹੀ ਆਮ ਆਦਮੀ ਪਾਰਟੀ ਮੂਹਰੇ ਕਈ ਤਰ੍ਹਾਂ ਦੀਆਂ ਦਿੱਕਤਾਂ ਖੜ੍ਹੀਆਂ ਕਰ ਦਿੱਤੀਆਂ ਹਨ। ਲਾਲਜੀਤ ਸਿੰਘ ਭੁੱਲਰ ਦਾ ਟਰਾਂਸਪੋਰਟ ਮਹਿਕਮਾ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਅਤੇ ਜੇਲ੍ਹ ਵਿਭਾਗ ਡਾਕਟਰ ਰਵਜੋਤ ਨੂੰ ਦੇ ਦਿੱਤਾ ਗਿਆ ਹੈ। ਡਾਕਟਰ ਰਵਜੋਤ ਕੌਰ ਪਹਿਲਾਂ ਕੇਵਲ ਐਨਆਰਆਈ ਵਿਭਾਗ ਹੀ ਸੀ। ਕੁਲਦੀਪ ਸਿੰਘ ਧਾਲੀਵਾਲ ਦੀ ਛੁੱਟੀ ਕਰਨ ਤੋਂ ਪਹਿਲਾਂ ਵੀ ਉਸ ਨੂੰ ਐਨ ਆਰਆਈ ਮੰਤਰਾਲਾ ਦੇ ਕੇ ਖੂੰਜੇ ਲਾਇਆ ਗਿਆ ਸੀ। ਹਰਭਜਨ ਸਿੰਘ ਈਟੀਓ ਕੋਲ ਲੋਕ ਨਿਰਮਾਣ ਅਤੇ ਲਾਲ ਚੰਦ ਕਟਾਰੂਚੱਕ ਕੋਲ ਖੁਰਾਕ ਤੇ ਸਪਲਾਈ ਜਿਹੇ ਅਹਿਮ ਮਹਿਕਮੇ ਹਨ। ਅੰਮ੍ਰਿਤਸਰ ਤੋਂ ਵਿਧਾਇਕ ਅਤੇ ਸਾਬਕਾ ਆਈਪੀਐਸ ਕੁੰਵਰ ਵਿਜੇ ਪ੍ਰਤਾਪ ਸਿੰਘ ਨੂੰ ਬਗਾਵਤ ਕਾਰਨ ਪਹਿਲਾਂ ਹੀ ਪਾਰਟੀ ਵਿੱਚੋਂ ਬਾਹਰ ਦਾ ਰਸਤਾ ਦਿਖਾਇਆ ਗਿਆ ਹੈ, ਜਿਸ ਕਰਕੇ ਦੁਬਾਰਾ ਤੋਂ ਇੰਦਰਜੀਤ ਸਿੰਘ ਨਿੱਜਰ ਨੂੰ ਝੰਡੀ ਵਾਲੀ ਗੱਡੀ ਮਿਲ ਸਕਦੀ ਹੈ।

ਲਾਲਜੀਤ ਸਿੰਘ ਭੁੱਲਰ ਤੋਂ ਬਾਅਦ ਸਨੌਰ ਤੋਂ ਵਿਧਾਇਕ ਹਰਮੀਤ ਸਿੰਘ ਪਠਾਨ ਮਾਜਰਾ ਨੂੰ ਪੰਜਾਬ ਪੁਲਿਸ ਨੇ ਗਵਾਲੀਅਰ ਤੋਂ ਨੱਪ ਲਿਆ ਹੈ। ਅਕਤੂਬਰ ਵਿੱਚ ਪਰਚਾ ਦਰਜ ਹੋਣ ਤੋਂ ਬਾਅਦ ਬਰਾਸਤ ਨੇਪਾਲ, ਆਸਟਰੇਲੀਆ ਅੱਜ ਆਪ ਪੁੱਜੇ ਸਨ। ਕਈ ਮਹੀਨੇ ਆਸਟਰੇਲੀਆ ਰਹਿਣ ਤੋਂ ਬਾਅਦ ਉਹ ਪਹਿਲਾਂ ਦੁਬਈ ਅਤੇ ਫਿਰ ਬਰਾਸਤਾ ਨੇਪਾਲ ਭਾਰਤ ਵਿੱਚ ਦਾਖ਼ਲ ਹੁੰਦੇ ਹਨ। ਉਹਨਾਂ ਵੱਲੋਂ ਇੰਗਲੈਂਡ ਦੇ ਵਰਤੇ ਜਾ ਰਹੇ ਫ਼ੋਨ ਨੰਬਰ ਦੇ ਡੌਂਗਲ ਨੇ ਬਿਪਤਾ ਖੜੀ ਕੀਤੀ ਜਾਂਦੀ ਦੱਸੀ ਗਈ ਹੈ। ਉਹ ਪਟਿਆਲਾ ਪੁਲਿਸ ਦੀ ਹਿਰਾਸਤ ਵਿੱਚ ਹਨ।

ਸਾਬਕਾ ਮੰਤਰੀ ਲਾਲਜੀਤ ਸਿੰਘ ਭੁੱਲਰ ਦੀ ਗ੍ਰਿਫਤਾਰੀ ਤੋਂ ਬਾਅਦ ਪੰਜਾਬ ਦੀ ਸਿਆਸਤ ਵਿੱਚ ਜਿਸ ਵੇਲੇ ਭਾਰੀ ਉਥਲ ਪੁੱਥਲ ਚੱਲ ਰਹੀ ਹੈ। ਪਾਰਟੀ ਦੇ ਵਿਧਾਇਕ ਹਰਮੀਤ ਸਿੰਘ ਪਠਾਣਮਾਜਰਾ ਦੀ ਗ੍ਰਿਫਤਾਰੀ ਨਾਲ ਉਹ ਛੇਵੇਂ ਅਜਿਹੇ ਨੇਤਾ ਬਣ ਗਏ ਹਨ, ਜਿਨ੍ਹਾਂ ਨੂੰ ਸੂਬੇ ਵਿੱਚ ਆਪਣੀ ਸਰਕਾਰ ਹੁੰਦਿਆਂ ਗ੍ਰਿਫਤਾਰ ਹੋਣਾ ਪਿਆ ਹੈ। ਸਭ ਤੋਂ ਪਹਿਲਾਂ ਮਾਨਸਾ ਤੋਂ ਵਿਧਾਇਕ ਵਿਜੇ ਸਿੰਗਲਾ ਨੂੰ ਭ੍ਰਿਸ਼ਟਾਚਾਰ ਦੇ ਦੋਸ਼ਾਂ ਹੇਠ ਜੇਲ੍ਹ ਦੀਆਂ ਸਲਾਖਾਂ ਪਿੱਛੇ ਜਾਣਾ ਪਿਆ ਸੀ। ਉਹਨਾਂ ਤੋਂ ਬਾਅਦ ਬਠਿੰਡਾ ਦਿਹਾਤੀ ਤੋਂ ਐਮਐਲਏ ਅੰਮ੍ਰਿਤ ਰਤਨ ਅਤੇ ਜਲੰਧਰ ਤੋਂ ਰਮਨ ਅਰੋੜਾ ਉੱਤੇ ਗਾਜ਼ ਗਿਰਦੀ ਹੈ। ਫਿਰ ਮਨਜੀਤ ਸਿੰਘ ਲਾਲਪੁਰਾ ਦਾ ਨੰਬਰ ਲੱਗਦਾ ਹੈ। ਵੈਸੇ ਸਾਬਕਾ ਮੰਤਰੀ ਚੇਤਨ ਸਿੰਘ ਜੌੜੇਮਾਜਰਾ ਅਤੇ ਫੌਜਾ ਸਿੰਘ ਸਰਾਰੀ ਨੇ ਵੀ ਪਾਰਟੀ ਲਈ ਸਮੇਂ ਸਮੇਂ ਦਿੱਕਤਾਂ ਖੜ੍ਹੀਆਂ ਕੀਤੀਆਂ ਸਨ।

ਹਰਮੀਤ ਸਿੰਘ ਪਠਾਣਮਾਜਰਾ ਦੀ ਕਿਸੇ ਵੇਲੇ ਪੰਜਾਬ ਸਰਕਾਰ ਵਿੱਚ ਤੂਤੀ ਬੋਲਦੀ ਸੀ। ਉਹ ਆਪਣੇ ਹਲਕੇ ਵਿੱਚ ਮਜ਼ਬੂਤ ਪਕੜ ਰੱਖਦੇ ਸਨ। ਉਹਨਾਂ ਦੀ ਮੁੱਖ ਮੰਤਰੀ ਪਰਿਵਾਰ ਨਾਲ ਨੇੜੇ ਦੀ ਰਿਸ਼ਤੇਦਾਰੀ ਦੱਸੀ ਜਾ ਰਹੀ ਹੈ। ਉਹਨਾਂ ਦੀ ਕਿਸਮਤ ਨੇ ਉਦੋਂ ਗੇੜਾ ਖਾਧਾ ਜਦੋਂ ਉਹਨਾਂ ਨੇ ਪਾਰਟੀ ਵਿੱਚ ਰਹਿੰਦਿਆਂ ਹੀ ਆਪਣੀ ਸਰਕਾਰ ਅਤੇ ਪ੍ਰਸ਼ਾਸਨ ਉੱਤੇ ਸਵਾਲ ਖੜ੍ਹੇ ਕਰਨੇ ਸ਼ੁਰੂ ਕਰ ਦਿੱਤੇ। ਉਹ ਪਾਰਟੀ ਦੀ ਲਾਈਨ ਤੋਂ ਲਾਂਭੇ ਜਾਂਦੇ ਰਹੇ। ਉਹਨਾਂ ਵੱਲੋਂ ਇੱਕ ਔਰਤ ਵੱਲੋਂ ਲਾਏ ਗਏ ਗੰਭੀਰ ਦੋਸ਼ਾਂ ਨੂੰ ਲੈ ਕੇ ਪਹਿਲਾਂ ਦਰਜ ਕੀਤੀ ਐਫਆਈਆਰ ਨੂੰ ਆਧਾਰ ਬਣਾ ਕੇ ਪੁਲਿਸ ਨੇ ਨੱਪਣਾ ਚਾਹਿਆ ਪਰ ਉਹ ਸਨੌਰ ਤੋਂ ਖਿਸਕ ਕਰਨਾਲ ਜਾ ਪੁੱਜੇ। ਜਿੱਥੋਂ ਉਹ ਪੁਲਿਸ ਨੂੰ ਇੱਕ ਤਰ੍ਹਾਂ ਨਾਲ ਚਕਮਾ ਦੇ ਕੇ ਫ਼ਰਾਰ ਹੋ ਗਏ। ਪੰਜਾਬ ਪੁਲਿਸ ਨੇ ਉਹਨਾਂ ਨੂੰ ਪੰਜ ਮਹੀਨਿਆਂ ਤੋਂ ਬਾਅਦ ਹੁਣ ਆ ਕੇ ਗਵਾਲੀਅਰ ਤੋਂ ਗਿਰਫ਼ਤਾਰ ਕੀਤਾ ਹੈ।

ਸਾਬਕਾ ਕੈਬਨਿਟ ਮੰਤਰੀ ਲਾਲਜੀਤ ਸਿੰਘ ਭੁੱਲਰ ਦਾ ਮਾਮਲਾ ਸਿਆਸੀ ਤੌਰ 'ਤੇ ਸੰਵੇਦਨਸ਼ੀਲ ਹੈ। ਵਿਰੋਧੀ ਪਾਰਟੀਆਂ ਨੇ ਇਸ ਮਾਮਲੇ ਉੱਤੇ ਸਰਕਾਰ ਨੂੰ ਇੱਕਜੁੱਟ ਹੋ ਕੇ ਘੇਰਿਆ ਹੈ। ਵਿਰੋਧੀ ਧਿਰਾਂ ਵੱਲੋਂ ਸੀਬੀਆਈ ਜਾਂਚ ਦੀ ਮੰਗ ਕੀਤੀ ਜਾ ਰਹੀ ਹੈ ਜਦੋਂ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਇਹ ਕਹਿ ਕੇ ਖ਼ਾਰਜ ਕਰ ਦਿੱਤਾ ਹੈ ਕਿ ਪੰਜਾਬ ਪੁਲਿਸ ਜਾਂਚ ਕਰਨ ਦੇ ਸਮਰੱਥ ਹੈ। ਦਿਲਚਸਪ ਗੱਲ ਇਹ ਹੈ ਕਿ ਮੁਲਕ ਦੀ ਪਾਰਲੀਮੈਂਟ ਵਿੱਚ ਕਾਂਗਰਸ ਦੇ ਚਾਰ ਐਮ ਪੀ ਸੀਬੀਆਈ ਦੀ ਜਾਂਚ ਦੀ ਮੰਗ ਨੂੰ ਲੈ ਕੇ ਮੁਲਕ ਦੇ ਗ੍ਰਹਿ ਮੰਤਰੀ ਅਮਿਤ ਸ਼ਾਹ ਨੂੰ ਇੱਕ ਮੰਗ ਪੱਤਰ ਦਿੰਦੇ ਜਦ ਕਿ ਪੰਜਾਬ ਕਾਂਗਰਸ ਦੇ ਪ੍ਰਧਾਨ ਅਮਰਿੰਦਰ ਸਿੰਘ ਵੜਿੰਗ ਸੀਬੀਆਈ ਦੀ ਜਾਂਚ ਨਾ ਕਰਾਉਣ ਦਾ ਬਿਆਨ ਦੇ ਦਿੰਦੇ ਹਨ। ਉਹਨਾਂ ਦਾ ਇਹ ਕਹਿਣਾ ਕਾਫ਼ੀ ਮਹੱਤਤਾ ਰੱਖਦਾ ਹੈ ਕਿ ਸੀਬੀਆਈ ਉੱਤੇ ਭਰੋਸਾ ਨਹੀਂ ਕੀਤਾ ਜਾ ਸਕਦਾ। ਉਹ ਮਾਮਲੇ ਦੀ ਜਾਂਚ ਕੋਰਟ ਜਾਂ ਸੁਪਰੀਮ ਕੋਰਟ ਦੀ ਨਿਗਰਾਨੀ ਹੇਠ ਕਰਾਉਣ ਦੀ ਸਲਾਹ ਦਿੰਦੇ ਹਨ।

ਪੰਜਾਬ ਦੀਆਂ ਸਿਆਸੀ ਪਾਰਟੀਆਂ ਨੇ ਜਿਵੇਂ ਇੱਕਜੁੱਟਤਾ ਦਿਖਾ ਕੇ ਪੰਜਾਬ ਦੀ ਆਮ ਆਦਮੀ ਪਾਰਟੀ ਦੀ ਸਰਕਾਰ ਨੂੰ ਘੇਰਿਆ ਹੈ ਜੇ ਕਿਤੇ ਪੰਜਾਬ ਨਾਲ ਜੁੜੇ ਮਸਲਿਆਂ ਪਾਣੀ, ਚੰਡੀਗੜ੍ਹ, ਬੀਬੀਐਮਬੀ, ਬੀਐਸਐਫ ਆਦਿ ਮਸਲਿਆਂ ਉੱਤੇ ਇਕੱਠੇ ਹੋ ਕੇ ਲੜਾਈ ਸ਼ੁਰੂ ਕਰ ਦੇਣ ਤਾਂ ਬਿਨਾਂ ਸ਼ੱਕ ਪੰਜਾਬ ਦੀ ਤਕਦੀਰ ਤੇ ਤਸਵੀਰ ਦੋਵੇਂ ਬਦਲ ਜਾਣਗੀਆਂ। ਕੌੜਾ ਸੱਚ ਤਾਂ ਇਹ ਹੈ ਕਿ ਸਾਰੀਆਂ ਪਾਰਟੀਆਂ ਸੱਤਾ ਦੀ ਦੌੜ ਵਿੱਚ ਹਨ ਪਰ ਸੀਨੇ ਵਿੱਚ ਪੰਜਾਬ, ਪੰਜਾਬੀ ਜਾਂ ਪੰਜਾਬੀਅਤ ਲਈ ਕੋਈ ਦਰਦ ਨਹੀਂ ਹੈ।



ਵਿੰਕਲਜੀਤ ਸਿੰਘ ਸਰਾ
9501477889

# ਭਾਰਤੀ ਹਵਾਬਾਜ਼ੀ ਦਾ ਵਿਸਥਾਰ ਅਤੇ ਪੰਜਾਬ ਦੀ ਆਰਥਿਕ ਘੇਰਾਬੰਦੀ

**ਭਾਰਤੀ ਨੀਤੀਆਂ ਵਿੱਚ ਹਵਾਬਾਜ਼ੀ ਖੇਤਰ ਦਾ ਬਦਲਦਾ ਸਰੂਪ ਅਤੇ ਸੰਤੁਲਨ ਦੀ ਲੋੜ :** ਭਾਰਤ ਦੇ ਹਵਾਬਾਜ਼ੀ ਖੇਤਰ ਵਿੱਚ ਪਿਛਲੇ ਕੁਝ ਸਾਲਾਂ ਦੌਰਾਨ ਆਇਆ ਉਛਾਲ ਮਹਿਜ਼ ਬੁਨਿਆਦੀ ਢਾਂਚੇ ਦਾ ਵਿਕਾਸ ਨਹੀਂ ਸਗੋਂ ਦੇਸ਼ ਦੀ ਆਰਥਿਕ ਗਤੀਸ਼ੀਲਤਾ ਦਾ ਪ੍ਰਤੀਕ ਹੈ। ਕੇਂਦਰ ਸਰਕਾਰ ਵੱਲੋਂ 'ਉਡਾਨ' (UDAN) ਸਕੀਮ ਰਾਹੀਂ ਛੋਟੇ ਸ਼ਹਿਰਾਂ ਨੂੰ ਹਵਾਈ ਨਕਸ਼ੇ 'ਤੇ ਲਿਆਉਣ ਦੇ ਵੱਡੇ ਦਾਅਵੇ ਕੀਤੇ ਜਾ ਰਹੇ ਹਨ। ਪਰ ਜਦੋਂ ਅਸੀਂ ਇਸ ਵਿਕਾਸ ਦੀ ਤਸਵੀਰ ਨੂੰ ਪੰਜਾਬ ਦੇ ਸੰਦਰਭ ਵਿੱਚ ਦੇਖਦੇ ਹਾਂ ਤਾਂ ਇੱਕ ਗੰਭੀਰ ਵਿਰੋਧਾਭਾਸ ਨਜ਼ਰ ਆਉਂਦਾ ਹੈ। ਇੱਕ ਪਾਸੇ ਦੇਸ਼ ਵਿੱਚ 200 ਨਵੇਂ ਹਵਾਈ ਅੱਡੇ ਬਣਾਉਣ ਦੀ ਗੱਲ ਹੋ ਰਹੀ ਹੈ ਪਰ ਦੂਜੇ ਪਾਸੇ ਪੰਜਾਬ ਦੇ ਮੌਜੂਦਾ ਹਵਾਈ ਅੱਡਿਆਂ ਦੀ ਪੂਰੀ ਸਮਰੱਥਾ ਨਾਲ ਵਰਤੋਂ ਨਾ ਹੋਣਾ ਕੇਂਦਰੀ ਨੀਤੀਆਂ ਦੀ ਦਿਸ਼ਾ 'ਤੇ ਸਵਾਲ ਖੜ੍ਹੇ ਕਰਦਾ ਹੈ। ਇਹ ਸਿਰਫ਼ ਆਵਾਜਾਈ ਦਾ ਮੁੱਦਾ ਨਹੀਂ, ਸਗੋਂ ਪੰਜਾਬ ਦੀ ਆਰਥਿਕਤਾ ਨੂੰ ਕੌਮਾਂਤਰੀ ਪੱਧਰ 'ਤੇ ਮਿਲਣ ਵਾਲੇ ਮੌਕਿਆਂ ਤੋਂ ਵਾਂਝੇ ਰੱਖਣ ਵਾਲੀ ਨੀਤੀ ਜਾਪਦੀ ਹੈ।

**ਵਿਸ਼ੇ ਦੀ ਗੰਭੀਰਤਾ ਅਤੇ ਸੀਮਤ ਦਾਇਰੇ ਵਿੱਚ ਮੁੱਖ ਨੁਕਤਿਆਂ ਦੀ ਚੋਣ :** ਇਹ ਵਿਸ਼ਾ ਇੰਨਾ ਵਿਸ਼ਾਲ ਅਤੇ ਸੰਵੇਦਨਸ਼ੀਲ ਹੈ ਕਿ ਜੇਕਰ ਅਸੀਂ ਇਸ ਦੀਆਂ ਬਾਰੀਕੀਆਂ, ਤਕਨੀਕੀ ਵੇਰਵਿਆਂ ਅਤੇ ਇਤਿਹਾਸਕ ਅੰਕੜਿਆਂ ਦੀ ਡੂੰਘੀ ਡਿਟੇਲ ਵਿੱਚ ਜਾਈਏ ਤਾਂ ਇਹ ਲੇਖ ਹਜ਼ਾਰਾਂ ਪੰਨਿਆਂ ਦਾ ਇੱਕ ਵੱਡਾ ਗ੍ਰੰਥ ਬਣ ਸਕਦਾ ਹੈ। ਹਰੇਕ ਹਵਾਈ ਅੱਡੇ ਦੀ ਆਪਣੀ ਕਹਾਣੀ, ਆਪਣੀ ਸਿਆਸਤ ਅਤੇ ਆਪਣੀਆਂ ਆਰਥਿਕ ਚੁਣੌਤੀਆਂ ਹਨ। ਪਰ ਪਾਠਕਾਂ ਦੀ ਸਹੂਲਤ ਅਤੇ ਮੌਜੂਦਾ ਸਮੇਂ ਦੀ ਨਜ਼ਾਕਤ ਨੂੰ ਦੇਖਦੇ ਹੋਏ ਮੈਂ ਇਸ ਲੇਖ ਨੂੰ ਸਿਰਫ਼ ਉਨ੍ਹਾਂ ਪ੍ਰਮੁੱਖ ਅਤੇ ਭਖਦੇ ਮੁੱਦਿਆਂ 'ਤੇ ਹੀ ਕੇਂਦਰਿਤ ਰੱਖਿਆ ਹੈ ਜੋ ਪੰਜਾਬ ਦੀ ਹਵਾਬਾਜ਼ੀ ਅਤੇ ਆਰਥਿਕਤਾ ਨੂੰ ਸਿੱਧੇ ਤੌਰ 'ਤੇ ਪ੍ਰਭਾਵਿਤ ਕਰਦੇ ਹਨ। ਇਸ ਪੜਚੋਲ ਦਾ ਮੁੱਖ ਮਕਸਦ ਕੇਂਦਰ ਅਤੇ ਰਾਜ ਦੇ ਸਬੰਧਾਂ ਵਿੱਚ ਆ ਰਹੀ ਖਟਾਸ ਅਤੇ ਪੰਜਾਬੀ ਪ੍ਰਵਾਸੀਆਂ ਦੀਆਂ ਤਕਲੀਫ਼ਾਂ ਨੂੰ ਉਜਾਗਰ ਕਰਨਾ ਹੈ।

**ਅੰਕੜਿਆਂ ਦੀ ਖੇਡ ਅਤੇ ਜ਼ਮੀਨੀ ਹਕੀਕਤ ਦਾ ਪਾੜਾ :** ਹਾਲ ਹੀ ਵਿੱਚ ਸਾਹਮਣੇ ਆਈਆਂ ਰਿਪੋਰਟਾਂ ਮੁਤਾਬਕ ਭਾਰਤ ਵਿੱਚ ਲਗਭਗ 100 ਦੇ ਕਰੀਬ ਹਵਾਈ ਅੱਡੇ ਅਜਿਹੇ ਹਨ ਜੋ ਆਪਣੀ ਸਮਰੱਥਾ ਤੋਂ ਬਹੁਤ ਘੱਟ ਕੰਮ ਕਰ ਰਹੇ ਹਨ ਜਾਂ ਫਿਰ ਉੱਥੇ ਉਡਾਣਾਂ ਦੀ ਗਿਣਤੀ ਨਾਮਾਤਰ ਹੈ। ਅਜਿਹੀ ਸਥਿਤੀ ਵਿੱਚ ਨਵੇਂ ਹਵਾਈ ਅੱਡਿਆਂ ਦੇ ਨਿਰਮਾਣ 'ਤੇ ਅਰਬਾਂ ਰੁਪਏ ਖਰਚਣ ਦੀ ਵਾਜਬੀਅਤ ਸਮਝ ਤੋਂ ਬਾਹਰ ਹੈ। ਪੰਜਾਬ ਵਰਗੇ ਰਾਜ ਲਈ ਜਿਸ ਕੋਲ ਪਹਿਲਾਂ ਹੀ ਅੰਮ੍ਰਿਤਸਰ ਅਤੇ ਚੰਡੀਗੜ੍ਹ (ਮੋਹਾਲੀ) ਵਰਗੇ ਅੰਤਰਰਾਸ਼ਟਰੀ ਪੱਧਰ ਦੇ ਹਵਾਈ ਅੱਡੇ ਹਨ ਨਵੀਂ ਇਮਾਰਤਸਾਜ਼ੀ ਨਾਲੋਂ ਮੌਜੂਦਾ ਢਾਂਚੇ ਨੂੰ ਸਹੀ ਉਡਾਣਾਂ ਅਤੇ ਕਾਰਗੋ ਸਹੂਲਤਾਂ ਨਾਲ ਜੋੜਨਾ ਵਧੇਰੇ ਜ਼ਰੂਰੀ ਸੀ। ਨੀਤੀ ਘਾੜਿਆਂ ਵੱਲੋਂ ਪੁਰਾਣੇ ਹਵਾਈ ਅੱਡਿਆਂ ਨੂੰ ਅਣਗੌਲਿਆਂ ਕਰਕੇ ਨਵੇਂ ਪ੍ਰੋਜੈਕਟਾਂ ਵੱਲ ਭੱਜਣਾ ਸਰਕਾਰੀ ਖ਼ਜ਼ਾਨੇ ਦੀ ਦੁਰਵਰਤੋਂ ਅਤੇ ਗਲਤ ਤਰਜੀਹਾਂ ਦਾ ਨਮੂਨਾ ਪੇਸ਼ ਕਰਦਾ ਹੈ।

**ਪੰਜਾਬ ਦੀ ਭੂਗੋਲਿਕ ਮਹੱਤਤਾ ਅਤੇ ਐਨ.ਆਰ.ਆਈ. ਭਾਈਚਾਰੇ ਦੀ ਅਣਦੇਖੀ :** ਪੰਜਾਬ ਦੁਨੀਆ ਭਰ ਵਿੱਚ ਫੈਲੇ ਆਪਣੇ ਵਿਸ਼ਾਲ ਪ੍ਰਵਾਸੀ ਭਾਈਚਾਰੇ (Diaspora) ਕਰਕੇ ਇੱਕ ਵਿਲੱਖਣ ਪਛਾਣ ਰੱਖਦਾ ਹੈ। ਕੈਨੇਡਾ, ਅਮਰੀਕਾ, ਯੂਕੇ ਅਤੇ ਆਸਟਰੇਲੀਆ ਵਰਗੇ ਮੁਲਕਾਂ ਵਿੱਚ ਵਸਦੇ ਲੱਖਾਂ ਪੰਜਾਬੀ ਹਰ ਸਾਲ ਆਪਣੇ ਵਤਨ ਫੇਰੀ ਪਾਉਂਦੇ ਹਨ। ਪਰ ਕੇਂਦਰ ਦੀਆਂ ਹਵਾਈ ਨੀਤੀਆਂ ਵਿੱਚ ਪੰਜਾਬ ਦੇ ਇਨ੍ਹਾਂ ਯਾਤਰੀਆਂ ਨੂੰ ਦਿੱਲੀ ਦੇ ਇੰਦਰਾ ਗਾਂਧੀ ਅੰਤਰਰਾਸ਼ਟਰੀ ਹਵਾਈ ਅੱਡੇ 'ਤੇ ਨਿਰਭਰ ਰੱਖਣ ਦੀ ਇੱਕ ਅਣਘੋਸ਼ਿਤ ਯੋਜਨਾ ਨਜ਼ਰ ਆਉਂਦੀ ਹੈ। ਜਦੋਂ ਤੱਕ ਪੰਜਾਬ ਤੋਂ ਸਿੱਧੀਆਂ ਅੰਤਰਰਾਸ਼ਟਰੀ ਉਡਾਣਾਂ ਸ਼ੁਰੂ ਨਹੀਂ ਹੁੰਦੀਆਂ ਉਦੋਂ ਤੱਕ ਰਾਜ ਦੇ ਹਵਾਈ ਅੱਡਿਆਂ ਦਾ ਮਾਲੀਆ ਨਹੀਂ ਵਧ ਸਕਦਾ। ਇਹ ਵਿਤਕਰਾ ਉਦੋਂ ਹੋਰ ਵੀ ਸਪੱਸ਼ਟ ਹੋ ਜਾਂਦਾ ਹੈ ਜਦੋਂ ਗੁਜਰਾਤ ਜਾਂ ਦੱਖਣੀ ਭਾਰਤ ਦੇ ਕਈ ਛੋਟੇ ਸ਼ਹਿਰਾਂ ਨੂੰ ਸਿੱਧੀਆਂ ਵਿਦੇਸ਼ੀ ਉਡਾਣਾਂ ਦੀ ਸਹੂਲਤ ਦਿੱਤੀ ਜਾਂਦੀ ਹੈ ਜਦਕਿ ਪੰਜਾਬ ਦੀ ਮੰਗ ਨੂੰ ਹਮੇਸ਼ਾ 'ਤਕਨੀਕੀ ਕਾਰਨਾਂ' ਦਾ ਹਵਾਲਾ ਦੇ ਕੇ ਟਾਲ ਦਿੱਤਾ ਜਾਂਦਾ ਹੈ।

**ਦਿੱਲੀ ਹਵਾਈ ਅੱਡੇ ਦੀ ਇਜ਼ਾਰੇਦਾਰੀ ਅਤੇ ਪੰਜਾਬ ਦਾ ਨੁਕਸਾਨ :** ਕੇਂਦਰੀ ਹਵਾਬਾਜ਼ੀ ਮੰਤਰਾਲੇ ਦੀਆਂ ਨੀਤੀਆਂ ਕਾਰਨ ਦਿੱਲੀ ਹਵਾਈ ਅੱਡਾ ਇੱਕ ਅਜਿਹੇ 'ਹੱਬ' ਬਣ ਗਿਆ ਹੈ ਜੋ ਗੁਆਂਢੀ ਰਾਜਾਂ, ਖਾਸ ਕਰਕੇ ਪੰਜਾਬ, ਦੇ ਹਵਾਈ ਟਰੈਫਿਕ ਨੂੰ ਨਿਗਲ ਰਿਹਾ ਹੈ। ਪੰਜਾਬ ਦੇ ਯਾਤਰੀਆਂ ਨੂੰ ਦਿੱਲੀ ਜਾਣ ਲਈ ਮਜਬੂਰ ਕਰਨਾ ਨਾ ਸਿਰਫ਼ ਉਨ੍ਹਾਂ ਦੇ ਸਮੇਂ ਅਤੇ ਪੈਸੇ ਦੀ ਬਰਬਾਦੀ ਹੈ ਸਗੋਂ ਇਹ ਦਿੱਲੀ ਹਵਾਈ ਅੱਡੇ ਦੇ ਨਿੱਜੀ ਸੰਚਾਲਕਾਂ ਨੂੰ ਫਾਇਦਾ ਪਹੁੰਚਾਉਣ ਦਾ ਇੱਕ ਜ਼ਰੀਆ ਵੀ ਬਣਿਆ ਹੋਇਆ ਹੈ। ਜੇਕਰ ਅੰਮ੍ਰਿਤਸਰ ਅਤੇ ਚੰਡੀਗੜ੍ਹ ਤੋਂ ਸਿੱਧੀਆਂ ਉਡਾਣਾਂ ਦੀ ਇਜਾਜ਼ਤ ਦਿੱਤੀ ਜਾਵੇ ਤਾਂ ਦਿੱਲੀ 'ਤੇ ਬੋਝ ਘਟੇਗਾ ਅਤੇ ਪੰਜਾਬ ਦੇ ਹਵਾਈ ਅੱਡੇ ਆਤਮ-ਨਿਰਭਰ ਹੋ ਸਕਣਗੇ। ਪਰ ਅਜਿਹਾ ਕਰਨ ਦੀ ਬਜਾਏ ਅਕਸਰ ਦੁਵੱਲੇ ਹਵਾਈ ਸਮਝੌਤਿਆਂ (Bilateral Agreements) ਵਿੱਚ ਪੰਜਾਬ ਨੂੰ ਤਰਜੀਹ ਨਹੀਂ ਦਿੱਤੀ ਜਾਂਦੀ ਜੋ ਕਿ ਰਾਜ ਨਾਲ ਸਿੱਧਾ ਵਿਤਕਰਾ ਹੈ।




**ਖੇਤੀਬਾੜੀ ਅਤੇ ਵਪਾਰ ਲਈ ਕਾਰਗੋ ਸਹੂਲਤਾਂ ਦੀ ਘਾਟ :** ਪੰਜਾਬ ਸਿਰਫ਼ ਯਾਤਰੀਆਂ ਦਾ ਹੀ ਨਹੀਂ ਸਗੋਂ ਉਤਪਾਦਨ ਦਾ ਵੀ ਗੜ੍ਹ ਹੈ। ਪੰਜਾਬ ਦੀਆਂ ਸਬਜ਼ੀਆਂ, ਫਲ ਅਤੇ ਹੱਥ-ਕਲਾ ਦੀਆਂ ਵਸਤਾਂ ਦੀ ਕੌਮਾਂਤਰੀ ਬਾਜ਼ਾਰ ਵਿੱਚ ਭਾਰੀ ਮੰਗ ਹੈ। ਹਵਾਈ ਮਾਰਗ ਰਾਹੀਂ ਮਾਲ-ਢੋਆ-ਢੁਆਈ (Cargo) ਕਿਸੇ ਵੀ ਰਾਜ ਦੀ ਆਰਥਿਕਤਾ ਨੂੰ ਹੁਲਾਰਾ ਦੇ ਸਕਦੀ ਹੈ। ਪਰ ਪੰਜਾਬ ਦੇ ਹਵਾਈ ਅੱਡਿਆਂ 'ਤੇ ਕੋਲਡ ਸਟੋਰੇਜ ਅਤੇ ਕਾਰਗੋ ਦੀਆਂ ਆਧੁਨਿਕ ਸਹੂਲਤਾਂ ਦੀ ਘਾਟ ਕਾਰਨ ਇੱਥੋਂ ਦੇ ਕਿਸਾਨ ਅਤੇ ਵਪਾਰੀ ਆਪਣੇ ਉਤਪਾਦ ਸਿੱਧੇ ਵਿਦੇਸ਼ ਨਹੀਂ ਭੇਜ ਸਕਦੇ। ਕੇਂਦਰ ਸਰਕਾਰ ਦੀਆਂ ਨੀਤੀਆਂ ਵਿੱਚ ਪੰਜਾਬ ਨੂੰ ਇੱਕ ਕਾਰਗੋ ਹੱਬ ਵਜੋਂ ਵਿਕਸਤ ਕਰਨ ਦੀ ਕੋਈ ਠੋਸ ਯੋਜਨਾ ਨਜ਼ਰ ਨਹੀਂ ਆਉਂਦੀ, ਜਿਸ ਕਾਰਨ ਰਾਜ ਦੇ ਉਤਪਾਦਕਾਂ ਨੂੰ ਦਿੱਲੀ ਜਾਂ ਹੋਰ ਦੂਰ-ਦੁਰਾਡੇ ਦੇ ਬੰਦਰਗਾਹਾਂ 'ਤੇ ਨਿਰਭਰ ਹੋਣਾ ਪੈਂਦਾ ਹੈ।

**ਸਰਹੱਦੀ ਰਾਜ ਦੀਆਂ ਚੁਣੌਤੀਆਂ ਅਤੇ ਰਾਸ਼ਟਰੀ ਸੁਰੱਖਿਆ ਦੇ ਬਹਾਨੇ :** ਪੰਜਾਬ ਇੱਕ ਸਰਹੱਦੀ ਰਾਜ ਹੋਣ ਕਰਕੇ ਅਕਸਰ 'ਸੁਰੱਖਿਆ ਕਾਰਨਾਂ' ਦਾ ਹਵਾਲਾ ਦੇ ਕੇ ਇੱਥੋਂ ਦੀਆਂ ਹਵਾਈ ਗਤੀਵਿਧੀਆਂ ਨੂੰ ਸੀਮਿਤ ਰੱਖਿਆ ਜਾਂਦਾ ਹੈ। ਜਦੋਂ ਕਿ ਦੁਨੀਆ ਦੇ ਕਈ ਦੇਸ਼ਾਂ ਵਿੱਚ ਸਰਹੱਦੀ ਇਲਾਕਿਆਂ ਵਿੱਚ ਵੀ ਮਜ਼ਬੂਤ ਹਵਾਈ ਸੰਪਰਕ ਹੁੰਦਾ ਹੈ ਜੋ ਆਰਥਿਕ ਤਰੱਕੀ ਵਿੱਚ ਸਹਾਈ ਹੁੰਦਾ ਹੈ। ਪੰਜਾਬ ਨਾਲ ਹੋ ਰਹੀ ਅਣਦੇਖੀ ਦਾ ਇੱਕ ਵੱਡਾ ਕਾਰਨ ਇਹ ਵੀ ਹੈ ਕਿ ਕੇਂਦਰ ਸਰਕਾਰ ਵੱਲੋਂ ਰਾਜ ਦੀ ਭੂਗੋਲਿਕ ਸਥਿਤੀ ਨੂੰ ਵਿਕਾਸ ਦੀ ਬਜਾਏ ਹਮੇਸ਼ਾ ਇੱਕ ਚੁਣੌਤੀ ਵਜੋਂ ਪੇਸ਼ ਕੀਤਾ ਜਾਂਦਾ ਹੈ। ਇਹ ਸੋਚ ਪੰਜਾਬ ਦੇ ਵਪਾਰਕ ਹਿੱਤਾਂ ਨੂੰ ਨੁਕਸਾਨ ਪਹੁੰਚਾ ਰਹੀ ਹੈ।

**ਕੇਂਦਰ ਅਤੇ ਰਾਜ ਸਰਕਾਰਾਂ ਵਿਚਾਲੇ ਤਾਲਮੇਲ ਦਾ ਖਲਾਅ :** ਹਵਾਈ ਅੱਡਿਆਂ ਦੇ ਵਿਕਾਸ ਵਿੱਚ ਸਿਰਫ਼ ਕੇਂਦਰ ਹੀ ਨਹੀਂ ਸਗੋਂ ਰਾਜ ਸਰਕਾਰ ਦੀ ਭੂਮਿਕਾ ਵੀ ਅਹਿਮ ਹੁੰਦੀ ਹੈ। ਜ਼ਮੀਨ ਦੀ ਉਪਲਬਧਤਾ, ਸੜਕੀ ਸੰਪਰਕ ਅਤੇ ਸਥਾਨਕ ਟੈਕਸਾਂ ਵਿੱਚ ਛੋਟ ਵਰਗੇ ਮੁੱਦੇ ਰਾਜ ਸਰਕਾਰ ਦੇ ਅਧਿਕਾਰ ਖੇਤਰ ਵਿੱਚ ਆਉਂਦੇ ਹਨ। ਪੰਜਾਬ ਵਿੱਚ ਅਕਸਰ ਕੇਂਦਰ ਅਤੇ ਰਾਜ ਵਿਚਾਲੇ ਸਿਆਸੀ ਖਿੱਚੋਤਾਣ ਕਾਰਨ ਕਈ ਅਹਿਮ ਪ੍ਰੋਜੈਕਟ, ਜਿਵੇਂ ਕਿ ਹਲਵਾਰਾ ਦਾ ਸਿਵਲ ਟਰਮੀਨਲ ਦੇਰੀ ਦਾ ਸ਼ਿਕਾਰ ਹੁੰਦੇ ਰਹੇ ਹਨ। ਜਦੋਂ ਤੱਕ ਦੋਵੇਂ ਸਰਕਾਰਾਂ ਸਿਆਸੀ ਵਖਰੇਵਿਆਂ ਤੋਂ ਉੱਪਰ ਉੱਠ ਕੇ 'ਪੰਜਾਬ ਹਿੱਤ' ਵਿੱਚ ਇਕੱਠੀਆਂ ਨਹੀਂ ਹੁੰਦੀਆਂ ਉਦੋਂ ਤੱਕ ਸੂਬਾ ਹਵਾਬਾਜ਼ੀ ਦੇ ਖੇਤਰ ਵਿੱਚ ਪੱਛੜਿਆ ਹੀ ਰਹੇਗਾ।

**ਹੋਰ ਰਾਜਾਂ ਦੇ ਮਾਡਲ ਅਤੇ ਪੰਜਾਬ ਲਈ ਸਿੱਖਿਆ :** ਜੇਕਰ ਅਸੀਂ ਕੇਰਲ ਜਾਂ ਤਾਮਿਲਨਾਡੂ ਵਰਗੇ ਰਾਜਾਂ ਨੂੰ ਦੇਖੀਏ ਤਾਂ ਉਨ੍ਹਾਂ ਨੇ ਆਪਣੇ ਪ੍ਰਵਾਸੀ ਭਾਈਚਾਰੇ ਦੀ ਸ਼ਕਤੀ ਨੂੰ ਪਛਾਣਿਆ ਹੈ ਅਤੇ ਕੇਂਦਰ ਤੋਂ ਆਪਣੇ ਹੱਕ ਲਏ ਹਨ। ਉੱਥੋਂ ਦੇ ਛੋਟੇ ਸ਼ਹਿਰਾਂ ਵਿੱਚ ਵੀ ਅੰਤਰਰਾਸ਼ਟਰੀ ਹਵਾਈ ਅੱਡੇ ਸਫਲਤਾਪੂਰਵਕ ਚੱਲ ਰਹੇ ਹਨ। ਪੰਜਾਬ ਕੋਲ ਵੀ ਅਜਿਹਾ ਮਾਡਲ ਅਪਣਾਉਣ ਦੀ ਸਮਰੱਥਾ ਹੈ। ਪਰ ਇਸ ਲਈ ਇੱਕ ਮਜ਼ਬੂਤ ਇੱਛਾ ਸ਼ਕਤੀ ਅਤੇ ਕੇਂਦਰੀ ਨੀਤੀਆਂ ਵਿੱਚ ਪੰਜਾਬ ਦੀ ਹਿੱਸੇਦਾਰੀ ਵਧਾਉਣ ਲਈ ਦਬਾਅ ਬਣਾਉਣ ਦੀ ਲੋੜ ਹੈ।

**ਮੌਜੂਦਾ ਸਥਿਤੀ ਦੇ ਸੁਧਾਰ ਲਈ ਰਣਨੀਤਕ ਸੁਝਾਅ :** ਇਸ ਸਮੱਸਿਆ ਦਾ ਹੱਲ ਸਿਰਫ਼ ਨਵੇਂ ਹਵਾਈ ਅੱਡੇ ਬਣਾਉਣ ਵਿੱਚ ਨਹੀਂ ਸਗੋਂ ਮੌਜੂਦਾ ਢਾਂਚੇ ਦੇ ਵੱਧ ਤੋਂ ਵੱਧ ਇਸਤੇਮਾਲ ਵਿੱਚ ਹੈ। ਸਭ ਤੋਂ ਪਹਿਲਾਂ ਅੰਮ੍ਰਿਤਸਰ ਅਤੇ ਚੰਡੀਗੜ੍ਹ ਤੋਂ ਕੈਨੇਡਾ, ਅਮਰੀਕਾ ਅਤੇ ਯੂਰਪ ਲਈ ਸਿੱਧੀਆਂ ਉਡਾਣਾਂ ਸ਼ੁਰੂ ਕਰਨ ਲਈ ਏਅਰਲਾਈਨਾਂ ਨੂੰ ਉਤਸ਼ਾਹਿਤ ਕੀਤਾ ਜਾਣਾ ਚਾਹੀਦਾ ਹੈ। ਦੂਜਾ ਪੰਜਾਬ ਨੂੰ ਇੱਕ 'ਕਾਰਗੋ ਹੱਬ' ਵਜੋਂ ਮਾਨਤਾ ਦੇ ਕੇ ਇੱਥੇ ਵਿਸ਼ੇਸ਼ ਆਰਥਿਕ ਜ਼ੋਨ (SEZ) ਵਿਕਸਤ ਕੀਤੇ ਜਾਣੇ ਚਾਹੀਦੇ ਹਨ। ਤੀਜਾ ਹਵਾਬਾਜ਼ੀ ਟਰਬਾਈਨ ਈਂਧਨ (ATF) 'ਤੇ ਟੈਕਸ ਘਟਾ ਕੇ ਹਵਾਈ ਕੰਪਨੀਆਂ ਨੂੰ ਪੰਜਾਬ ਵਿੱਚ ਆਪਣੇ ਅੱਡੇ ਬਣਾਉਣ ਲਈ ਪ੍ਰੇਰਿਤ ਕਰਨਾ ਚਾਹੀਦਾ ਹੈ।

**ਭਵਿੱਖ ਦੀਆਂ ਉਮੀਦਾਂ** : ਭਾਰਤ ਦੇ ਹਵਾਈ ਅੱਡਿਆਂ ਦਾ ਵਿਕਾਸ ਉਦੋਂ ਹੀ ਸਾਰਥਕ ਮੰਨਿਆ ਜਾਵੇਗਾ ਜਦੋਂ ਇਸ ਵਿੱਚ ਹਰ ਰਾਜ ਦੀ ਬਰਾਬਰ ਦੀ ਹਿੱਸੇਦਾਰੀ ਹੋਵੇਗੀ। ਪੰਜਾਬ ਦੀ ਅਣਦੇਖੀ ਨਾ ਸਿਰਫ਼ ਇਸ ਰਾਜ ਦਾ ਆਰਥਿਕ ਨੁਕਸਾਨ ਕਰ ਰਹੀ ਹੈ ਸਗੋਂ ਇਹ ਦੇਸ਼ ਦੇ ਸੰਘੀ ਢਾਂਚੇ (Federal Structure) ਦੀ ਭਾਵਨਾ ਦੇ ਵੀ ਵਿਰੁੱਧ ਹੈ। ਕੇਂਦਰ ਸਰਕਾਰ ਨੂੰ ਚਾਹੀਦਾ ਹੈ ਕਿ ਉਹ ਪੰਜਾਬ ਨੂੰ ਸਿਰਫ਼ ਇੱਕ ਖੇਤੀਬਾੜੀ ਪੈਦਾਵਾਰ ਵਾਲਾ ਰਾਜ ਨਾ ਦੇਖ ਕੇ ਇਸ ਨੂੰ ਇੱਕ ਆਧੁਨਿਕ ਵਪਾਰਕ ਅਤੇ ਹਵਾਬਾਜ਼ੀ ਕੇਂਦਰ ਵਜੋਂ ਵਿਕਸਤ ਕਰੇ। ਜੇਕਰ ਪੰਜਾਬ ਦੇ ਹਵਾਈ ਅੱਡੇ ਆਪਣੀ ਪੂਰੀ ਸਮਰੱਥਾ ਨਾਲ ਚੱਲਣ ਲੱਗ ਪੈਂਦੇ ਹਨ ਤਾਂ ਇਹ ਨਾ ਸਿਰਫ਼ ਸੂਬੇ ਦੀ ਤਕਦੀਰ ਬਦਲ ਦੇਵੇਗਾ ਸਗੋਂ ਦੁਨੀਆ ਭਰ ਵਿੱਚ ਵੱਸਦੇ ਪੰਜਾਬੀਆਂ ਦਾ ਆਪਣੇ ਵਿਰਸੇ ਅਤੇ ਮਿੱਟੀ ਨਾਲ ਜੁੜਾਅ ਹੋਰ ਵੀ ਮਜ਼ਬੂਤ ਹੋ ਜਾਵੇਗਾ।

# ਪੰਜਾਬ ਦੀਆਂ ਸ਼ਹਿਰੀ ਸੜਕਾਂ ਦੇ ਨਵੀਨੀਕਰਨ ਵਿੱਚ ਤੇਜ਼ੀ ਨਾਲ ਵਾਧਾ : ਮੰਤਰੀ ਅਰੋੜਾ



ਲੁਧਿਆਣਾ, 26 ਮਾਰਚ (ਵਿਸ਼ਾਲ ਸ਼ਰਮਾ) : ਸੜਕ ਦੇ ਬੁਨਿਆਦੀ ਢਾਂਚੇ ਨੂੰ ਵੱਡਾ ਹੁਲਾਰਾ ਦਿੰਦੇ ਹੋਏ ਕੈਬਨਿਟ ਮੰਤਰੀ ਸੰਜੀਵ ਅਰੋੜਾ ਨੇ ਵੀਰਵਾਰ ਨੂੰ ਸ਼ਹਿਰ ਵਿੱਚ 8.59 ਕਰੋੜ ਰੁਪਏ ਤੋਂ ਵੱਧ ਦੇ ਵੱਖ-ਵੱਖ ਸੜਕੀ ਪ੍ਰੋਜੈਕਟਾਂ ਦਾ ਉਦਘਾਟਨ ਕੀਤਾ। ਜਲੰਧਰ ਬਾਈਪਾਸ ਤੋਂ ਬੁੱਢਾ ਦਰਿਆ ਤੱਕ ਪੁਰਾਣੀ ਜੀਟੀ ਰੋਡ ਸਟ੍ਰੈਚ ਦੇ ਪੁਨਰ ਨਿਰਮਾਣ ਲਈ ਪ੍ਰੋਜੈਕਟ ਸ਼ੁਰੂ ਕੀਤੇ ਗਏ ਹਨ ਚਾਂਦ ਸਿਨੇਮਾ ਤੋਂ ਜਗਰਾਓਂ ਪੁਲ ਤੱਕ ਐਲੀਵੇਟਿਡ ਸੜਕ ਅਤੇ ਸੱਗੂ ਚੌਕ ਤੋਂ ਹੰਬੜਾਂ ਰੋਡ ਤੱਕ। ਪੁਰਾਣੀ ਜੀ.ਟੀ ਰੋਡ ਅਤੇ ਐਲੀਵੇਟਿਡ ਸੜਕ ਪ੍ਰੋਜੈਕਟ 7.07 ਕਰੋੜ ਰੁਪਏ ਦੀ ਲਾਗਤ ਨਾਲ ਸ਼ੁਰੂ ਕੀਤੇ ਜਾ ਰਹੇ ਹਨ ਜਦੋਂ ਕਿ ਸੱਗੂ ਚੌਕ ਤੋਂ ਹੰਬੜਾਂ ਰੋਡ ਤੱਕ ਸੜਕ ਦੇ ਪੁਨਰ ਨਿਰਮਾਣ ਦਾ ਪ੍ਰੋਜੈਕਟ 1.52 ਕਰੋੜ ਰੁਪਏ ਤੋਂ ਵੱਧ ਦੀ ਲਾਗਤ ਨਾਲ ਸ਼ੁਰੂ ਕੀਤਾ ਜਾ ਰਿਹਾ ਹੈ। ਪ੍ਰੋਜੈਕਟਾਂ ਦੀ ਸ਼ੁਰੂਆਤ ਕਰਦੇ ਹੋਏ ਕੈਬਨਿਟ ਮੰਤਰੀ ਸੰਜੀਵ ਅਰੋੜਾ ਨੇ ਕਿਹਾ ਕਿ ਰਾਜ ਭਰ ਵਿੱਚ ਸੜਕੀ ਬੁਨਿਆਦੀ ਢਾਂਚੇ ਦਾ ਵੱਡੇ ਪੱਧਰ 'ਤੇ ਨਵੀਨੀਕਰਨ ਕੀਤਾ ਜਾ ਰਿਹਾ ਹੈ, ਜਿਸ ਵਿੱਚ 1000 ਕਰੋੜ ਰੁਪਏ ਦੇ ਸੜਕੀ ਪ੍ਰੋਜੈਕਟ ਅਪ੍ਰੈਲ ਦੇ ਅੰਤ ਤੱਕ ਮੁਕਾਬਲਾ ਕਰਨਗੇ। ਇਹ ਦੱਸਦੇ ਹੋਏ ਕਿ ਆਉਣ ਵਾਲੇ ਦਿਨਾਂ ਵਿੱਚ ਸ਼ਹਿਰ ਭਰ ਵਿੱਚ ਕਰੋੜਾਂ ਰੁਪਏ ਦੇ ਹੋਰ ਪ੍ਰੋਜੈਕਟ ਸ਼ੁਰੂ ਕੀਤੇ ਜਾਣਗੇ, ਕੈਬਨਿਟ ਮੰਤਰੀ ਅਰੋੜਾ ਨੇ ਨਗਰ ਨਿਗਮ ਦੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਉਹ ਚੰਗੀ ਗੁਣਵੱਤਾ ਵਾਲੇ ਵਿਕਾਸ ਕਾਰਜਾਂ ਨੂੰ ਯਕੀਨੀ ਬਣਾਉਣ ਅਤੇ ਜੇਕਰ ਕੰਮਾਂ ਦੀ ਗੁਣਵੱਤਾ ਦੇ ਸੰਦਰਭ ਵਿੱਚ ਕੋਈ ਅੰਤਰ ਪਾਇਆ ਜਾਂਦਾ ਹੈ ਤਾਂ ਠੇਕੇਦਾਰਾਂ ਨੂੰ ਬਲੈਕ ਲਿਸਟ ਕੀਤਾ ਜਾਵੇ। ਸੜਕਾਂ ਦੀ ਚੰਗੀ ਗੁਣਵੱਤਾ ਅਤੇ ਲੰਬੀ ਉਮਰ ਨੂੰ ਯਕੀਨੀ ਬਣਾਉਣ ਲਈ, ਸੜਕਾਂ ਦਾ ਨਿਰਮਾਣ ਕਰਨ ਵਾਲੇ ਠੇਕੇਦਾਰ 5 ਸਾਲਾਂ ਤੱਕ ਸੜਕਾਂ ਦੀ ਦੇਖਭਾਲ ਲਈ ਜ਼ਿੰਮੇਵਾਰ ਹੋਣਗੇ। ਕੈਬਨਿਟ ਮੰਤਰੀ ਅਰੋੜਾ ਨੇ ਕਿਹਾ ਕਿ ਸੜਕਾਂ ਦੇ ਬੁਨਿਆਦੀ ਢਾਂਚੇ ਨੂੰ ਅਪਗ੍ਰੇਡ ਕਰਨ ਲਈ ਸ਼ਹਿਰਾਂ ਵਿੱਚ ਕੀਤੇ ਜਾ ਰਹੇ 1000 ਕਰੋੜ ਰੁਪਏ ਦੇ ਪ੍ਰੋਜੈਕਟਾਂ ਤੋਂ ਇਲਾਵਾ, ਲੋਕ ਨਿਰਮਾਣ ਵਿਭਾਗ, ਪੇਂਡੂ ਵਿਕਾਸ ਆਦਿ ਵਿਭਾਗ ਵੀ ਰਾਜ ਵਿੱਚ ਵੱਡੇ ਸੜਕੀ ਪ੍ਰੋਜੈਕਟਾਂ ਨੂੰ ਹੱਥ ਵਿੱਚ ਲੈ ਰਹੇ ਹਨ। ਕੈਬਨਿਟ ਮੰਤਰੀ ਅਰੋੜਾ ਨੇ ਅੱਗੇ ਕਿਹਾ ਕਿ ਸੜਕਾਂ 'ਤੇ ਪਏ ਟੋਇਆਂ ਦੀ ਮੁਰੰਮਤ ਲਈ ਵੀ ਆਧੁਨਿਕ ਮਸ਼ੀਨਰੀ ਦੀ ਵਰਤੋਂ ਕੀਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਵੱਲੋਂ ਜਨਤਾ ਦੀ ਸਹੂਲਤ ਲਈ ਲੋਕ-ਕੇਂਦ੍ਰਿਤ ਪ੍ਰੋਜੈਕਟ ਸ਼ੁਰੂ ਕੀਤੇ ਜਾ ਰਹੇ ਹਨ। ਉਦਘਾਟਨੀ ਸਮਾਰੋਹ ਦੌਰਾਨ ਕੈਬਨਿਟ ਮੰਤਰੀ ਅਰੋੜਾ ਦੇ ਨਾਲ ਵਿਧਾਇਕ ਮਦਨ ਲਾਲ ਬੱਗਾ, ਮੇਅਰ ਪ੍ਰਿੰਸੀਪਲ ਇੰਦਰਜੀਤ ਕੌਰ, ਸੀਨੀਅਰ ਡਿਪਟੀ ਮੇਅਰ ਰਾਕੇਸ਼ ਪਰਾਸ਼ਰ, ਨਗਰ ਨਿਗਮ ਕਮਿਸ਼ਨਰ ਡਾ: ਨੀਰੂ ਕਤਿਆਲ ਗੁਪਤਾ, ਸੰਯੁਕਤ ਕਮਿਸ਼ਨਰ ਵਿਨੀਤ ਕੁਮਾਰ, ਸੰਯੁਕਤ ਕਮਿਸ਼ਨਰ ਅਮਨਪ੍ਰੀਤ ਸਿੰਘ, ਸਹਾਇਕ ਕਮਿਸ਼ਨਰ ਜਸਦੇਵ ਸੇਖੋਂ, ਕੌਂਸਲਰ, ਅਮਨ ਬੱਗਾ, ਪੁਸ਼ਪਿੰਦਰ ਭਨੋਟ, ਮਨਜੀਤ ਢਿੱਲੋਂ, ਤੇਜਿੰਦਰ ਰਾਜਾ, ਗੋਲੂ ਬਾਜਵਾ, ਅਸ਼ੋਕ ਕੁਮਾਰ, ਅਰਾਧਨਾ ਸੁਰਿੰਦਰ ਅਟਵਾਲ, ਚੇਤਨ ਥਾਪਰ, ਸੁਨੀਲ ਕਪੂਰ, ਇੰਦੂ ਮੁਨੀਸ਼ ਸ਼ਾਹ, ਮਨਿੰਦਰ ਕੌਰ ਘੁੰਮਣ, ਤਨਵੀਰ ਧਾਲੀਵਾਲ, ਅਮ੍ਰਿਤਪਾਲ ਸਿੰਘ ਐਮ.ਪੀ ਜਵੱਦੀ, ਬਿੱਟੂ ਭੁੱਲਰ, ਮਨੀ ਸਾਂਈ, ਰਵੀ ਬਾਲੀ, ਚੇਅਰਮੈਨ ਕਨੌਜੀਆ ਭਲਾਈ ਬੋਰਡ, ਰਾਜੂ ਗਾਰਡਨ ਚੀਫ਼ ਇੰਜਨੀਅਰ ਰਾਜੂ ਗੜ੍ਹੀ, ਰਾਜੂ ਸਿੰਘ ਰਣੀਆਂ, ਐਮ.ਪੀ. ਕਾਰਜਕਾਰੀ ਇੰਜਨੀਅਰ ਅਰਵਿੰਦ ਕੁਮਾਰ ਆਦਿ ਹਾਜ਼ਰ ਸਨ।

# ਸਰਕਾਰ ਦੇ ਸ਼ਾਨਦਾਰ ਚਾਰ ਸਾਲ ਪੂਰੇ ਹੋਣ 'ਤੇ ਸਿੱਧੂ ਨੇ ਕੀਤਾ ਖ਼ੁਸ਼ੀ ਦਾ ਪ੍ਰਗਟਾਵਾ



ਲੁਧਿਆਣਾ, 26 ਮਾਰਚ (ਵਿਸ਼ਾਲ ਸ਼ਰਮਾ): ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਦੇ ਸ਼ਾਨਦਾਰ ਚਾਰ ਸਾਲ ਪੂਰੇ ਹੋਣ 'ਤੇ ਵਿਧਾਇਕ ਕੁਲਵੰਤ ਸਿੰਘ ਸਿੱਧੂ ਨੇ ਖ਼ੁਸ਼ੀ ਦਾ ਪ੍ਰਗਟਾਵਾ ਕੀਤਾ ਅਤੇ ਕਿਹਾ ਕਿ ਇਨ੍ਹਾਂ ਚਾਰ ਸਾਲਾਂ ਦੌਰਾਨ ਵਿਧਾਨ ਸਭਾ ਹਲਕਾ ਆਤਮ ਨਗਰ ਵਿੱਚ ਵਿਕਾਸ ਪ੍ਰੋਜੈਕਟਾਂ ਦੀ ਹਨੇਰੀ ਚੱਲੀ ਹੈ। ਵਿਧਾਇਕ ਸਿੱਧੂ ਨੇ ਲੋਕ ਸੰਪਰਕ ਮੁਹਿੰਮ 'ਸੰਵਾਦ' ਅਧੀਨ ਸਥਾਨਕ ਮਾਡਲ ਟਾਊਨ, ਗੋਲ ਮਾਰਕੀਟ ਸਮੇਤ ਵੱਖ-ਵੱਖ ਥਾਵਾਂ 'ਤੇ ਲੋਕਾਂ ਨਾਲ ਮੁਖਾਤਿਬ ਹੁੰਦਿਆਂ ਪੰਜਾਬ ਸਰਕਾਰ ਦੀਆਂ ਚਾਰ ਸਾਲ ਦੀਆਂ ਪ੍ਰਾਪਤੀਆਂ 'ਤੇ ਚਾਨਣਾ ਪਾਇਆ।

ਵਿਧਾਇਕ ਸਿੱਧੂ ਨੇ ਕਿਹਾ ਕਿ ਸਰਕਾਰ ਨੇ ਸੱਤਾ ਵਿੱਚ ਆਉਣ ਤੋਂ ਪਹਿਲਾਂ ਲੋਕਾਂ ਨਾਲ ਜੋ ਵਾਅਦੇ ਕੀਤੇ ਸਨ ਆਪਣੇ ਹਰ ਇੱਕ ਵਾਅਦੇ ਨੂੰ ਪੂਰਾ ਕਰਕੇ ਵਿਖਾਇਆ ਹੈ ਅਤੇ ਲੋਕਾਂ ਦੇ ਹਿੱਤ ਲਈ ਹੀ ਕੰਮ ਕੀਤੇ ਹਨ। ਉਨ੍ਹਾਂ ਕਿਹਾ ਕਿ ਸਿਹਤ ਦੇ ਖੇਤਰ ਵਿਚ ਕ੍ਰਾਂਤੀਕਾਰੀ ਬਦਲਾ ਲਿਆਂਦੇ ਹੋਏ ਸਿਹਤ ਬੀਮਾ ਯੋਜਨਾ ਸ਼ੁਰੂ ਕੀਤੀ ਗਈ ਜਿਸਦੇ ਤਹਿਤ ਹਰ ਵਰਗ ਦੇ ਹਰੇਕ ਨਾਗਰਿਕ ਲਈ 10 ਲੱਖ ਰੁਪਏ ਤੱਕ ਦੇ ਮੁਫਤ ਇਲਾਜ ਦੀ ਸਹੂਲਤ ਦਿੱਤੀ ਗਈ ਹੈ। ਉਨ੍ਹਾਂ ਕਿਹਾ ਕਿ ਮਹਿਲਾਵਾਂ ਦੀ ਆਰਥਿਕ ਮਜ਼ਬੂਤੀ ਲਈ ਜਰਨਲ ਵਰਗ ਦੀਆਂ ਔਰਤਾਂ ਨੂੰ 1000 ਰੁਪਏ ਅਤੇ ਐਸ.ਸੀ ਵਰਗ ਦੀਆਂ ਔਰਤਾਂ ਲਈ 1500 ਦੀ ਸਹੂਲਤ ਪ੍ਰਦਾਨ ਕੀਤੀ ਗਈ ਹੈ। ਵਿਧਾਇਕ ਕੁਲਵੰਤ ਸਿੰਘ ਸਿੱਧੂ ਨੇ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਲੋਕਾਂ ਨੂੰ ਵੱਡੀ ਰਾਹਤ ਦੇਣ ਲਈ 90% ਘਰਾਂ ਨੂੰ 600 ਯੂਨਿਟ ਤੱਕ ਮੁਫ਼ਤ ਬਿਜਲੀ ਦਿੱਤੀ ਜਾ ਰਹੀ ਹੈ । ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਸਾਬਤ ਕਰ ਦਿੱਤਾ ਹੈ ਕਿ ਜੇ ਨੀਅਤ ਸਾਫ ਹੋਵੇ ਤਾਂ ਘੱਟ ਸਮੇਂ ਵਿੱਚ ਵੀ ਵੱਡੇ ਬਦਲਾਅ ਲਿਆਂਦੇ ਜਾ ਸਕਦੇ ਹਨ। ਆਉਣ ਵਾਲੇ ਸਮੇਂ ਵਿੱਚ ਵੀ ਭਗਵੰਤ ਮਾਨ ਦੀ ਅਗਵਾਈ ਹੇਠ ਪੰਜਾਬ ਨੂੰ ਤਰੱਕੀ ਅਤੇ ਖੁਸ਼ਹਾਲੀ ਦੀ ਨਵੀਂ ਉਚਾਈਆਂ ਤੱਕ ਲਿਜਾਇਆ ਜਾਵੇਗਾ। ਇਸ ਮੌਕੇ ਵਿਧਾਇਕ ਕਲਵੰਤ ਸਿੰਘ ਸਿੱਧੂ ਦੇ ਨਾਲ ਸੰਗਠਨ ਵਿੰਗ ਹਲਕਾ ਇੰਚਾਰਜ ਕਮਲਜੀਤ ਸਿੰਘ ਸਚਦੇਵਾ, ਮਨਪ੍ਰੀਤ ਸਿੰਘ (ਵਪਾਰ ਵਿੰਗ), ਸ਼ਰਨਪਾਲ ਸਿੰਘ ਮੱਕੜ, ਪ੍ਰਧਾਨ ਅਮਰਜੀਤ ਸਿੰਘ, ਆਦਿਤਿਆ ਸੂਦ, ਸਹਿਜ ਕੁਕਰੇਜਾ, ਪ੍ਰਧਾਨ ਬੰਟੀ (ਅਕਾਲ ਮਾਰਕੀਟ), ਬੋਨੀ ਆਰ.ਕੇ, ਦਰਸ਼ਨ ਸਿੰਘ, ਤੇਜਿੰਦਰ ਚੀਮਾ, ਤਰਨਜੀਤ ਸਿੰਘ ਕੋਹਲੀ, ਗੋਲੂ ਗਿੱਲ, ਕਰਨ ਮੱਕੜ, ਮੂੰਗਾ ਜੀ, ਅਮਰਦੀਪ ਸਿੰਘ, ਪ੍ਰਕਾਸ਼ ਸ਼ੋਪ, ਗੁਰਪ੍ਰੀਤ ਸਿੰਘ ਰਾਜਾ, ਵਿਧਾਇਕ ਸਿੱਧੂ ਦੇ ਮੀਡੀਆ ਇੰਚਾਰਜ ਸੁਖਵਿੰਦਰ ਸਿੰਘ ਗਿੱਲ ਅਤੇ ਪੀ.ਏ. ਕਮਲਦੀਪ ਕੂਪਰ ਵੀ ਹਾਜ਼ਰ ਸਨ।

# ਬਾਦਲ ਸਰਕਾਰ ਦੁਆਰਾ ਵਿਛਾਏ ਸੜਕਾਂ ਦੇ ਜਾਲ ਨੂੰ ਲੋਕ ਅੱਜ ਵੀ ਚੇਤੇ ਕਰਦੇ ਨੇ : ਸੋਖੀ, ਗੋਹਲਵੜੀਆ



ਲੁਧਿਆਣਾ, 26 ਮਾਰਚ (ਰਵਿੰਦਰ ਸਿੰਘ ਨਿੱਝਰ): ਪੰਜਾਬ ਵਿੱਚ ਸ਼੍ਰੋਮਣੀ ਅਕਾਲੀ ਦਲ ਦੀ ਬਾਦਲ ਸਰਕਾਰ ਦੇ ਰਾਜ ਦੌਰਾਨ ਹੋਇਆ ਵਿਕਾਸ ਅੱਜ ਵੀ ਸੂਬੇ ਦੇ ਕੋਨੇ-ਕੋਨੇ ਵਿੱਚ ਆਪਣੀ ਗਵਾਹੀ ਆਪ ਦੇ ਰਿਹਾ ਹੈ। ਖ਼ਾਸ ਕਰਕੇ ਪੰਜਾਬ ਭਰ ਦੇ ਵਿੱਚ ਸੜਕਾਂ ਦਾ ਵਿਛਿਆ ਜਾਲ ਬਾਦਲ ਸਰਕਾਰ ਦੀਆਂ ਵੱਡੀਆਂ ਪ੍ਰਾਪਤੀਆਂ ਵਿੱਚੋਂ ਇੱਕ ਹੈ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਸ਼੍ਰੋਮਣੀ ਅਕਾਲੀ ਦਲ ਹਲਕਾ ਆਤਮ ਨਗਰ ਦੇ ਇੰਚਾਰਜ ਜਗਬੀਰ ਸਿੰਘ ਸੋਖੀ ਨੇ ਸਾਬਕਾ ਮੇਅਰ ਹਰਚਰਨ ਸਿੰਘ ਗੋਹਲਵੜੀਆ ਸਮੇਤ ਸੜਕ ਦਾ ਜਾਇਜ਼ਾ ਲੈਂਦਿਆਂ ਕੀਤਾ। ਇਸ ਮੌਕੇ ਉਨ੍ਹਾਂ ਕਿਹਾ ਕਿ ਉਸ ਤੋਂ ਬਾਅਦ ਆਈਆਂ ਸਰਕਾਰਾਂ ਦੀ ਨਲਾਇਕੀ ਕਾਰਨ ਅੱਜ ਪੂਰੇ ਸੂਬੇ ਦੀਆਂ ਸੜਕਾਂ ਸਮੇਤ ਲੁਧਿਆਣਾ ਸ਼ਹਿਰ ਦੇ ਲੱਗਭੱਗ ਹਰ ਹਲਕੇ ਦੇ ਵਿੱਚ ਸੜਕਾਂ ਦਾ ਬੁਰਾ ਹਾਲ ਹੈ। ਉਨ੍ਹਾਂ ਕਿਹਾ ਕਿ ਉਥੇ ਹੀ ਗਿੱਲ ਰੋਡ ਦੀ ਹਾਲਤ ਬਹੁਤ ਜਿਆਦਾ ਮਾੜੀ ਹੈ, ਜਿਸਦੇ ਚੱਲਦਿਆਂ ਇੱਥੋਂ ਲੰਘਣ ਵਾਲੇ ਹਜ਼ਾਰਾਂ ਲੋਕਾਂ ਨੂੰ ਪਰੇਸ਼ਾਨੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਉਹਨਾਂ ਕਿਹਾ ਕਿ ਸਿਰਫ ਇਨਾ ਹੀ ਨਹੀਂ ਲੁਧਿਆਣਾ ਨਗਰ ਨਿਗਮ ਮੇਅਰ ਅਤੇ ਨਿਗਮ ਕਮਿਸ਼ਨਰ ਵੱਲੋਂ ਸੜਕਾਂ ਦੀ ਮੁਰੰਮਤ ਜਾਂ ਸੀਵਰੇਜ ਪਵਾਉਣ ਦੇ ਕਾਰਜਾਂ ਸਮੇਂ ਵੀ ਸਹੀ ਰਣਨੀਤੀ ਜਾਂ ਸਹੀ ਰੂਟ ਡਾਇਵਰਜਨ ਨਾ ਬਣਾਏ ਜਾਣ ਦੇ ਚੱਲਦਿਆਂ ਲੋਕਾਂ ਦੀਆਂ ਪਰੇਸ਼ਾਨੀਆਂ ਵਿੱਚ ਵਾਧੇ ਦਾ ਕਾਰਨ ਬਣ ਰਿਹਾ ਹੈ। ਉਹਨਾਂ ਕਿਹਾ ਕਿ ਬਾਦਲ ਸਰਕਾਰ ਦੇ ਰਾਜ ਦੌਰਾਨ ਕਈ ਨਵੀਆਂ ਸੜਕਾਂ, ਕਈ ਨਵੇਂ ਪੁਲ, ਫਲਾਈਓਵਰ ਅਤੇ ਬਾਈਪਾਸ ਤਿਆਰ ਹੋਏ, ਜਿਸ ਨਾਲ ਟ੍ਰੈਫਿਕ ਭੀੜ ਘੱਟੀ ਅਤੇ ਯਾਤਰਾ ਦਾ ਸਮਾਂ ਬਚਿਆ। ਰਾਸ਼ਟਰੀ ਅਤੇ ਰਾਜ ਮਾਰਗਾਂ ਦੇ ਨਾਲ-ਨਾਲ ਪਿੰਡਾਂ ਦੀਆਂ ਲਿੰਕ ਸੜਕਾਂ ਨੂੰ ਵੀ ਵੱਡੀ ਤਰਜੀਹ ਦਿੱਤੀ ਗਈ। ਉਦਯੋਗਿਕ ਖੇਤਰਾਂ ਤੱਕ ਵਧੀਆ ਸੜਕ ਸੰਪਰਕ ਬਣਨ ਨਾਲ ਨਿਵੇਸ਼ ਨੂੰ ਵੀ ਉਤਸ਼ਾਹ ਮਿਲਿਆ। ਬਿਜਲੀ ਉਤਪਾਦਨ ਪ੍ਰੋਜੈਕਟ, ਪੀਣ ਵਾਲੇ ਪਾਣੀ ਦੀਆਂ ਯੋਜਨਾਵਾਂ, ਸਿਹਤ ਅਤੇ ਸਿੱਖਿਆ ਦੇ ਖੇਤਰ ਵਿੱਚ ਵੀ ਨਵੇਂ ਸੰਸਥਾਨ ਬਣੇ। ਕਈ ਸ਼ਹਿਰਾਂ ਵਿੱਚ ਸੁੰਦਰਤਾ ਅਤੇ ਬੁਨਿਆਦੀ ਢਾਂਚੇ ਨੂੰ ਸੁਧਾਰਨ ਲਈ ਪ੍ਰੋਜੈਕਟ ਸ਼ੁਰੂ ਕੀਤੇ ਗਏ। ਪਰ ਬਾਅਦ ਵਾਲੀਆਂ ਸਰਕਾਰਾਂ ਨੇ ਨਵੇਂ ਵਿਕਾਸ ਕਰਨੇ ਦਾ ਕੀ ਸਨ ਸੁਪਨੇ ਵਿੱਚ ਵੀ ਨਹੀਂ ਸੋਚਿਆ ਹੋਣਾ ਕਿ ਪੰਜਾਬ ਦੀਆਂ ਕੀ ਕੀ ਲੋੜਾਂ ਹਨ।

# ਪੰਜਾਬ ਦੇ ਹਾਲਾਤ ਦਿਨੋਂ-ਦਿਨ ਬਦ ਤੋਂ ਬਦਤਰ ਹੋ ਰਹੇ ਨੇ : ਚੋਪੜਾ



ਲੁਧਿਆਣਾ, 26 ਮਾਰਚ (ਰਵਿੰਦਰ ਸਿੰਘ ਨਿੱਝਰ) : ਵਿਦੇਸ਼ੀ ਦੌਰੇ 'ਤੇ ਗਏ ਹੋਏ ਜ਼ਿਲ੍ਹਾ ਕਾਂਗਰਸ ਕਮੇਟੀ ਲੁਧਿਆਣਾ ਸ਼ਹਿਰੀ ਦੇ ਮੀਤ ਪ੍ਰਧਾਨ ਰਜਨੀਸ਼ ਚੋਪੜਾ ਨੇ ਪੰਜਾਬ ਦੇ ਮਾਹੌਲ 'ਤੇ ਚਿੰਤਾ ਪ੍ਰਗਟ ਕਰਦੇ ਹੋਏ ਕਿਹਾ ਕਿ ਵਿਦੇਸ਼ ਬੈਠੇ ਪੰਜਾਬੀਆਂ ਵਿੱਚ ਆਪਣੇ ਪਰਿਵਾਰਾਂ ਨੂੰ ਲੈ ਕੇ ਚਿੰਤਾ ਅਤੇ ਡਰ ਦਾ ਮਾਹੌਲ ਬਣਿਆ ਹੋਇਆ ਹੈ। ਉਹਨਾਂ ਕਿਹਾ ਕਿ ਵਿਦੇਸ਼ਾਂ ਵਿੱਚ ਵੀ ਪੰਜਾਬ ਦੀਆਂ ਖਬਰਾਂ ਪੁੱਜ ਰਹੀਆਂ ਹਨ ਕਿ ਕਿਸ ਤਰ੍ਹਾਂ ਨਸ਼ਿਆਂ ਨਾਲ ਨੌਜਵਾਨ ਮਰ ਰਹੇ ਹਨ। ਗੈਂਗਸਟਰ ਪੰਜਾਬੀਆਂ ਤੋਂ ਫਿਰੌਤੀਆਂ ਮੰਗ ਰਹੇ ਹਨ ਅਤੇ ਨਾ ਮਿਲਣ 'ਤੇ ਦਿਨ ਦਿਹਾੜੇ ਗੋਲੀਆਂ ਚਲਾ ਕੇ ਦਹਿਸ਼ਤ ਦਾ ਮਾਹੌਲ ਪੈਦਾ ਕਰਦੇ ਹਨ। ਸ੍ਰੀ ਚੋਪੜਾ ਨੇ ਦੱਸਿਆ ਕਿ ਉਹ ਇਸ ਸਮੇਂ ਆਸਟਰੇਲੀਆ ਵਿੱਚ ਹਨ ਅਤੇ ਆਪਣੇ ਮਿੱਤਰਾਂ ਬੇਲੀਆਂ ਜੋ ਕਿ ਪੰਜਾਬ ਨਾਲ ਸਬੰਧਤ ਹਨ, ਨਾਲ ਗੱਲਬਾਤ ਕਰਦੇ ਹੋਏ ਮਹਿਸੂਸ ਕਰਦੇ ਹਨ ਕਿ 2022 ਤੋਂ ਪਹਿਲਾਂ ਉਨ੍ਹਾਂ ਵਿਦੇਸ਼ਾਂ ਵਿੱਚੋਂ ਆਪਣੇ ਰਿਸ਼ਤੇਦਾਰਾਂ, ਮਿੱਤਰਾਂ ਅਤੇ ਹੋਰ ਜਾਂ ਪਛਾਣ ਵਾਲਿਆਂ ਤੇ ਜੋਰ ਪਾ ਕੇ ਆਮ ਆਦਮੀ ਪਾਰਟੀ ਦੇ ਉਮੀਦਵਾਰਾਂ ਨੂੰ ਵੋਟਾਂ ਪਾਈਆਂ ਸਨ ਅਤੇ ਬਹੁਮਤ ਨਾਲ ਸਰਕਾਰ ਬਣਵਾਈ ਸੀ। ਪ੍ਰੰਤੂ ਹੁਣ ਉਹ ਮਹਿਸੂਸ ਕਰਦੇ ਹਨ ਕਿ ਉਹਨਾਂ ਨੇ ਆਪਣੀ ਜ਼ਿੰਦਗੀ ਦੀ ਸਭ ਤੋਂ ਵੱਡੀ ਗਲਤੀ ਆਮ ਆਦਮੀ ਪਾਰਟੀ ਦੀ ਸਰਕਾਰ ਬਣਵਾ ਕੇ ਕੀਤੀ ਹੈ, ਜਿਸ ਦੇ ਰਾਜ ਵਿੱਚ ਨਾ ਤਾਂ ਵਪਾਰੀ ਸੁਰੱਖਿਅਤ ਹੈ ਅਤੇ ਨਾ ਹੀ ਉਦਯੋਗਪਤੀ। ਉਹਨਾਂ ਕਿਹਾ ਕਿ ਨਸ਼ੇ ਨੂੰ ਚਾਰ ਹਫਤੇ ਵਿੱਚ ਬੰਦ ਕਰਨ ਦੇ ਵਾਅਦੇ ਨਾਲ ਸੱਤਾ ਵਿੱਚ ਆਈ ਆਪ ਸਰਕਾਰ ਦੇ ਰਾਜ ਵਿੱਚ ਹੁਣ ਸਿੰਥੈਟਿਕ ਨਸ਼ਾ ਹਰੇਕ ਗਲੀ ਮੁਹੱਲੇ ਵਿੱਚ ਸ਼ਰੇਆਮ ਵਿਕ ਰਿਹਾ ਹੈ। ਸ਼੍ਰੀ ਚੋਪੜਾ ਨੇ ਹੋਰ ਕਿਹਾ ਕਿ ਕੱਟੜ ਇਮਾਨਦਾਰ ਅਖਵਾਉਣ ਵਾਲੀ ਕਥਿਤ ਆਮ ਆਦਮੀ ਪਾਰਟੀ ਦੇ ਮੰਤਰੀ ਕਿਸ ਤਰ੍ਹਾਂ ਆਪਣੇ ਨਿੱਜੀ ਫਾਇਦੇ ਲਈ ਪੰਜਾਬ ਦੇ ਇਮਾਨਦਾਰ ਅਫਸਰਾਂ ਨੂੰ ਅਸਤੀਫੇ ਦੇਣ ਜਾਂ ਆਤਮ ਹੱਤਿਆ ਕਰਨ ਲਈ ਮਜਬੂਰ ਕਰ ਰਹੇ ਹਨ ਇਹ ਸਭ ਅੰਮ੍ਰਿਤਸਰ ਤੇ ਡੀ ਐਮ ਗਗਨਦੀਪ ਸਿੰਘ ਰੰਧਾਵਾ ਦੇ ਆਤਮ ਹੱਤਿਆ ਕਰਨ ਨਾਲ ਸਾਹਮਣੇ ਆ ਗਿਆ ਹੈ। ਉਨ੍ਹਾਂ ਕਿਹਾ ਕਿ ਪੰਜਾਬ ਸਿਰ ਕਰਜ਼ੇ ਦੀ ਪੰਡ ਦਿਨੋ ਦਿਨ ਭਾਰੀ ਹੋ ਰਹੀ ਹੈ ਅਤੇ ਮਾਨ ਸਰਕਾਰ ਪੰਜਾਬ ਵਾਸੀਆਂ ਨੂੰ ਮੁਫਤ ਦੀਆਂ ਰਿਓੜੀਆਂ ਵੰਡ ਕੇ ਦੁਬਾਰਾ ਸੱਤਾ ਵਿੱਚ ਆਉਣ ਦੇ ਸੁਪਨੇ ਦੇਖ ਰਹੀ ਹੈ ਜੋ ਕਿ ਪੰਜਾਬ ਵਾਸੀ ਕਿਸੇ ਵੀ ਕੀਮਤ 'ਤੇ ਸਫਲ ਨਹੀਂ ਹੋਣ ਦੇਣਗੇ ਅਤੇ 2027 ਵਿੱਚ ਪੰਜਾਬ ਵਿੱਚ ਕਾਂਗਰਸ ਪਾਰਟੀ ਤੇ ਸਰਕਾਰ ਭਾਰੀ ਬਹੁਮਤ ਨਾਲ ਬਣੇਗੀ।

# ਮਹਿੰਦਰ ਸਿੰਘ ਮਾਨੂੰਪੁਰੀ ਦੀ ਯਾਦ 'ਚ ਸਮਾਗਮ ਦੌਰਾਨ ਕਰਮਜੀਤ ਗਰੇਵਾਲ ਸਨਮਾਨਿਤ



ਲੁਧਿਆਣਾ, 26 ਮਾਰਚ (ਕਰਨੈਲ ਸਿੰਘ ਐੱਮ.ਏ.) : ਸ਼੍ਰੋਮਣੀ ਸਾਹਿਤਕਾਰ ਸਵਰਗੀ ਮਹਿੰਦਰ ਸਿੰਘ ਮਾਨੂੰਪੁਰੀ ਦੀ ਯਾਦ ਵਿੱਚ ਕਰਵਾਇਆ ਗਿਆ ਸਾਹਿਤਕ ਸਮਾਗਮ ਭਾਵਨਾਵਾਂ ਨਾਲ ਭਰਪੂਰ ਰਿਹਾ। ਸਮਾਗਮ ਦੌਰਾਨ ਹਾਜ਼ਰ ਸਾਹਿਤਕਾਰਾਂ ਨੇ ਮਾਨੂੰਪੁਰੀ ਜੀ ਦੀ ਯਾਦ ਨੂੰ ਨਮ ਅੱਖਾਂ ਨਾਲ ਸਿਰ ਨਿਵਾਇਆ ਅਤੇ ਉਨ੍ਹਾਂ ਦੇ ਬਾਲ ਸਾਹਿਤ ਲਈ ਕੀਤੇ ਅਮੂਲ ਯੋਗਦਾਨ ਨੂੰ ਦਿਲੋਂ ਯਾਦ ਕੀਤਾ।

ਗੁਰਦੀਪ ਸਿੰਘ ਮੰਡਾਹਰ, ਨੇ ਕਿਹਾ ਕਿ ਮਾਨੂੰਪੁਰੀ ਜੀ ਸਿਰਫ਼ ਇੱਕ ਲੇਖਕ ਹੀ ਨਹੀਂ ਸਗੋਂ ਇੱਕ ਐਸੀ ਸੋਚ ਦੇ ਮਾਲਕ ਸਨ, ਜਿਨ੍ਹਾਂ ਨੇ ਬੱਚਿਆਂ ਦੇ ਮਨਾਂ ਨੂੰ ਸੁੰਦਰ ਵਿਚਾਰਾਂ ਨਾਲ ਰੌਸ਼ਨ ਕੀਤਾ। ਉਨ੍ਹਾਂ ਦੀ ਕਮੀ ਸਾਹਿਤਕ ਜਗਤ ਵਿੱਚ ਹਮੇਸ਼ਾਂ ਮਹਿਸੂਸ ਕੀਤੀ ਜਾਵੇਗੀ।

ਇਸ ਮੌਕੇ 'ਮਹਿੰਦਰ ਸਿੰਘ ਮਾਨੂੰਪੁਰੀ ਯਾਦਗਾਰੀ ਸਨਮਾਨ' ਪ੍ਰਸਿੱਧ ਬਾਲ ਸਾਹਿਤਕਾਰ ਅਤੇ ਗਾਇਕ ਕਰਮਜੀਤ ਸਿੰਘ ਗਰੇਵਾਲ ਨੂੰ ਭੇਟ ਕੀਤਾ ਗਿਆ। ਸਨਮਾਨ ਪ੍ਰਾਪਤ ਕਰਦਿਆਂ ਗਰੇਵਾਲ ਭਾਵੁਕ ਹੋ ਗਏ ਅਤੇ ਉਨ੍ਹਾਂ ਕਿਹਾ ਕਿ ਇਹ ਸਨਮਾਨ ਉਨ੍ਹਾਂ ਲਈ ਸਿਰਫ਼ ਇਨਾਮ ਨਹੀਂ, ਸਗੋਂ ਇੱਕ ਵੱਡੀ ਜ਼ਿੰਮੇਵਾਰੀ ਹੈ ਕਿ ਉਹ ਬੱਚਿਆਂ ਲਈ ਹੋਰ ਵਧੀਆ ਰਚਨਾਵਾਂ ਪੇਸ਼ ਕਰਨ।

ਇਸ ਮੌਕੇ ਕੁਲਵਿੰਦਰ ਸਿੰਘ ਮਾਨੂੰਪੁਰੀ, ਪ੍ਰਕਾਸ਼ਕ ਤੇ ਲੇਖਕ ਗੁਰਦੀਪ ਸਿੰਘ ਮੰਡਾਹਰ, ਸੁਖਵਿੰਦਰ ਸਿੰਘ ਫਰੌਰ, ਬਲਵਿੰਦਰ ਸਿੰਘ ਚੰਨਣਵਾਲ, ਜਸਵੀਰ ਸਿੰਘ ਦੀਦਾਰਗੜ੍ਹ ਸਮੇਤ ਕਈ ਪ੍ਰਮੁੱਖ ਹਸਤੀਆਂ ਹਾਜ਼ਰ ਸਨ, ਜਿਨ੍ਹਾਂ ਨੇ ਮਾਨੂੰਪੁਰੀ ਜੀ ਨੂੰ ਸ਼ਰਧਾਂਜਲੀ ਭੇਟ ਕੀਤੀ।

# ਸ਼ਹਿਰ ਦੇ ਮਸ਼ਹੂਰ ਕੱਪੜਿਆਂ ਦੀ ਦੁਕਾਨ 'ਤੇ ਲੱਖਾਂ ਦੀ ਧੋਖਾਧੜੀ

ਲੁਧਿਆਣਾ, 26 ਮਾਰਚ (ਵਿਸ਼ਾਲ ਸ਼ਰਮਾ): ਲੁਧਿਆਣਾ ਦੇ ਮਲਹਾਰ ਰੋਡ 'ਤੇ ਸਥਿਤ ਇੱਕ ਮਸ਼ਹੂਰ ਕੱਪੜਿਆਂ ਦੀ ਦੁਕਾਨ, ਔਕਟੇਵ ਐਪੇਰਲਸ ਵਿੱਚ ਇੱਕ ਹੈਰਾਨ ਕਰਨ ਵਾਲੀ ਘਟਨਾ ਸਾਹਮਣੇ ਆਈ ਹੈ। ਸਟੋਰ ਮੈਨੇਜਰ ਦੀਪਕ ਕੁਮਾਰ 'ਤੇ ਆਪਣੇ ਅਹੁਦੇ ਦੀ ਦੁਰਵਰਤੋਂ ਕਰਨ ਅਤੇ ਫਰਮ ਨੂੰ ਲੱਖਾਂ ਰੁਪਏ ਦਾ ਵਿੱਤੀ ਨੁਕਸਾਨ ਪਹੁੰਚਾਉਣ ਦਾ ਦੋਸ਼ ਹੈ। ਸਟੇਸ਼ਨ ਡਿਵੀਜ਼ਨ ਨੰਬਰ 5 ਦੀ ਪੁਲਿਸ ਨੇ ਸਟੋਰ ਮਾਲਕ ਗੰਗਾ ਸਿੰਘ ਪਡਿਆਰ ਦੀ ਸ਼ਿਕਾਇਤ ਤੋਂ ਬਾਅਦ ਦੀਪਕ ਵਿਰੁੱਧ ਧੋਖਾਧੜੀ ਅਤੇ ਗਬਨ ਦਾ ਮਾਮਲਾ ਦਰਜ ਕੀਤਾ ਹੈ। ਸ਼ੁਰੂਆਤੀ ਜਾਂਚ ਵਿੱਚ ਪਤਾ ਲੱਗਾ ਹੈ ਕਿ ਦੀਪਕ ਨੇ ਸਟੋਰ ਦੀ ਨਕਦੀ ਅਤੇ ਵਸਤੂ ਸੂਚੀ ਨਾਲ ਛੇੜਛਾੜ ਕੀਤੀ ਹੈ। ਜਾਂਚ ਦੇ ਅਨੁਸਾਰ, ਦੀਪਕ ਨੇ ਫਰਮ ਨੂੰ ਦੱਸੇ ਬਿਨਾਂ ਗਾਹਕਾਂ ਨੂੰ ਵੱਡੀ ਮਾਤਰਾ ਵਿੱਚ ਸਟਾਕ ਵੇਚ ਦਿੱਤਾ ਅਤੇ ਕਮਾਈ ਆਪਣੇ ਕੋਲ ਰੱਖ ਲਈ। ਇਸ ਤੋਂ ਇਲਾਵਾ, ਉਸਨੇ ਸਟੋਰ ਦੇ ਕੈਸ਼ ਬਾਕਸ ਵਿੱਚੋਂ ਪੈਸੇ ਵੀ ਚੋਰੀ ਕਰ ਲਏ। ਇਸ ਕਾਰਵਾਈ ਦੇ ਨਤੀਜੇ ਵਜੋਂ ਫਰਮ ਨੂੰ ਲੱਗਭੱਗ ?441,750 ਦਾ ਨੁਕਸਾਨ ਹੋਇਆ। ਪੁਲਿਸ ਅਧਿਕਾਰੀਆਂ ਨੇ ਕਿਹਾ ਕਿ ਦੋਸ਼ੀ ਵੱਲੋਂ ਕਥਿਤ ਸਟਾਕ ਅਤੇ ਨਕਦੀ ਹੇਰਾਫੇਰੀ ਦੀ ਡੂੰਘਾਈ ਨਾਲ ਜਾਂਚ ਕੀਤੀ ਜਾ ਰਹੀ ਹੈ ਅਤੇ ਉਸਨੂੰ ਜਲਦੀ ਹੀ ਗ੍ਰਿਫ਼ਤਾਰ ਕਰ ਲਿਆ ਜਾਵੇਗਾ।

# ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਦਾ 303ਵਾਂ ਜਨਮ ਦਿਹਾੜਾ ਮਨਾਇਆ



ਲੁਧਿਆਣਾ, 26 ਮਾਰਚ (ਰਵਿੰਦਰ ਸਿੰਘ ਨਿੱਝਰ) : ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਕਾਰਪੇਂਟਰਜ਼ ਐਸੋਸੀਏਸ਼ਨ ਲੁਧਿਆਣਾ ਵੱਲੋਂ 18ਵੀਂ ਸਦੀ ਦੇ ਮਹਾਨ ਜਰਨੈਲ ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਦੇ 303ਵੇਂ ਜਨਮ ਦਿਹਾੜੇ ਨੂੰ ਸਮਰਪਿਤ ਧਾਰਮਿਕ ਸਮਾਗਮ ਗੁਰਦੁਆਰਾ ਸੁਖਮਨੀ ਸਾਹਿਬ ਅਰਬਨ ਅਸਟੇਟ ਦੁੱਗਰੀ ਵਿਖੇ ਕਰਵਾਇਆ ਗਿਆ। ਇਸ ਮੌਕੇ ਸ੍ਰੀ ਸੁਖਮਨੀ ਸਾਹਿਬ ਦੇ ਪਾਠ ਅਤੇ ਸਰਬੱਤ ਦੇ ਭਲੇ ਲਈ ਅਰਦਾਸ ਬੇਨਤੀ ਕੀਤੀ ਗਈ, ਜਿਸ ਵਿੱਚ ਅਨੇਕਾਂ ਰਾਜਨੀਤਿਕ, ਧਾਰਮਿਕ ਅਤੇ ਸਮਾਜਿਕ ਸਖ਼ਸ਼ੀਅਤਾਂ ਨੇ ਹਾਜ਼ਰੀਆਂ ਭਰੀਆਂ।ਇਸ ਮੌਕੇ ਐਸੋ: ਦੇ ਅਹੁਦੇਦਾਰਾਂ ਵੱਲੋਂ ਮਹਿਮਾਨਾਂ ਨੂੰ ਟਰਾਫੀਆਂ, ਮੈਡਲ ਅਤੇ ਪ੍ਰਸ਼ੰਸ਼ਾ ਪੱਤਰ ਦੇ ਕੇ ਸਨਮਾਨਿਤ ਕੀਤਾ ਗਿਆ।

ਇਸ ਮੌਕੇ ਜੱਸਾ ਸਿੰਘ ਰਾਮਗੜ੍ਹੀਆ ਦੀ ਸਮੂਹ ਲੀਡਰਸ਼ਿਪ, ਜੰਗ ਸਿੰਘ ਰਾਮਗੜ੍ਹੀਆ, ਹਰਪ੍ਰੀਤ ਸਿੰਘ, ਦਲੀਪ ਸਿੰਘ ਧੰਜਲ, ਮਨਪ੍ਰੀਤ ਸਿੰਘ, ਬਾਰਾ ਸਿੰਘ, ਸੁਨੀਲ ਸ਼ਰਮਾ, ਹਰਪ੍ਰੀਤ ਸਿੰਘ ਸੈਣੀ, ਅਮਨਦੀਪ ਸਿੰਘ, ਮਨਜੀਤ ਸਿੰਘ, ਮਨਦੀਪ ਸਿੰਘ, ਤਰਲੋਚਨ ਸਿੰਘ, ਗੁਰਪ੍ਰੀਤ ਸਿੰਘ, ਸੁਖਮਿੰਦਰ ਸਿੰਘ, ਸੁਖਵਿੰਦਰ ਸਿੰਘ, ਹਰਵਿੰਦਰ ਸਿੰਘ ਆਦਿ ਸੱਜਣਾਂ ਨੇ ਹਾਜ਼ਰੀਆਂ ਭਰੀਆਂ। ਹਰਜਸਮੇਲ ਸਿੰਘ ਨੇ ਇੰਗਲੈਂਡ ਤੋਂ ਇਸ ਸ਼ੁਭ ਮੌਕੇ ਸ਼ੁਭਕਾਮਨਾਵਾ ਭੇਜੀਆਂ । ਗੁਰੂ ਕਾ ਲੰਗਰ ਅਤੁੱਟ ਵਰਤਿਆ।

# ਮਨਦੀਪ ਸਿੰਘ ਸਿੱਧੂ ਨੂੰ 'ਅਕਾਲੀ ਦਲ ਵਾਰਿਸ ਪੰਜਾਬ ਦੇ' ਸਕੱਤਰ ਜਨਰਲ ਨਿਯੁਕਤ ਕਰਨ ਦਾ ਸਵਾਗਤ



ਲੁਧਿਆਣਾ, 26 ਮਾਰਚ (ਰਵਿੰਦਰ ਸਿੰਘ ਨਿੱਝਰ) : ਮੈਂਬਰ ਪਾਰਲੀਮੈਂਟ ਭਾਈ ਅੰਮ੍ਰਿਤਪਾਲ ਸਿੰਘ ਖਾਲਸਾ ਦੇ ਪਿਤਾ ਤੇ ਅਕਾਲੀ ਦਲ 'ਵਾਰਿਸ ਪੰਜਾਬ ਦੇ' ਦੇ ਸਰਪ੍ਰਸਤ ਬਾਪੂ ਤਰਸੇਮ ਸਿੰਘ ਦੀ ਅਗਵਾਈ ਹੇਠ ਸ਼ਹੀਦ ਭਾਈ ਸੰਦੀਪ ਸਿੰਘ ਸਿੱਧੂ (ਬਾਈ ਦੀਪ ਸਿੱਧੂ) ਦੇ ਭਰਾ ਮਨਦੀਪ ਸਿੰਘ ਸਿੱਧੂ ਨੂੰ ਪਾਰਟੀ ਦਾ ਸਕੱਤਰ ਜਨਰਲ ਨਿਯੁਕਤ ਕੀਤੇ ਜਾਣ ਤੇ ਪਾਰਟੀ ਆਗੂਆਂ ਵੱਲੋਂ ਸਮੁੱਚੀ ਹਾਈ ਕਮਾਂਡ ਦਾ ਧੰਨਵਾਦ ਪ੍ਰਗਟਾਇਆ ਗਿਆ ਹੈ।ਇੱਥੇ ਜਾਰੀ ਇੱਕ ਬਿਆਨ ਵਿੱਚ ਪਾਰਟੀ ਆਗੂਆਂ ਗੁਰਪ੍ਰੀਤ ਸਿੰਘ ਪ੍ਰਿੰਸ, ਅਮਨਦੀਪ ਸਿੰਘ ਹਸਨਪੁਰ, ਜਗਰੂਪ ਸਿੰਘ ਹਸਨਪੁਰ, ਮਨਿੰਦਰਪਾਲ ਸਿੰਘ ਧਾਲੀਵਾਲ (ਸਾਹਨੇਵਾਲ), ਮਨਪ੍ਰੀਤ ਸਿੰਘ ਹਸਨਪੁਰ, ਹਰਜਿੰਦਰ ਸਿੰਘ ਘੁਮਾਣ, ਬਲਵੰਤ ਸਿੰਘ ਸਿਰਸਾ, ਗੁਰਸਿਮਰਨ ਸਿੰਘ ਨੇ ਸਮੁੱਚੀ ਹਾਈ ਕਮਾਂਡ ਅਤੇ ਪਾਰਟੀ ਤੇ ਸਰਪ੍ਰਸਤ ਬਾਪੂ ਤਰਸੇਮ ਸਿੰਘ ਜੀ ਦਾ ਖਾਸ ਤੌਰ ਦਾ ਧੰਨਵਾਦ ਪ੍ਰਗਟਾਉਂਦੇ ਹੋਏ, ਕਿਹਾ ਕਿ ਭਾਈ ਮਨਦੀਪ ਸਿੰਘ ਸਿੱਧੂ ਦੇ ਜਥੇਬੰਦੀ ਦੇ ਸਕੱਤਰ ਜਨਰਲ ਨਿਯੁਕਤ ਹੋਣ ਨਾਲ ਪਾਰਟੀ ਨੂੰ ਹੋਰ ਮਜ਼ਬੂਤੀ ਮਿਲੀ ਹੈ। ਇਸ ਨਾਲ ਪੰਥਕ ਸੋਚ, ਨਿਡਰ ਆਵਾਜ਼ ਅਤੇ ਪੰਜਾਬ ਦੇ ਹੱਕਾਂ ਲਈ ਲੜਨ ਵਾਲੀ ਲਹਿਰ ਨੂੰ ਹੋਰ ਤਾਕਤ ਮਿਲੇਗੀ। ਉਹਨਾਂ ਨੇ ਕਿਹਾ ਕਿ ਇਸ ਫੈਸਲੇ ਦੇ ਨਾਲ ਪਾਰਟੀ ਦੇ ਜੱਥੇਬੰਦਕ ਢਾਂਚੇ ਨੂੰ ਜਿੱਥੇ ਹੋਰ ਮਜ਼ਬੂਤੀ ਮਿਲੇਗੀ, ਉਸ ਦੇ ਨਾਲ ਹੀ ਮਾਲਵਾ ਬੈਲਟ ਵਿੱਚ ਪਾਰਟੀ ਨੂੰ ਕਾਫੀ ਲਾਭ ਮਿਲੇਗਾ। ਇਸ ਨਿਯੁਕਤੀ ਨੇ ਨੌਜਵਾਨਾਂ ਅਤੇ ਆਗੂਆਂ ਨੂੰ ਅੱਗੇ ਲਿਆਉਣ ਪ੍ਰਤੀ ਪਾਰਟੀ ਦੀ ਵਚਨਬੱਧਤਾ ਨੂੰ ਇੱਕ ਵਾਰ ਫਿਰ ਤੋਂ ਸਾਬਤ ਕੀਤਾ ਹੈ।

# ਹਿਊਮਨ ਰਾਈਟ ਕੌਂਸਲ ਮੀਟਿੰਗ ਵਿੱਚ ਮਨੁੱਖੀ ਅਧਿਕਾਰਾਂ ਬਾਰੇ ਚਾਨਣਾ ਪਾਇਆ



ਲੁਧਿਆਣਾ, 26 ਮਾਰਚ (ਰਵਿੰਦਰ ਸਿੰਘ ਨਿੱਝਰ) : ਹਿਊਮਨ ਰਾਈਟ ਕੌਂਸਲ ਦੀ ਇਕ ਹੰਗਾਮੀ ਮੀਟਿੰਗ ਨੈਸ਼ਨਲ ਪ੍ਰਧਾਨ ਮੈਡਮ ਆਰਤੀ ਰਾਜਪੂਤ ਜੀ ਦੇ ਦਿਸ਼ਾ ਨਿਰਦੇਸ਼ਾਂ ਹੇਠ ਦੁਗਰੀ ਰੋਡ ਲੁਧਿਆਣਾ ਦਫਤਰ ਵਿਖੇ ਹੋਈ ਇਸ ਵਿੱਚ ਉਚੇਚੇ ਤੌਰ 'ਤੇ ਪੰਜਾਬ ਦੇ ਕਾਰਜਕਾਰੀ ਪ੍ਰਧਾਨ ਸਤਵਿੰਦਰ ਸਿੰਘ ਮਠਾੜੂ ਪੰਜਾਬ ਦੇ ਜਨਰਲ ਸਕੱਤਰ ਮਨਜੀਤ ਸਿੰਘ ਅਰੋੜਾ ਸ੍ਰੀ ਬਖਸ਼ੀ ਪ੍ਰਧਾਨ ਲੁਧਿਆਣਾ, ਕਿਰਪਾਲ ਸਿੰਘ ਸਹਾਰਾ ਪ੍ਰਧਾਨ ਕਿਸਾਨ ਵਿੰਗ ਸਮੇਤ ਸਾਰੀ ਹੀ ਲੀਡਰਸ਼ਿਪ ਅਤੇ ਮੈਂਬਰ ਸ਼ਾਮਿਲ ਹੋਏ । ਇਸ ਮੀਟਿੰਗ ਵਿੱਚ ਮਠਾੜੂ ਨੇ ਕੌਂਸਲ ਬਾਰੇ ਜਾਣਕਾਰੀ ਦਿੱਤੀ ਅਤੇ ਅਰੋੜਾ ਨੇ ਮਨੁੱਖੀ ਅਧਿਕਾਰਾਂ ਬਾਰੇ ਚਾਨਣਾ ਪਾਇਆ ਅੰਤ ਵਿੱਚ ਸ੍ਰੀ ਰਕੇਸ਼ ਗੋਇਲ ਜਨਰਲ ਸਕੱਤਰ ਲੁਧਿਆਣਾ ਨੇ ਆਏ ਮਹਿਮਾਨਾਂ ਦਾ ਧੰਨਵਾਦ ਕੀਤਾ ਅਤੇ ਆਏ ਹੋਏ ਸਾਰੇ ਮੈਂਬਰਾਂ ਨੂੰ ਮੈਂਬਰਸ਼ਿਪ ਕਾਰਡ ਪ੍ਰਦਾਨ ਕੀਤੇ।

# 'ਪੰਜਾਬ ਬਚਾਓ' ਰੈਲੀ 'ਚ 'ਆਪ' ਸਰਕਾਰ 'ਤੇ ਸੁਖਬੀਰ ਸਿੰਘ ਬਾਦਲ ਨੇ ਕੀਤੇ ਤਿੱਖੇ ਵਾਰ



ਫਿਲੌਰ, 26 ਮਾਰਚ (ਅਜੇ ਸਿੰਘ ਨਾਗੀ) : ਹਲਕਾ ਫਿਲੌਰ ਦੇ ਸਹਿਰ ਗੁਰਾਇਆ ਦੀ ਦਾਨਾ ਮੰਡੀ ਸ਼੍ਰੋਮਣੀ ਅਕਾਲੀ ਦਲ ਬਾਦਲ ਦੇ ਕੌਮੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਹਲਕਾ ਇੰਚਾਰਜ ਬਲਦੇਵ ਸਿੰਘ ਖਹਿਰਾ ਦੀ ਅਗਵਾਈ 'ਚ ਰੈਲੀ ਕੀਤੀ। ਇਸ ਮੌਕੇ ਸੁਖਬੀਰ ਸਿੰਘ ਬਾਦਲ ਨੇ ਆਮ ਆਦਮੀ ਪਾਰਟੀ ਤੇ ਮੁੱਖ ਮੰਤਰੀ ਭਗਵੰਤ ਮਾਨ, ਕਾਂਗਰਸ ਪਾਰਟੀ ਤੇ ਬੀਜੇਪੀ ਤੇ ਤਿੱਖੇ ਹਮਲੇ ਕੀਤੇ। ਉਨ੍ਹਾਂ ਨੇ ਆਪ ਪਾਰਟੀ 'ਤੇ ਤਿੱਖੇ ਵਾਰ ਕਰਦਿਆਂ ਕਿਹਾ ਕਿ ਇਨ੍ਹਾਂ ਨੇ ਬਦਲਾਵ ਦੇ ਨਾਮ 'ਤੇ ਪੰਜਾਬ ਨੂੰ ਲੁੱਟਿਆ ਹੈ। ਪੰਜਾਬ 'ਚ ਲਾਅ ਨਾਂ ਦੀ ਕੋਈ ਚੀਜ ਨਹੀਂ ਹੈ। ਦਿਨ ਦਿਹਾੜੇ ਲੁੱਟਾ ਖੋਹਾਂ ਤੇ ਧਮਕੀਆਂ ਵਪਾਰੀਆਂ ਤੇ ਸਰਪੰਚਾਂ ਨੂੰ ਮਿਲ ਰਹੀਆਂ ਹਨ। 2027 'ਚ ਸ਼੍ਰੋਮਣੀ ਅਕਾਲੀ ਦਲ ਬਾਦਲ ਦੀ ਸਰਕਾਰ ਬਣੇਗੀ ਤੇ 30 ਕਿਲੋ ਕਣਕ ਤੇ ਰੁਜ਼ਗਾਰ ਲਈ 10 ਲੱਖ ਦਾ ਕਰਜਾ ਬਿਨਾਂ ਵਿਆਜ ਦੇਵਾਂਗੇ। ਵਿਆਹ ਦੀ ਸ਼ਗਨ ਸਕੀਮ ਇੱਕ ਲੱਖ ਬਾਦਲ ਸਾਹਿਬ ਦੀ ਯਾਦ 'ਚ ਦਿੱਤੀ ਜਾਵੇਗੀ।

ਇਸ ਮੌਕੇ ਵਿਕਮਰਜੀਤ ਸਿੰਘ ਮਜੀਠੀਆ ਕੈਬਨਿਟ ਮੰਤਰੀ ਸਾਬਕਾ, ਜਥੇਦਾਰ ਹਰਜਿੰਦਰ ਸਿੰਘ ਲੱਲੀਆਂ, ਜਥੇਦਾਰ ਮਹਾਂ ਸਿੰਘ ਰਸੂਲਪੁਰ, ਹਰਿੰਦਰ ਸਿੰਘ ਢੀਂਡਸਾ, ਸੁਖਦੀਪ ਸਿੰਘ ਸੁਕਾਰਾ ਪ੍ਰਧਾਨ ਜ਼ਿਲ੍ਹਾ ਪ੍ਰਧਾਨ ਸ਼ਹੀਦ ਭਗਤ ਸਿੰਘ ਨਗਰ, ਜਸਬੀਰ ਸਿੰਘ ਰੁੜਕਾ ਅਮਰਜੀਤ ਸਿੰਘ ਕਟਾਣਾ, ਮੋਹਨ ਲਾਲ ਸਾਬਕਾ ਵਿਧਾਇਕ ਬੰਗਾ, ਕੁਲਦੀਪ ਸਿੰਘ ਬਾਜਵਾ, ਮਨਜੀਤ ਸਿੰਘ ਨੰਗਲ, ਇੰਦਰਜੀਤ ਸਿੰਘ ਸਿੱਧੂ, ਜਥੇਦਾਰ ਮੋਹਨ ਸਿੰਘ ਕਡਿਆਣਾ, ਗੁਰਮੀਤ ਸਿੰਘ ਦਾਦੂਵਾਲ, ਜਥੇਦਾਰ ਬਲਵਿੰਦਰ ਸਿੰਘ ਗੜ੍ਹੀ ਮਹਾ ਸਿੰਘ, ਦਲਵੀਰ ਸਿੰਘ ਅੱਟਾ, ਹੀਰਾ ਸਿੰਘ ਗਾਬੜੀਆ, ਜਰਨੈਲ ਸਿੰਘ ਵਾਹਦ, ਰਣਜੀਤ ਸਿੰਘ ਖੁਰਾਣਾ ਹਲਕਾ ਇੰਚਾਰਜ ਫਗਵਾੜਾ, ਕੁਲਦੀਪ ਸਿੰਘ ਜੌਹਲ ਅੱਪਰਾ, ਕੇ. ਐਸ ਮੱਖਣ ਨਕੋਦਰ, ਮੰਗਲ ਸਿੰਘ ਐਡਵੋਕੇਟ, ਸੁਲੱਖਣ ਸਿੰਘ ਰਏਪੁਰ ਰਾਈਆਂ, ਭੁਪਿੰਦਰ ਸਿੰਘ ਜੌਹਲ, ਨਰੇਸ਼ ਧੀਮਾਨ, ਮਨੋਜ ਕੁਮਾਰ ਮੋਨੂੰ ਤੇ ਲੀਡਰਸਿਪ ਤੇ ਵਰਕਰਾਂ ਭਾਰੀ ਗਿਣਤੀ 'ਚ ਸਾਮਿਲ ਸਨ।

# ਪਿੰਡ ਬੱਦੋਵਾਲ ਵਿਖੇ ਦੋ ਰੋਜ਼ਾ ਕ੍ਰਿਕੇਟ ਟੂਰਨਾਮੈਂਟ ਪਹਿਲੀ ਅਪ੍ਰੈਲ ਤੋਂ



ਮੁੱਲਾਂਪੁਰ ਦਾਖਾ, 26 ਮਾਰਚ (ਦਵਿੰਦਰ ਸਿੰਘ ਲੰਮੇ): ਲਾਗਲੇ ਪਿੰਡ ਬੱਦੋਵਾਲ ਵਿਖੇ ਦੋ ਰੋਜ਼ਾ ਕ੍ਰਿਕਟ ਟੂਰਨਾਮੈਂਟ ਮਿਤੀ 1ਅਪ੍ਰੈਲ ਨੂੰ ਸ਼ੁਰੂ ਹੋਣ ਜਾ ਰਿਹਾ ਹੈ, ਜਿਸ ਬਾਰੇ ਜਾਣਕਾਰੀ ਦਿੰਦਿਆਂ ਸਾਬਕਾ ਜ਼ਿਲ੍ਹਾ ਪ੍ਰੀਸ਼ਦ ਮੈਂਬਰ ਕੁਲਦੀਪ ਸਿੰਘ ਬੱਦੋਵਾਲ ਨੇ ਦੱਸਿਆ ਕਿ ਇਹ ਟੂਰਨਾਮੈਂਟ ਗ੍ਰਾਮ ਪੰਚਾਇਤ ਅਤੇ ਪ੍ਰਵਾਸੀ ਵੀਰਾਂ ਦੇ ਸਹਿਯੋਗ ਨਾਲ ਕਰਵਾਇਆ ਜਾ ਰਿਹਾ ਹੈ । ਜਿਸ ਵਿੱਚ ਪੰਜਾਬ ਭਰ ਤੋਂ ਨਾਮੀ 32 ਕ੍ਰਿਕਟ ਟੀਮਾਂ ਹਿੱਸਾ ਲੈਣਗੀਆਂ ।ਉਹਨਾਂ ਦੱਸਿਆ ਕਿ ਜੇਤੂ ਟੀਮ ਨੂੰ 31000 ਰੁਪੈ ਨਗਦ ਅਤੇ ਟਰਾਫੀ, ਉਪ ਜੇਤੂ ਨੂੰ 21000 ਨਗਦ ਇਨਾਮ ਅਤੇ ਟਰਾਫੀ ਦਿੱਤੀ ਜਾਵੇਗੀ। ਟੂਰਨਾਮੈਂਟ ਦੇ ਪਿੰਡ ਵਾਲੇ ਬੈਸਟ ਪਲੇਅਰ ਨੂੰ ਕੂਲਰ ਇਨਾਮ ਵਜੋਂ ਦਿੱਤਾ ਜਾਵੇਗਾ। ਇਸੇ ਤਰ੍ਹਾਂ ਬੈਸਟ ਬਾਲਰ ਅਤੇ ਬੈਟਸਮੈਨ (ਪਿੰਡ ਵਾਲਾ) ਖਿਡਾਰੀ ਨੂੰ ਏਅਰ ਫਰਾਈਰ, ਤੀਜੇ ਅਤੇ ਚੌਥੇ ਨੰਬਰ ਵਾਲੇ ਬੈਸਟ ਪਲੇਅਰ (ਇੱਕ ਪਿੰਡ) ਨੂੰ ਜੂਸਰ ਇਨਾਮ ਦਿੱਤਾ ਜਾਵੇਗਾ। ਉਹਨਾਂ ਦੱਸਿਆ ਕਿ ਸਿਰਫ 32 ਟੀਮਾਂ ਹੀ ਐਂਟਰ ਕੀਤੀਆਂ ਜਾਣਗੀਆਂ ਅਤੇ ਇੱਕ ਟੀਮ ਵਿੱਚ ਇੱਕ ਖਿਡਾਰੀ ਹੀ ਬਾਹਰੋਂ ਖੇਡਣ ਦੀ ਇਜਾਜ਼ਤ ਹੋਵੇਗੀ ਜਿਹੜਾ ਕਿ ਖੇਡਣ ਸਮੇਂ ਚਿੱਟੇ ਰੰਗ ਦੀ ਖੇਡ ਕਿੱਟ ਵਿੱਚ ਹੋਣਾ ਲਾਜ਼ਮੀ ਹੈ। ਕੁਲਦੀਪ ਸਿੰਘ ਅਨੁਸਾਰ ਹਰੇਕ ਮੈਚ ਚਾਰ ਤੋਂ ਛੇ ਓਵਰ ਦਾ ਹੋਵੇਗਾ ਅਤੇ ਤੀਜੇ ਤੇ ਚੌਥੇ ਸਥਾਨ 'ਤੇ ਰਹਿਣ ਵਾਲੀ ਟੀਮ ਵੀ 2100 ਦੀ ਬਰਾਬਰ ਹੱਕਦਾਰ ਹੋਵੇਗੀ।

# ਗ਼ੈਰ ਮੁਲਾਜ਼ਮ ਸਫ਼ਾਈ ਯੂਨੀਅਨ ਦਾ ਨਵਾਂ ਬਣਿਆ ਪ੍ਰਧਾਨ ਆਪਣੇ ਬਿਆਨ ਲਈ ਆਪਣੀ ਪੀੜ੍ਹੀ ਥੱਲੇ ਸੋਟਾ ਫੇਰੇ : ਸਮੂਹ ਸਫ਼ਾਈ ਸੇਵਕ



ਜਗਰਾਓਂ, 26 ਮਾਰਚ (ਵਿਸ਼ਾਲ ਅੱਤਰੇ/ਆਰੀਅਨ ਅੱਤਰੇ) : ਪਿਛਲੇ ਦਿਨੀ ਨਗਰ ਕੌਂਸਲ ਜਗਰਾਓਂ ਅੰਦਰ ਰਾਜਨੀਤਿਕ ਸੋਚ ਰਾਹੀਂ ਬਣੇ ਗੈਰ ਮੁਲਾਜ਼ਮ ਸਫਾਈ ਯੂਨੀਅਨ ਦੇ ਪ੍ਰਧਾਨ ਵੱਲੋਂ ਬਿਆਨ ਦਿੱਤਾ ਗਿਆ। ਆਪਣੇ ਵੱਲੋਂ ਪਹਿਲੀ ਮਿਲਣੀ ਸਮੇਂ ਦਿੱਤੇ ਰਾਜਨੀਤਿਕ ਆਗੂ ਤੇ ਨਗਰ ਕੌਂਸਲ ਜਗਰਾਓਂ ਦੇ ਅਧਿਕਾਰੀਆਂ ਦੀ ਹਾਜ਼ਰੀ ਵਿੱਚ ਇਹ ਬਿਆਨ ਦਿੱਤਾ ਕਿ ਨਗਰ ਕੌਂਸਲ ਜਗਰਾਓਂ ਦੇ ਸਫਾਈ ਸੇਵਕ ਕੰਮ ਨੂੰ ਸੁਚਾਰੂ ਢੰਗ ਨਾਲ ਨਹੀਂ ਕਰ ਰਹੇ ਹਨ, ਜਿਸ ਕਾਰਨ ਸਮੂਹ ਸਫਾਈ ਸੇਵਕਾਂ ਅੰਦਰ ਭਾਰੀ ਰੋਸ ਪਾਇਆ ਜਾ ਰਿਹਾ ਹੈ। ਸਮੂਹ ਸਫਾਈ ਸੇਵਕਾਂ ਨੇ ਮੀਡੀਏ ਨੂੰ ਦੱਸਿਆ ਕਿ ਨਵੇਂ ਬਣੇ ਗੈਰ ਮੁਲਾਜ਼ਮ ਪ੍ਰਧਾਨ ਇਸ ਗੱਲ ਦਾ ਜਵਾਬ ਦੇਣ ਕਿ ਉਨ੍ਹਾਂ ਨੇ ਆਪਣੇ ਸਫਾਈ ਸੇਵਕ ਦੀ ਨੌਕਰੀ ਦੌਰਾਨ ਕਿਸ ਬੀਟ 'ਤੇ ਕਿੰਨਾ ਚਿਰ ਸਫਾਈ ਦਾ ਕੰਮ ਕੀਤਾ ਹੈ। ਉਹਨਾਂ ਵੱਲੋਂ ਦਿੱਤੇ ਬੇਤੁਕੇ ਬਿਆਨ ਲਈ ਸਮੂਹ ਸਫਾਈ ਸੇਵਕਾਂ ਨੇ ਕਿਹਾ ਕਿ ਉਹ ਉਨ੍ਹਾਂ ਦੇ ਚੁਣੇ ਹੋਏ ਪ੍ਰਧਾਨ ਨਹੀਂ ਹਨ। ਉਹ ਆਪਣੇ ਆਪ ਰਾਜਨੀਤਿਕ ਆਗੂ ਦੀ ਸੋਚ ਤੋਂ ਉਪਜੇ ਗੈਰ ਮੁਲਾਜ਼ਮ ਯੂਨੀਅਨ ਦੇ ਪ੍ਰਧਾਨ ਹਨ। ਸਫਾਈ ਸੇਵਕਾਂ ਨੇ ਕਿਹਾ ਪਹਿਲਾ ਉਹ ਆਪ ਸਫਾਈ ਦਾ ਕੰਮ ਕਰਨ ਤੇ ਫਿਰ ਹੀ ਸਫਾਈ ਸੇਵਕਾਂ ਪ੍ਰਤੀ ਆਪਣਾ ਬਿਆਨ ਦੇਣ ਰਾਜਨੀਤਿਕ ਆਗੂ ਨੂੰ ਤਾੜਨਾ ਕਰਦੇ ਹੋਏ ਕੁਝ ਸਫਾਈ ਸੇਵਕਾਂ ਨੇ ਉਹਨਾਂ ਬਾਰੇ ਕਿਹਾ ਕਿ ਉਕਤ ਰਾਜਨੀਤਿਕ ਆਗੂ ਪਹਿਲਾਂ ਵੀ ਆਪਣੇ ਸਵਾਰਥਾਂ ਲਈ ਨਗਰ ਕੌਂਸਲ ਜਗਰਾਓਂ ਦੇ ਸ਼ਾਂਤਮਈ ਮਾਹੌਲ ਨੂੰ ਖਰਾਬ ਕਰਨ ਦੀ ਕਈ ਵਾਰ ਕੋਸ਼ਿਸ਼ ਕਰ ਚੁੱਕਿਆ ਹੈ। ਇਸ ਵੱਲੋਂ ਨਗਰ ਕੌਂਸਲ ਆਪਣੇ ਆਪਣੇ ਸਵਾਰਥਾਂ ਨੂੰ ਹੱਲ ਕਰਨ ਲਈ ਨਵਾਂ ਧੜਾ ਖੜ੍ਹਾ ਕੀਤਾ ਗਿਆ ਹੈ। ਨਵਾਂ ਪ੍ਰਧਾਨ ਬਹੁ ਗਿਣਤੀ ਸਫਾਈ ਸੇਵਕਾਂ ਨੂੰ ਮਨਜ਼ੂਰ ਨਹੀਂ ਹੈ। ਨਗਰ ਕੌਂਸਲ ਜਗਰਾਓਂ ਦੇ ਸਮੂਹ ਸਫਾਈ ਸੇਵਕਾਂ ਵੱਲੋਂ ਇੱਕ ਮਤਾ ਬੀ ਪਾਸ ਕੀਤਾ ਗਿਆ ਹੈ। ਨਵੇਂ ਪ੍ਰਧਾਨ ਦੇ ਬਿਆਨ ਦਾ ਪ੍ਰਤੀਕਰਮ ਦਿੰਦਿਆਂ ਸਮੂਹ ਸਫਾਈ ਸੇਵਕਾਂ ਨੇ ਕਿਹਾ ਹੈ ਕਿ ਅਜਿਹੇ ਬਿਆਨ ਦੇਣ ਤੋਂ ਪਹਿਲਾਂ ਨਵਾਂ ਬਣਿਆ ਪ੍ਰਧਾਨ ਆਪਣੀ ਪੀੜ੍ਹੀ ਥੱਲੇ ਸੋਟਾ ਫੇਰੇ ਤਾਂ ਜੋ ਸਫਾਈ ਸੇਵਕਾਂ ਦੇ ਖਿਲਾਫ ਦਿੱਤੇ ਬਿਆਨ ਲਈ ਉਸਦੀ ਅੱਖ ਖੁੱਲ੍ਹ ਸਕੇ।

# ਭਾਰਤ ਦੇ ਨੰਬਰ ਇੱਕ ਸੂਬੇ ਵੱਲ ਵੱਧ ਰਿਹੈ ਪੰਜਾਬ : ਸੰਜੀਵ ਅਰੋੜਾ



ਲੁਧਿਆਣਾ, 26 ਮਾਰਚ (ਵਿਸ਼ਾਲ ਸ਼ਰਮਾ): ਕੈਬਨਿਟ ਮੰਤਰੀ ਸੰਜੀਵ ਅਰੋੜਾ ਨੇ ਵੀਰਵਾਰ ਨੂੰ ਸਰਾਭਾ ਨਗਰ ਵਿੱਚ ਇੱਕ ਨੁੱਕੜ ਮੀਟਿੰਗ ਦੌਰਾਨ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਦਾ ਚਾਰ ਸਾਲਾ ਰਿਪੋਰਟ ਕਾਰਡ ਪੇਸ਼ ਕੀਤਾ। ਇਕੱਠ ਨੂੰ ਸੰਬੋਧਨ ਕਰਦਿਆਂ ਅਰੋੜਾ ਨੇ ਕਿਹਾ ਕਿ ਪੰਜਾਬ ਤੇਜ਼ੀ ਨਾਲ ਵਿਕਾਸ ਦਰ ਵੱਲ ਵੱਧ ਰਿਹਾ ਹੈ ਅਤੇ ਜਲਦੀ ਹੀ ਇੱਕ ਜੀਵੰਤ ਰੰਗਲਾ ਪੰਜਾਬ ਵਿੱਚ ਬਦਲ ਜਾਵੇਗਾ। ਉਨ੍ਹਾਂ ਦਾਅਵਾ ਕੀਤਾ ਕਿ ਸੂਬੇ ਨੇ ਪਿਛਲੇ ਚਾਰ ਸਾਲਾਂ ਵਿੱਚ ਇਤਿਹਾਸਕ ਅਤੇ ਬੇਮਿਸਾਲ ਵਿਕਾਸ ਦੇਖਿਆ ਹੈ, ਜਿਸਦੀ ਕਦੇ ਕਲਪਨਾ ਵੀ ਨਹੀਂ ਕੀਤੀ ਗਈ ਸੀ ਅਤੇ ਨਾ ਹੀ ਪਿਛਲੇ 70 ਸਾਲਾਂ ਵਿੱਚ ਅਜਿਹਾ ਹੋਇਆ ਸੀ। ਅਰੋੜਾ ਨੇ ਇਹ ਵੀ ਦੁਹਰਾਇਆ ਕਿ ਪੰਜਾਬ ਨੂੰ ਭਾਰਤ ਸਰਕਾਰ ਦੁਆਰਾ ਸੜਕ ਸੁਰੱਖਿਆ, ਸਿੱਖਿਆ ਅਤੇ ਕਾਰੋਬਾਰ ਕਰਨ ਵਿੱਚ ਸੌਖ ਵਿੱਚ ਨੰਬਰ 1 ਸੂਬੇ ਵਜੋਂ ਸਨਮਾਨਿਤ ਕੀਤਾ ਗਿਆ ਹੈ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਇਹ ਪੰਜਾਬ ਦੇ ਇਤਿਹਾਸ ਵਿੱਚ ਪਹਿਲੀ ਵਾਰ ਹੈ, ਜਦੋਂ ਸੂਬੇ ਨੇ ਇਨ੍ਹਾਂ ਮੁੱਖ ਖੇਤਰਾਂ ਵਿੱਚ ਅਜਿਹੀ ਮਾਨਤਾ ਪ੍ਰਾਪਤ ਕੀਤੀ ਹੈ। ਉਨ੍ਹਾਂ ਅੱਗੇ ਕਿਹਾ ਕਿ ਦੇਸ਼ ਵਿੱਚ ਹਰ ਕੋਈ ਹੁਣ ਇਸ ਬਾਰੇ ਗੱਲ ਕਰ ਰਿਹਾ ਹੈ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਅਸਾਧਾਰਨ ਯਤਨਾਂ ਸਦਕਾ ਪੰਜਾਬ ਦੇਸ਼ ਦਾ ਨੰਬਰ ਇੱਕ ਸੂਬਾ ਬਣਨ ਵੱਲ ਕਿਵੇਂ ਵਧ ਰਿਹਾ ਹੈ। ਅਰੋੜਾ ਨੇ ਕਿਹਾ ਕਿ ਪਿਛਲੇ ਚਾਰ ਸਾਲਾਂ ਤੋਂ ਪੰਜਾਬ ਦੇ ਹਰ ਘਰ ਨੂੰ ਪ੍ਰਤੀ ਮਹੀਨਾ 300 ਯੂਨਿਟ ਮੁਫ਼ਤ ਬਿਜਲੀ ਮਿਲ ਰਹੀ ਹੈ। ਉਨ੍ਹਾਂ ਅੱਗੇ ਦੱਸਿਆ ਕਿ 75 ਪ੍ਰਤੀਸ਼ਤ ਕਿਸਾਨਾਂ ਨੂੰ ਸਵੇਰੇ ਨਿਰਵਿਘਨ ਬਿਜਲੀ ਸਪਲਾਈ ਮਿਲ ਰਹੀ ਹੈ, ਜਿਸ ਨੂੰ ਆਉਣ ਵਾਲੇ ਝੋਨੇ ਦੇ ਸੀਜ਼ਨ ਦੌਰਾਨ ਵਧਾ ਕੇ 95 ਪ੍ਰਤੀਸ਼ਤ ਕਰ ਦਿੱਤਾ ਜਾਵੇਗਾ। ਉਨ੍ਹਾਂ ਅੱਗੇ ਦੱਸਿਆ ਕਿ ਪੀਐਸਪੀਸੀਐਲ ਦੀਆਂ ਸੇਵਾਵਾਂ ਨੂੰ ਵਧੇਰੇ ਕੁਸ਼ਲ ਅਤੇ ਪ੍ਰਭਾਵਸ਼ਾਲੀ ਬਣਾਇਆ ਗਿਆ ਹੈ, ਜਿਸ ਦੇ ਨਤੀਜੇ ਵਜੋਂ ਵਧੇਰੇ ਮੁਨਾਫ਼ਾ, ਘੱਟ ਨੁਕਸਾਨ ਅਤੇ ਬਿਹਤਰ ਨਿਰਵਿਘਨ ਬਿਜਲੀ ਸਪਲਾਈ ਮਿਲਦੀ ਹੈ। ਉਨ੍ਹਾਂ ਇਹ ਵੀ ਦੱਸਿਆ ਕਿ ਪੰਜਾਬ ਸਰਕਾਰ ਨੇ ਹਰ ਪੰਜਾਬੀ ਲਈ 10 ਲੱਖ ਰੁਪਏ ਤੱਕ ਦੀ ਯੂਨੀਵਰਸਲ ਕੈਸ਼ਲੈੱਸ ਸਿਹਤ ਬੀਮਾ ਯੋਜਨਾ ਸ਼ੁਰੂ ਕੀਤੀ ਹੈ, ਜਿਸ ਨਾਲ ਅਜਿਹਾ ਵਿਆਪਕ ਪ੍ਰੋਗਰਾਮ ਲਾਗੂ ਕਰਨ ਵਾਲਾ ਸੂਬਾ ਦੇਸ਼ ਦਾ ਪਹਿਲਾ ਸੂਬਾ ਬਣ ਗਿਆ ਹੈ। ਅਰੋੜਾ ਨੇ ਐਲਾਨ ਕੀਤਾ ਕਿ ਪੰਜਾਬ ਦੀਆਂ ਔਰਤਾਂ ਨੂੰ ਜਲਦੀ ਹੀ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੁਆਰਾ ਐਲਾਨੇ ਗਏ 1000 ਰੁਪਏ ਅਤੇ 1500 ਰੁਪਏ ਪ੍ਰਤੀ ਮਹੀਨਾ ਵਿੱਤੀ ਸਹਾਇਤਾ ਮਿਲਣੀ ਸ਼ੁਰੂ ਹੋ ਜਾਵੇਗੀ। ਉਨ੍ਹਾਂ ਅੱਗੇ ਕਿਹਾ ਕਿ ਰਾਜ ਦੀਆਂ ਸੜਕਾਂ ਜਲਦੀ ਹੀ ਕੂੜੇ ਤੋਂ ਮੁਕਤ ਹੋ ਜਾਣਗੀਆਂ ਅਤੇ ਦੇਸ਼ ਦਾ ਸਭ ਤੋਂ ਵਧੀਆ ਸੜਕੀ ਬੁਨਿਆਦੀ ਢਾਂਚਾ ਹੋਵੇਗਾ।

# ਭਾਜਪਾ ਵਰਣਵੰਡ ਕਰਵਾਕੇ ਪੰਜਾਬ 'ਚ ਡੇਰਾਵਾਦ ਨੂੰ ਪ੍ਰਫੁੱਲਤ ਕਰ ਰਹੀ ਹੈ : ਕਾ: ਸੇਖੋਂ



ਮੁੱਲਾਂਪੁਰ ਦਾਖਾ, 26 ਮਾਰਚ (ਦਵਿੰਦਰ ਸਿੰਘ ਲੰਮੇ) : ਪੰਜਾਬ ਵਿਧਾਨ ਸਭਾ ਦੀਆਂ 2027 ਦੀਆਂ ਚੋਣਾਂ ਭਾਜਪਾ ਨੇ ਇਕੱਲਿਆਂ ਹੀ ਲੜਣ ਦਾ ਐਲਾਨ ਕਰਕੇ ਅਕਾਲੀ ਦਲ ਦਾ ਭੁਲੇਖਾ ਵੀ ਦੂਰ ਕਰ ਦਿੱਤਾ ਹੈ। ਸਥਾਨਕ ਸ਼ਹਿਰ ਵਿਖੇ ਪੱਤਰਕਾਰਾਂ ਕੋਲ਼ ਇਹਨਾਂ ਸ਼ਬਦਾਂ ਦਾ ਪ੍ਰਗਟਾਵਾ ਕਰਦਿਆਂ ਸੀ. ਪੀ. ਆਈ. ਐੱਮ ਪੰਜਾਬ ਦੇ ਸਕੱਤਰ ਕਾ: ਸੁਖਵਿੰਦਰ ਸਿੰਘ ਸੇਖੋਂ ਨੇ ਕਿਹਾ ਕਿ ਜੇ ਦੋਵਾਂ ਪਾਰਟੀਆਂ ਦਾ ਸਮਝੌਤਾ ਹੋਇਆ ਤਾਂ ਉਹ ਨਾ ਪੰਜਾਬ ਦੇ ਹਿੱਤ ਵਿੱਚ ਹੋਵੇਗਾ ਅਤੇ ਨਾ ਹੀ ਗੁਰੂ ਨਾਨਕ ਦੇ ਫ਼ਲਸਫ਼ੇ ਦੇ ਅਨੁਕੂਲ ਹੋਵੇਗਾ।

ਉਹਨਾਂ ਕਿਹਾ ਕਿ ਗੁਰੂ ਨਾਨਕ ਦਾ ਫ਼ਲਸਫ਼ਾ 'ਸਭੈ ਸਾਂਝੀਵਾਲ ਸਦਾਇਨ, ਕੋਈ ਨਾ ਦਿਸੈ ਬਾਹਰਾ ਜੀਓ' ਵਾਲਾ ਹੈ, ਜਦੋਂ ਕਿ ਭਾਜਪਾ ਵਰਣਵੰਡ ਕਰਵਾ ਰਹੀ ਹੈ ਅਤੇ ਪੰਜਾਬ ਵਿੱਚ ਡੇਰਾਵਾਦ ਫੈਲਾ ਰਹੀ ਹੈ। ਉਹਨਾਂ ਪੁੱਛਿਆ ਕਿ ਚੋਣਾਂ 'ਚ ਲਾਹਾ ਲੈਣ ਲਈ ਪੰਜਾਬੀਆਂ ਦੇ ਹੱਕ ਵਿੱਚ ਮਗਰਮੱਛ ਵਾਂਗ ਹੰਝੂ ਵਹਾਉਣ ਵਾਲੀ ਭਾਜਪਾ ਤੇ ਆਰ ਐੱਸ ਐੱਸ ਦਿੱਲੀ ਦੰਗਿਆਂ ਸਮੇਂ ਕਿੱਥੇ ਸੀ? ਇੱਥੇ ਹੀ ਬੱਸ ਨਹੀਂ ਉਸ ਸਮੇਂ ਤਾਂ ਭਾਜਪਾ ਨੇ ਕਿਹਾ ਸੀ ਸ੍ਰੀ ਦਰਬਾਰ ਸਾਹਿਬ 'ਤੇ ਹਮਲਾ ਵੀ ਉਹਨਾਂ ਕਰਵਾਇਆ ਹੈ, ਜਿਸ ਬਾਰੇ ਭਾਜਪਾ ਆਗੂ ਲਾਲ ਕ੍ਰਿਸ਼ਨ ਅਡਵਾਨੀ ਦੀ ਪੁਸਤਕ 'ਮਾਈ ਕੰਟਰੀ ਮਾਈ ਲਾਈਫ਼' ਵਿੱਚ ਦਰਜ਼ ਹੈ। ਕਮਿਊਨਿਸਟ ਆਗੂ ਨੇ ਕਿਹਾ ਕਿ ਜੇਕਰ ਭਾਜਪਾ ਤੇ ਅਕਾਲੀ ਦਲ ਵੱਖ ਵੱਖ ਤੌਰ 'ਤੇ ਵਿਧਾਨ ਸਭਾ ਚੋਣਾਂ ਲੜਣਗੇ ਤਾਂ ਸਪੱਸ਼ਟ ਹੋ ਜਾਵੇਗਾ ਕਿ ਕਿਸਦੇ ਪੱਲੇ ਕੀ ਹੈ।

ਸੂਬਾ ਸਕੱਤਰ ਨੇ ਪੰਜਾਬ ਦੀ ਭਗਵੰਤ ਮਾਨ ਦੀ ਅਗਵਾਈ ਵਾਲੀ ਆਮ ਆਦਮੀ ਪਾਰਟੀ ਦੀ ਸਰਕਾਰ 'ਤੇ ਦੋਸ਼ ਲਾਇਆ ਕਿ ਉਸਨੇ ਚੋਣਾਂ ਤੋਂ ਪਹਿਲਾਂ ਕੀਤੇ ਕਿਸੇ ਵਾਅਦੇ ਨੂੰ ਵੀ ਪੂਰਾ ਨਹੀਂ ਕੀਤਾ , ਸਗੋਂ ਵਾਅਦੇ ਪੂਰੇ ਕਰਨ ਦਾ ਝੂਠਾ ਪ੍ਰਚਾਰ ਕਰਕੇ ਲੋਕਾਂ ਨੂੰ ਗੁੰਮਰਾਹ ਕੀਤਾ ਜਾ ਰਿਹਾ ਹੈ।ਉਹਨਾਂ ਦੱਸਿਆ ਕਿ ਅਨੰਦਪੁਰ ਸਾਹਿਬ ਮੇਲੇ 'ਤੇ ਲੱਗੇ ਟੈਂਟ ਲਈ ਕਰੀਬ 52 ਕਰੋੜ ਖ਼ਰਚ ਕੀਤਾ ਗਿਆ ਅਤੇ ਮੁਕਤਸਰ ਦੇ ਮਾਘੀ ਮੇਲੇ 'ਤੇ ਕਰੀਬ 3 ਕਰੋੜ ਰੁਪਏ ਖ਼ਰਚ ਕੀਤੇ, ਇਹਨਾਂ ਮੇਲਿਆਂ 'ਤੇ ਟੈਂਟ ਦਿੱਲੀ ਤੋਂ ਲਿਆਂਦਾ ਗਿਆ। ਪੰਜਾਬ ਸਰਕਾਰ ਨੇ ਤੀਰਥ ਯਾਤਰਾ ਸ਼ੁਰੂ ਕੀਤੀ ਤਾਂ ਇਸ ਲਈ ਬੱਸਾਂ ਵੀ ਦਿੱਲੀ ਜਾਂ ਯੂ ਪੀ ਤੋਂ ਮੰਗਵਾਈਆਂ ਜਾ ਰਹੀਆਂ ਹਨ। ਇਸ ਤਰ੍ਹਾਂ ਪੰਜਾਬ ਦਾ ਪੈਸਾ ਰਾਜ ਤੋਂ ਬਾਹਰ ਰੋੜ੍ਹਿਆ ਜਾ ਰਿਹਾ ਹੈ। ਕਾ: ਸੇਖੋਂ ਨੇ ਕਿਹਾ ਕਿ ਗਗਨਦੀਪ ਸਿੰਘ ਰੰਧਾਵਾ ਦੀ ਖ਼ੁਦਕਸ਼ੀ ਦੇ ਮਾਮਲੇ ਵਿੱਚ ਲਾਲਜੀਤ ਸਿੰਘ ਭੁੱਲਰ ਸਾਬਕਾ ਮੰਤਰੀ ਦੀ ਹੋਈ ਗ੍ਰਿਫ਼ਤਾਰੀ ਨੇ ਮੌਜੂਦਾ ਸਰਕਾਰ ਦੀ ਭ੍ਰਿਸ਼ਟਾਚਾਰ ਵਿਰੋਧੀ ਨੀਤੀ ਦੇ ਪੋਤੜੇ ਫਰੋਲ ਕੇ ਰੱਖ ਦਿੱਤੇ ਹਨ, ਹੁਣ ਕਿਸੇ ਨੂੰ ਕੋਈ ਭੁਲੇਖਾ ਨਹੀਂ ਰਿਹਾ।



# ਕੌਮਾਂਤਰੀ ਜੰਗ ਬਨਾਮ ਭਾਰਤੀ ਊਰਜਾ ਸੰਕਟ

ਅਸ਼ਵਨੀ ਚਤਰਥ
62842-20595

**ਪਿਛਲੇ** 25-30 ਸਾਲਾਂ ਵਿੱਚ ਕਈ ਵਾਰ ਅਜਿਹਾ ਹੋਇਆ ਹੈ ਜਦੋਂ ਕੌਮਾਂਤਰੀ ਪੱਧਰ 'ਤੇ ਜੰਗਾਂ ਨੇ ਭਾਰਤ ਨੂੰ ਊਰਜਾ ਸੰਕਟ ਵਿੱਚ ਪਾਇਆ ਹੈ। ਅਸਲ ਵਿੱਚ ਜਦੋਂ-ਜਦੋਂ ਵੀ ਕੌਮਾਂਤਰੀ ਤਣਾਅ ਪੈਦਾ ਹੁੰਦਾ ਹੈ ਤਾਂ ਭਾਰਤ ਵਿੱਚ ਊਰਜਾ ਦੇ ਖੇਤਰ ਵਿੱਚ ਪ੍ਰੇਸ਼ਾਨੀਆਂ ਪੈਦਾ ਹੋਣ ਲੱਗ ਜਾਂਦੀਆਂ ਹਨ। ਇਸ ਦਾ ਕਾਰਨ ਇਹ ਹੈ ਕਿ ਭਾਰਤ ਆਪਣੀਆਂ ਊਰਜਾ ਲੋੜਾਂ ਲਈ ਜ਼ਿਆਦਾਤਰ ਦੂਜੇ ਦੇਸ਼ਾਂ ਉੱਤੇ ਨਿਰਭਰ ਕਰਦਾ ਹੈ। ਜ਼ਿਕਰਯੋਗ ਹੈ ਕਿ ਦੇਸ਼ ਦੀ 80 ਫ਼ੀਸਦੀ ਤੋਂ ਵੱਧ ਊਰਜਾ, ਜਿਸ ਵਿੱਚ ਕੱਚਾ ਤੇਲ, ਐੱਲ ਪੀ ਜੀ ਅਤੇ ਕੁਦਰਤੀ ਗੈਸ ਸ਼ਾਮਿਲ ਹੈ, ਦੀਆਂ ਲੋੜਾਂ ਦੂਜੇ ਦੇਸ਼ਾਂ ਤੋਂ ਕੀਤੀ ਦਰਾਮਦ ਉੱਤੇ ਨਿਰਭਰ ਕਰਦੀਆਂ ਹਨ। ਇਸ ਤੋਂ ਇਲਾਵਾ ਇਨ੍ਹਾਂ ਨੂੰ ਲਿਆਉਣ ਲਈ ਸਮੁੰਦਰੀ ਰਸਤੇ ਵੀ ਅਜਿਹੇ ਹਨ, ਜਿਹੜੇ ਯੁੱਧਾਂ ਤੋਂ ਪ੍ਰਭਾਵਿਤ ਹੁੰਦੇ ਹਨ। ਜਿਵੇਂ ਕਿ ਮੌਜੂਦਾ ਹਾਲਾਤ ਵਿੱਚ ਹੋਰਮੁਜ਼ ਜਲਡਮਰੂ, ਜਿਸ ਰਾਹੀ ਦੁਨੀਆ ਦੀ 20 ਫ਼ੀਸਦੀ ਤੋਂ ਜ਼ਿਆਦਾ ਊਰਜਾ ਦੀ ਪੂਰਤੀ ਹੁੰਦੀ ਹੈ। ਅਰਬ ਦੇਸ਼ਾਂ ਵੱਲੋਂ ਤੇਲ ਦੀ ਪੂਰਤੀ ਉੱਤੇ ਰੋਕ ਲਾਉਣ ਦੀ ਸ਼ੁਰੂਆਤ ਸੰਨ 1973 ਵਿੱਚ ਹੋਈ ਸੀ। ਇਜ਼ਰਾਈਲ ਅਤੇ ਅਰਬ ਦੇਸ਼ਾਂ ਵਿੱਚ ਹੋਏ ਯੁੱਧ ਦੌਰਾਨ ਅਰਬ ਦੇਸ਼ਾਂ ਨੇ ਇਜ਼ਰਾਈਲ ਦਾ ਸਮਰਥਨ ਕਰਨ ਵਾਲੇ ਦੇਸ਼ਾਂ ਨੂੰ ਤੇਲ ਦੇਣ 'ਤੇ ਰੋਕ ਲਾ ਦਿੱਤੀ ਸੀ, ਪਰ ਉਸ ਰੋਕ ਵਿੱਚ ਭਾਰਤ ਸ਼ਾਮਿਲ ਨਹੀ ਸੀ। ਇਸ ਤੋਂ ਬਾਅਦ ਇੱਕ ਹੋਰ ਊਰਜਾ ਸੰਕਟ 1979 ਵਿੱਚ ਪੈਦਾ ਹੋਇਆ ਸੀ। 1978-79 ਦੀ ਇਰਾਨੀ ਕ੍ਰਾਂਤੀ ਦੌਰਾਨ ਇਰਾਨ ਵਿੱਚ ਵੱਡੇ ਪੱਧਰ ਦੀ ਸਮਾਜਿਕ ਅਸਥਿਰਤਾ ਪੈਦਾ ਹੋ ਗਈ ਸੀ, ਜਿਸ ਕਾਰਨ ਇਰਾਨੀ ਤੇਲ ਉਦਯੋਗ ਤਬਾਹ ਹੋ ਗਿਆ ਸੀ। ਇਸ ਦੇ ਨਾਲ ਹੀ 1979-80 ਦੀ ਇਰਾਨ-ਇਰਾਕ ਜੰਗ ਨੇ ਬਲਦੀ ਉੱਤੇ ਤੇਲ ਦਾ ਕੰਮ ਕੀਤਾ ਸੀ। ਸਮੁੱਚੇ ਇਲਾਕੇ ਵਿੱਚ ਤਣਾਅ ਦੇ ਮੱਦੇਨਜ਼ਰ ਕੱਚੇ ਤੇਲ ਦੀਆਂ ਕੀਮਤਾਂ ਵਿੱਚ ਵੱਡਾ ਉਛਾਲ ਦੇਖਿਆ ਗਿਆ। ਉਪਰੰਤ 2 ਅਗਸਤ 1990 ਨੂੰ ਸੱਦਾਮ ਹੁਸੈਨ ਵੱਲੋਂ ਕੁਵੈਤ ਦੇ ਤੇਲ ਦੇ ਖੂਹਾਂ ਉੱਤੇ ਕਬਜ਼ਾ ਕਰ ਲਿਆ ਗਿਆ। ਇਸ ਤਰ੍ਹਾਂ 1990 ਦੇ ਖਾੜੀ ਯੁੱਧ ਦੇ ਮੱਦੇਨਜ਼ਰ ਇਰਾਕ ਅਤੇ ਕੁਵੈਤ ਤੋਂ ਤੇਲ ਦੀ ਦਰਾਮਦ ਪ੍ਰਭਾਵਿਤ ਹੋਈ ਸੀ, ਜਿਸ ਦੇ ਸਿੱਟੇ ਵਜੋਂ ਭਾਰਤ ਵਿੱਚ ਪੈਟਰੋਲ ਅਤੇ ਡੀਜ਼ਲ ਦੀਆਂ ਕੀਮਤਾਂ ਵਿੱਚ ਵੱਡਾ ਉਛਾਲ ਦੇਖਣ ਨੂੰ ਮਿਲਿਆ ਸੀ। ਇਸ ਨਾਲ ਭਾਰਤ ਦੇ ਤੇਲ ਦਰਾਮਦ ਖਰਚੇ ਵਿੱਚ 60 ਫ਼ੀਸਦੀ ਤੱਕ ਦਾ ਵਾਧਾ ਹੋ ਗਿਆ ਸੀ। ਇਸ ਤਰ੍ਹਾਂ ਵਧੀਆਂ ਤੇਲ ਦੀਆਂ ਕੀਮਤਾਂ, ਵਧੇ ਵਿੱਤੀ ਘਾਟੇ ਅਤੇ ਖਾੜੀ ਵਿੱਚ ਕੰਮ ਕਰਦੇ ਕਾਮਿਆਂ ਦੀ ਆਮਦਨ ਵਿੱਚ ਆਈ ਗਿਰਾਵਟ ਕਾਰਨ ਦੇਸ਼ ਦੀ ਅਰਥਵਿਵਸਥਾ ਨੂੰ ਵੱਡਾ ਧੱਕਾ ਲੱਗਿਆ ਸੀ। ਅਜਿਹੇ ਹਾਲਾਤ ਨੇ ਦੇਸ਼ ਦੀ ਸਰਕਾਰ ਦੀਆਂ ਅੱਖਾਂ ਖੋਲ੍ਹ ਦਿੱਤੀਆਂ ਸਨ, ਜਿਸ ਦੇ ਸਿੱਟੇ ਵਜੋਂ 1991 ਵਿੱਚ ਆਰਥਿਕ ਸੁਧਾਰ ਅਮਲ ਵਿੱਚ ਲਿਆਂਦੇ ਗਏ ਸਨ। ਇਨ੍ਹਾਂ ਵਿੱਚ ਵਿਦੇਸ਼ੀ ਨਿਵੇਸ਼ ਨੂੰ ਸੱਦਾ ਦੇਣਾ, ਲਾਲ ਫੀਤਾਸ਼ਾਹੀ ਨੂੰ ਘੱਟ ਕਰਨਾ, ਨਿੱਜੀਕਰਨ ਤੇ ਅਰਥ ਵਿਵਸਥਾ ਦਾ ਸੰਸਾਰੀਕਰਨ ਆਦਿ ਜਿਹੇ ਕਦਮ ਚੁੱਕੇ ਗਏ ਸਨ। ਮੌਜੂਦਾ ਸਮੇ ਵਿੱਚ ਇਜ਼ਰਾਈਲ ਅਤੇ ਅਮਰੀਕਾ ਦੇ ਇਰਾਨ ਉੱਪਰ ਹਮਲੇ ਕਾਰਨ ਇੱਕ ਵਾਰ ਫਿਰ ਤੋਂ ਊਰਜਾ ਦਾ ਸੰਕਟ ਬਣਿਆ ਹੋਇਆ ਹੈ। ਗੱਲ ਫਿਰ ਉਹੀ ਕਿ ਭਾਰਤ ਆਪਣੀਆਂ ਤੇਲ ਸਬੰਧੀ ਊਰਜਾ ਦੀਆਂ ਲੋੜਾਂ ਦਾ 88 ਫ਼ੀਸਦੀ ਦੇ ਕਰੀਬ ਦੂਜੇ ਦੇਸ਼ਾਂ ਤੋਂ ਮੰਗਵਾਉਂਦਾ ਹੈ। ਰਸੋਈ ਗੈਸ ਅਤੇ ਤੇਲ ਦੀਆਂ ਕੀਮਤਾਂ ਵਿੱਚ ਹੋਇਆ ਵਾਧਾ ਦੇਸ਼ ਦੇ ਸਾਲਾਨਾ ਦਰਾਮਦ ਬਿੱਲ ਵਿੱਚ ਅਰਬਾਂ ਰੁਪਏ ਵਧਾ ਦਿੰਦਾ ਹੈ। ਇਰਾਨ ਨੇ ਖਾੜੀ ਦੇ ਤੰਗ ਰਸਤੇ ਹੋਰਮੁਜ਼ ਜਲਡਮਰੂ ਵਿੱਚੋਂ ਲੰਘਦੇ ਤੇਲ ਦੇ ਜਹਾਜ਼ਾਂ ਉੱਤੇ ਰੋਕ ਲਾ ਦਿੱਤੀ ਹੈ, ਜਿਸ ਨਾਲ ਦੇਸ਼ ਅੰਦਰ ਰਸੋਈ ਗੈਸ ਦੀ ਖ਼ਾਸ ਕਰ ਕੇ ਕਿੱਲਤ ਬਣੀ ਹੋਈ ਹੈ। ਹੋਰਮੁਜ਼ ਜਲਡਮਰੂ ਤੇਲ ਦੀ ਦਰਾਮਦ ਲਈ ਇੱਕ ਅਹਿਮ ਰਾਹ ਹੈ। ਇਸੇ ਰਸਤੇ ਭਾਰਤ ਦਾ ਤਕਰੀਬਨ 40 ਤੋਂ 50 ਫ਼ੀਸਦੀ ਕੱਚਾ ਤੇਲ ਅਤੇ 30 ਫ਼ੀਸਦੀ ਦੇ ਕਰੀਬ ਕੁਦਰਤੀ ਗੈਸ ਲੰਘਦੀ ਹੈ। ਊਰਜਾ ਵਿਸ਼ੇ ਨਾਲ ਜੁੜੇ ਮਾਹਿਰਾਂ ਦਾ ਮੰਨਣਾ ਹੈ ਕਿ ਭਾਰਤ ਨੂੰ ਆਪਣੀ ਊਰਜਾ ਦੀ ਵਰਤੋਂ ਅਤੇ ਪੂਰਤੀ ਵਿੱਚ ਵਿਭਿੰਨਤਾ ਲਿਆਉਣੀ ਚਾਹੀਦੀ ਹੈ। ਇਸ ਵਿੱਚ ਖਾਣਾ ਪਕਾਉਣ ਵਾਲੀ ਗੈਸ ਉੱਤੇ ਵਿਸ਼ੇਸ਼ ਤੌਰ 'ਤੇ ਧਿਆਨ ਦੇਣ ਦੀ ਲੋੜ ਹੈ। ਬਦਲਾਅ ਦੇ ਤੌਰ 'ਤੇ ਕੰਪਰੈਸਡ ਬਾਇਓਗੈਸ ਭਾਵ ਬਾਇਓਗੈਸ ਨੂੰ ਦਬਾਅ ਹੇਠ ਤਰਲ ਬਣਾ ਕੇ ਜਮ੍ਹਾਂ ਕਰਨ ਦੀ ਵਿਧੀ ਅਪਣਾਉਣੀ ਚਾਹੀਦੀ ਹੈ। ਪਸ਼ੂਆਂ ਦੇ ਗੋਹੇ, ਖੇਤੀ ਦੀ ਰਹਿੰਦ-ਖੂੰਹਦ ਅਤੇ ਘਰੇਲੂ ਕਚਰੇ ਤੋਂ ਤਿਆਰ ਕੀਤੀ ਜਾਂਦੀ ਗੈਸ ਦਾ ਇੱਕ ਹੋਰ ਫ਼ਾਇਦਾ ਇਹ ਹੋਵੇਗਾ ਕਿ ਇਸ ਨਾਲ ਪ੍ਰਦੂਸ਼ਣ ਨੂੰ ਵੀ ਠੱਲ੍ਹ ਪਾਈ ਜਾ ਸਕੇਗੀ। ਮਾਹਿਰਾਂ ਅਨੁਸਾਰ ਦੇਸ਼ ਦੇ ਦੱਸੇ ਗਏ ਇਨ੍ਹਾਂ ਵਸੀਲਿਆਂ ਵਿੱਚ ਹਰ ਸਾਲ 60 ਤੋਂ 70 ਮਿਲੀਅਨ ਟਨ ਗੈਸ ਪੈਦਾ ਕੀਤੇ ਜਾਣ ਦੀ ਸਮਰੱਥਾ ਹੈ। ਊਰਜਾ ਦੀਆਂ ਲੋੜਾਂ ਦੀ ਪੂਰਤੀ ਕਰਨ ਦੇ ਨਾਲ-ਨਾਲ ਇਹ ਵਿਦੇਸ਼ੀ ਕਰੰਸੀ ਵੀ ਬਚਾਏਗੀ ਅਤੇ ਹਰ ਸਾਲ ਖੇਤੀ ਤੋਂ ਪੈਦਾ ਹੋਣ ਵਾਲੀ ਪਰਾਲੀ ਤੇ ਹੋਰ ਰਹਿੰਦ-ਖੂੰਹਦ ਆਦਿ ਦੀ ਸਮੱਸਿਆ ਵੀ ਹੱਲ ਹੋਵੇਗੀ। ਇਸ ਨਾਲ ਖੇਤੀ ਰਹਿੰਦ-ਖੂੰਹਦ ਸਾੜਨ ਕਾਰਨ ਪੈਂਦੇ ਰੌਲੇ ਨੂੰ ਵੀ ਠੱਲ੍ਹ ਪਵੇਗੀ। ਬਾਇਓਗੈਸ ਦੇ ਉਤਪਾਦਨ ਨੂੰ ਪ੍ਰਫੁੱਲਿਤ ਕਰਨ ਨਾਲ ਪੇਂਡੂ ਅਰਥਚਾਰੇ ਨੂੰ ਵੀ ਹੁਲਾਰਾ ਮਿਲੇਗਾ। ਇਸ ਵਿੱਚੋਂ ਨਿਕਲਦੀ ਆਰਗੈਨਿਕ ਖਾਦ ਖੇਤਾਂ ਵਿੱਚ ਵਰਤਣ ਨਾਲ ਖੇਤਾਂ ਵਿੱਚ ਵਰਤੀਆਂ ਜਾਂਦੀਆਂ ਰਸਾਇਣਕ ਖਾਦਾਂ ਦੀ ਮੰਗ ਘਟੇਗੀ। ਖਾਦਾਂ ਦੇ ਉਤਪਾਦਨ ਦਾ ਖਰਚ ਘਟੇਗਾ ਅਤੇ ਕਿਸਾਨਾਂ ਦਾ ਵੀ ਖਾਦਾਂ ਦਾ ਖਰਚ ਘਟੇਗਾ ਤੇ ਉਨ੍ਹਾਂ ਦੀ ਆਮਦਨ ਵਧੇਗੀ। ਊਰਜਾ ਵਿਕਲਪ ਦਾ ਦੂਜਾ ਵੱਡਾ ਸਰੋਤ ਈਥਾਨੌਲ ਹੋ ਸਕਦਾ ਹੈ। ਖੰਡ ਮਿੱਲਾਂ ਇਸ ਵਿੱਚ ਅਹਿਮ ਭੂਮਿਕਾ ਨਿਭਾ ਸਕਦੀਆਂ ਹਨ। ਖੰਡ ਉਦਯੋਗ ਭਾਰਤ ਵਿੱਚ ਵਿਕਸਿਤ ਉਦਯੋਗ ਵਜੋਂ ਕੰਮ ਕਰ ਰਿਹਾ ਹੈ। ਈਥਾਨੌਲ ਨੂੰ ਊਰਜਾ ਦੇ ਤੌਰ 'ਤੇ ਪੈਦਾ ਕਰਨ ਅਤੇ ਵੰਡ ਦੇ ਕੰਮ ਵਿੱਚ ਸਹਿਕਾਰੀ ਸਭਾਵਾਂ ਅਹਿਮ ਭੂਮਿਕਾ ਨਿਭਾ ਸਕਦੀਆਂ ਹਨ। ਭਾਰਤ ਵਿੱਚ ਫੈਲਿਆ ਸਹਿਕਾਰੀ ਸਭਾਵਾਂ ਦਾ ਜਾਲ ਈਥਾਨੌਲ ਦੇ ਉਤਪਾਦਨ ਅਤੇ ਸਪਲਾਈ ਦੇ ਕੰਮ ਵਿੱਚ ਸਹਾਈ ਹੋ ਸਕਦਾ ਹੈ। ਇੱਕ ਹੋਰ ਗੈਸ ਹੈ ਡਾਈਮਿਥਾਈਲ ਈਥਰ। ਇਹ ਖੇਤੀਬਾੜੀ ਦੀ ਰਹਿੰਦ-ਖੂੰਹਦ ਅਤੇ ਨਾਲੀਆਂ ਦੀ ਗਾਰ ਤੋਂ ਪੈਦਾ ਕੀਤੀ ਜਾ ਸਕਦੀ ਹੈ। ਇਹ ਗੈਸ ਊਰਜਾ ਦੀ ਲੋੜ ਪੂਰੀ ਕਰਨ ਦੇ ਨਾਲ-ਨਾਲ ਕਚਰੇ ਦੀ ਸਾਂਭ-ਸੰਭਾਲ ਅਤੇ ਸ਼ਹਿਰੀ ਕੂੜੇ ਦੇ ਨਿਪਟਾਰੇ ਵਿੱਚ ਮਹੱਤਵਪੂਰਨ ਯੋਗਦਾਨ ਪਾ ਸਕਦੀ ਹੈ। ਇਸ ਨੂੰ ਐੱਲ ਪੀ ਜੀ ਵਿੱਚ ਮਿਲਾ ਕੇ ਵਿਦੇਸ਼ਾਂ ਤੋਂ ਮੰਗਵਾਈ ਜਾਂਦੀ ਐੱਲ ਪੀ ਜੀ ਦੀ ਮੰਗ ਘਟਾਈ ਜਾ ਸਕਦੀ ਹੈ। ਵਿਦੇਸ਼ਾਂ ਤੋਂ ਮੰਗਵਾਏ ਜਾਂਦੇ ਬਾਲਣਾਂ ਵਿੱਚ ਮਹਿਸੂਸ ਹੋ ਰਹੀ ਔਖ ਨੂੰ ਇੱਕ ਸ਼ਾਨਦਾਰ ਮੌਕੇ ਦੇ ਤੌਰ 'ਤੇ ਦੇਖਿਆ ਜਾ ਸਕਦਾ ਹੈ। ਇਹ ਵਿਦੇਸ਼ੀ ਬਾਲਣਾਂ ਉੱਤੇ ਨਿਰਭਰਤਾ ਵੀ ਘਟਾਏਗੀ ਅਤੇ ਦੇਸ਼ 'ਚ ਸਥਾਨਕ ਬਾਲਣਾਂ ਦੇ ਸਰੋਤਾਂ ਨੂੰ ਮਜ਼ਬੂਤੀ ਪ੍ਰਦਾਨ ਕਰੇਗੀ।

# ਕੀ ਈਰਾਨ ਦੀਆਂ ਮਿਜ਼ਾਇਲਾਂ ਯੂਰਪ ਤੱਕ ਪਹੁੰਚ ਸਕਦੀਆਂ ਹਨ ?



**ਈਰਾਨ** ਨੇ ਹਿੰਦ ਮਹਾਸਾਗਰ 'ਚ ਸਥਿਤ ਡਿਏਗੋ ਗਾਰਸਿਆ ਟਾਪੂ 'ਤੇ ਮੌਜੂਦ ਅਮਰੀਕਾ-ਬ੍ਰਿਟੇਨ ਦੇ ਸੰਯੁਕਤ ਫੌਜੀ ਟਿਕਾਣੇ ਵੱਲ ਲੰਬੀ ਦੂਰੀ ਦੀਆਂ ਬੈਲਿਸਟਿਕ ਮਿਜ਼ਾਇਲਾਂ ਦਾਗੀਆਂ। ਈਰਾਨ ਦੀ ਇਸ ਕਾਰਵਾਈ ਨੂੰ ਮੱਧ ਪੂਰਬ 'ਚ ਜਾਰੀ ਸੰਘਰਸ਼ ਦੇ ਵਧਣ ਦਾ ਸੰਕੇਤ ਮੰਨਿਆ ਜਾ ਰਿਹਾ ਹੈ। ਹਾਲਾਂਕਿ ਨਿਸ਼ਾਨੇ 'ਤੇ ਲਏ ਗਏ ਟਿਕਾਣਿਆਂ 'ਤੇ ਹਮਲਾ ਨਹੀ ਹੋ ਸਕਿਆ ਪਰ ਇਜ਼ਰਾਇਲ ਡਿਫੈਂਸ ਫੋਰਸ ਦਾ ਕਹਿਣਾ ਹੈ ਕਿ ਜੰਗ ਸ਼ੁਰੂ ਹੋਣ ਤੋਂ ਬਾਅਦ ਪਹਿਲੀ ਵਾਰ ਇਸ ਤਰ੍ਹਾਂ ਦੀਆਂ ਲੰਬੀ ਦੂਰੀ ਵਾਲੀਆਂ ਮਿਜ਼ਾਇਲਾਂ ਦਾ ਇਸਤੇਮਾਲ ਕੀਤਾ ਗਿਆ ਹੈ। ਈਰਾਨ ਨੇ ਹੁਣ ਤੱਕ ਅਧਿਕਾਰਤ ਤੌਰ 'ਤੇ ਮਿਜ਼ਾਇਲ ਦਾਗਣ ਦੀ ਪੁਸ਼ਟੀ ਨਹੀ ਕੀਤੀ ਹੈ ਅਤੇ ਈਰਾਨੀ ਮੀਡੀਆ ਨੇ ਆਪਣੀ ਰਿਪੋਰਟਿੰਗ 'ਚ ਜ਼ਿਆਦਾਤਰ ਵਿਦੇਸ਼ੀ ਸਰੋਤਾਂ ਦਾ ਹਵਾਲਾ ਦਿੱਤਾ ਹੈ। ਮਾਹਰ ਹੁਣ ਇਸ ਅਸਫਲ ਹਮਲੇ ਦੇ ਪ੍ਰਭਾਵਾਂ ਦਾ ਮੁਲਾਂਕਣ ਕਰ ਰਹੇ ਹਨ, ਜਿਸ 'ਚ ਇਹ ਵੀ ਸ਼ਾਮਿਲ ਹੈ ਕਿ ਇਸ ਦਾ ਸੰਭਾਵੀ ਟੀਚਿਆਂ ਦੇ ਦਾਇਰੇ 'ਤੇ ਕੀ ਅਸਰ ਪੈ ਸਕਦਾ ਹੈ।

## ਕੀ ਲੰਡਨ ਵਰਗੇ ਯੂਰਪੀ ਸ਼ਹਿਰ ਵੀ ਨਿਸ਼ਾਨੇ 'ਤੇ ਸੰਭਵ ?

ਬ੍ਰਿਟੇਨ ਦੇ ਇੱਕ ਕੈਬਨਿਟ ਮੰਤਰੀ ਨੇ ਕਿਹਾ ਹੈ ਆਈਡੀਐਫ ਦੇ ਇਸ ਦਾਅਵੇ ਦੀ ਪੁਸ਼ਟੀ ਕਰਨ ਲਈ "ਕੋਈ ਠੋਸ ਮੁਲਾਂਕਣ ਨਹੀ ਹੈ" ਕਿ ਈਰਾਨ ਕੋਲ ਲੰਡਨ ਤੱਕ ਪਹੁੰਚਣ ਵਾਲੀਆਂ ਲੰਬੀ ਦੂਰੀ ਦੀਆਂ ਮਿਜ਼ਾਇਲਾਂ ਹਨ। ਈਰਾਨ ਨੇ ਆਪਣੀਆਂ ਮਿਜ਼ਾਇਲਾਂ ਦੀ ਮਾਰੂ ਸਮਰੱਥਾ (ਰੇਂਜ) 'ਤੇ ਖੁਦ ਇੱਕ ਸੀਮਾ ਤੈਅ ਕਰ ਰੱਖੀ ਸੀ ਹਾਲਾਂਕਿ ਕੁਝ ਲੋਕਾਂ ਦਾ ਮੰਨਣਾ ਹੈ ਕਿ ਹੁਣ ਇਸ 'ਚ ਬਦਲਾਅ ਹੋ ਚੁੱਕਿਆ ਹੈ। ਗੋਨਚੇਹ ਹਬੀਬਿਆਜ਼ਾਦ ਕਹਿੰਦੇ ਹਨ, "ਈਰਾਨ ਦਾ ਮਿਜ਼ਾਇਲ ਪ੍ਰੋਗਰਾਮ ਲੰਬੇ ਸਮੇਂ ਤੋਂ ਕੌਮਾਂਤਰੀ ਜਾਂਚ ਦਾ ਕੇਂਦਰ ਰਿਹਾ ਹੈ। ਈਰਾਨ ਇਸ ਗੱਲ 'ਤੇ ਜ਼ੋਰ ਦਿੰਦਾ ਰਿਹਾ ਹੈ ਕਿ ਉਸਦਾ ਮਿਜ਼ਾਇਲ ਵਿਕਾਸ ਪ੍ਰੋਗਰਾਮ ਪੂਰੀ ਤਰ੍ਹਾਂ ਰੱਖਿਆਤਮਕ ਹੈ ਅਤੇ ਕੌਮੀ ਪ੍ਰਤੀਰੋਧ (ਡੇਟਰੈਂਸ) ਦੀ ਰਣਨੀਤੀ 'ਤੇ ਆਧਾਰਿਤ ਹੈ। ਉਧਰ ਅਲੋਚਕਾਂ ਦਾ ਕਹਿਣਾ ਹੈ ਕਿ ਲੰਬੀ ਦੂਰੀ ਦੀ ਸਮਰੱਥਾ 'ਚ ਇਹ ਵਾਧਾ ਖੇਤਰੀ ਸੁਰੱਖਿਆ ਸਮੀਕਰਨ ਨੂੰ ਬਦਲ ਸਕਦਾ ਹੈ।" ਅਜੇ ਇੱਕ ਮਹੀਨਾ ਵੀ ਨਹੀ ਹੋਇਆ ਹੈ ਜਦੋਂ ਈਰਾਨ ਦੀ ਪਰਮਾਣੂ ਉਦੇਸ਼ਾਂ ਨੂੰ ਲੈਕੇ ਜਤਾਈਆਂ ਜਾ ਰਹੀਆਂ ਚਿੰਤਾਵਾਂ ਨੂੰ ਦੂਰ ਕਰਨ ਲਈ ਗੱਲਬਾਤ ਚੱਲ ਰਹੀ ਸੀ ਅਤੇ ਅੱਗੇ ਵੀ ਗੱਲਬਾਤ ਦੇ ਦੌਰ ਹੋਣ ਦੀ ਸੰਭਾਵਨਾ ਸੀ ਪਰ ਉਦੋਂ ਇਜ਼ਰਾਇਲ ਅਤੇ ਅਮਰੀਕਾ ਨੇ ਈਰਾਨ 'ਤੇ ਹਮਲਾ ਸ਼ੁਰੂ ਕਰ ਦਿੱਤਾ। ਚਾਗੋਸ ਟਾਪੂ ਸਮੂਹ, ਜਿਸ 'ਚ ਡਿਏਗੋ ਗਾਰਸਿਆ ਸ਼ਾਮਿਲ ਹੈ, ਈਰਾਨ ਤੋਂ ਕਰੀਬ 3800 ਕਿਲੋਮੀਟਰ ਦੂਰ ਸਥਿਤ ਹੈ। 'ਵਾਲ ਸਟ੍ਰੀਟ ਜਰਨਲ' ਅਤੇ ਸੀਐਨਐਨ ਨੇ ਅਣਪਛਾਤੇ ਅਮਰੀਕੀ ਅਧਿਕਾਰੀਆਂ ਦੇ ਹਵਾਲੇ ਤੋਂ ਬੈਲਿਸਟਿਕ ਮਿਜ਼ਾਇਲ ਦਾਗੇ ਜਾਣ ਦੀ ਖ਼ਬਰ ਦਿੱਤੀ ਪਰ ਕਿਹਾ ਕਿ ਕੋਈ ਵੀ ਹਥਿਆਰ ਆਪਣੇ ਟੀਚੇ ਤੱਕ ਨਹੀ ਪਹੁੰਚਿਆ। ਰਿਪੋਰਟ ਮੁਤਾਬਿਕ, ਇੱਕ ਮਿਜ਼ਾਇਲ ਕਥਿਤ ਤੌਰ 'ਤੇ ਉਡਾਣ ਦੇ ਦੌਰਾਨ ਹੀ ਫੇਲ੍ਹ ਹੋ ਗਈ ਜਦੋਂਕਿ ਦੂਜੀ ਨੂੰ ਇੱਕ ਅਮਰੀਕੀ ਜੰਗੀ ਬੇੜੇ ਨੇ ਵਿਚਾਲੇ ਹੀ ਮਾਰ ਡਿਗਾਇਆ। ਇਹ ਰਿਪੋਰਟਾਂ ਸਹੀ ਹਨ। ਘਟਨਾ ਦੇ ਤੁਰੰਤ ਬਾਅਦ, ਇਜ਼ਰਾਇਲ ਡਿਫੈਂਸ ਫੋਰਸ ਨੇ ਕਿਹਾ ਕਿ ਹੁਣ ਯੂਰਪ, ਏਸ਼ੀਆ ਅਤੇ ਅਫਰੀਕਾ ਦੇ ਕਈ ਸ਼ਹਿਰ ਖ਼ਤਰੇ 'ਚ ਹਨ। ਇਹ ਵੀ ਕਿਹਾ ਕਿ ਉਸਨੇ ਪਿਛਲੇ ਸਾਲ ਹੀ ਦੱਸ ਦਿੱਤਾ ਸੀ ਕਿ ਈਰਾਨ ਅਜਿਹੀਆਂ ਸਮਰੱਥਾਵਾਂ ਵਾਲੀਆਂ ਮਿਜ਼ਾਇਲਾਂ ਵਿਕਸਿਤ ਕਰਨ ਦਾ ਇਰਾਦਾ ਰੱਖਦਾ ਹੈ। ਆਈਡੀਐਫ ਦੇ ਚੀਫ ਆਫ ਸਟਾਫ, ਲੈਫਟੀਨੈਂਟ ਜਨਰਲ ਏਯਾਲ ਜ਼ਮੀਰ ਨੇ ਚਾਗੋਸ ਟਾਪੂ ਸਮੂਹ ਵੱਲ ਮਿਜ਼ਾਇਲ ਦਾਗੇ ਜਾਣ ਤੋਂ ਬਾਅਦ ਇੱਕ ਵੀਡੀਓ ਸੁਨੇਹੇ 'ਚ ਸਖਤ ਚਿਤਾਵਨੀ ਦਿੱਤੀ। ਉਨ੍ਹਾਂ ਨੇ ਕਿਹਾ, "ਈਰਾਨ ਨੇ 4,000 ਕਿਲੋਮੀਟਰ ਦੀ ਰੇਂਜ ਵਾਲੀਆਂ ਅੰਤਰ-ਮਹਾਦੀਪ ਬੈਲਿਸਟਿਕ ਮਿਜ਼ਾਇਲ ਦਾਗੀਆਂ ਹਨ। ਇਨ੍ਹਾਂ ਮਿਜ਼ਾਇਲਾਂ ਦਾ ਟੀਚਾ ਇਜ਼ਾਇਰਲ ਨੂੰ ਨਿਸ਼ਾਨਾ ਬਣਾਉਣਾ ਨਹੀ ਸੀ। ਇਨ੍ਹਾਂ ਦੀ ਰੇਂਜ ਯੂਰਪ ਦੀਆਂ ਰਾਜਧਾਨੀਆਂ ਤੱਕ ਪਹੁੰਚਦੀ ਹੈ। ਬਰਲਿਨ, ਪੈਰਿਸ ਅਤੇ ਰੋਮ ਸਾਰੇ ਸਿੱਧੇ ਖਤਰੇ ਦੇ ਦਾਇਰੇ 'ਚ ਹਨ।" ਹੋਰਨਾਂ ਮਾਹਰਾਂ ਵਿੱਚ ਬ੍ਰਿਟੇਨ ਦੇ ਜੁਆਇੰਟ ਫੋਰਸਿਸ ਕਮਾਂਡ ਦੇ ਸਾਬਕਾ ਮੁਖੀ ਅਤੇ ਰੱਖਿਆ ਮਾਹਰ ਜਨਰਲ ਸਰ ਰਿਚਰਡ ਬੈਰਨਸ ਸ਼ਾਮਿਲ ਹਨ। ਉਨ੍ਹਾਂ ਨੇ ਦੱਸਿਆ ਕਿ ਇਸ ਘਟਨਾ ਨੇ ਈਰਾਨ ਦੇ ਮਿਜ਼ਾਇਲ ਭੰਡਾਰ ਅਤੇ ਉਸਦੀ ਪਹੁੰਚ ਨੂੰ ਲੈਕੇ ਨਵੇਂ ਸਿਰੇ ਤੋਂ ਮੁਲਾਂਕਣ ਕਰਨ ਨੂੰ ਮਜਬੂਰ ਕਰ ਦਿੱਤਾ ਹੈ। ਉਨ੍ਹਾਂ ਨੇ ਕਿਹਾ, "ਪਹਿਲਾਂ ਅਸੀ ਮੰਨਦੇ ਸੀ ਕਿ ਈਰਾਨ ਦੀਆਂ ਮਿਜ਼ਾਇਲਾਂ ਦੀ ਰੇਂਜ 2,000 ਕਿਲੋਮੀਟਰ ਹੈ ਜਦੋਂਕਿ ਡਿਏਗੋ ਗਾਰਸਿਆ 3800 ਕਿਲੋਮੀਟਰ ਦੂਰ ਹੈ।" ਈਰਾਨ ਹੁਣ ਤੱਕ ਕਹਿੰਦਾ ਰਿਹਾ ਹੈ ਕਿ ਉਸ ਨੇ ਆਪਣੇ ਬੈਲਿਸਟਿਕ ਮਿਜ਼ਾਇਲ ਪ੍ਰੋਗਰਾਮ 'ਤੇ ਖੁਦ ਇੱਕ ਸੀਮਾ ਤੈਅ ਕਰ ਰੱਖੀ ਸੀ ਜਿਸ ਦੇ ਤਹਿਤ ਉਨ੍ਹਾਂ ਦੀ ਮਾਰੂ ਸਮਰੱਥਾ 1240 ਮੀਲ (2000 ਕਿਮੀ) ਤੱਕ ਸੀਮਿਤ ਸੀ। ਇਸ ਦਾ ਮਤਲਬ ਸੀ ਕਿ ਈਰਾਨ ਦੀਆਂ ਮਿਜ਼ਾਇਲਾਂ ਦੀ ਪਹੁੰਚ 'ਚ

ਨਿਕ ਐਰਿਕਸਨ

ਇਜ਼ਰਾਇਲ ਤਾਂ ਸੀ ਪਰ ਯੂਰਪ ਨਹੀ। ਹਾਲ ਦੇ ਹਮਲਿਆਂ 'ਚ ਮਾਰੇ ਗਏ ਅਯਾਤੁੱਲਾ ਅਲੀ ਖਾਮੇਨੇਈ ਨੇ 2021 'ਚ ਕਿਹਾ ਸੀ ਕਿ ਇਹ ਇੱਕ ਰਾਜਨੀਤਕ ਫੈਸਲਾ ਸੀ ਨਾ ਕਿ ਮਿਜ਼ਾਇਲ ਨਿਰਮਾਣ 'ਚ ਕਿਸੇ ਤਕਨੀਕੀ ਰੁਕਾਵਟ ਕਾਰਨ ਅਤੇ ਇਹ ਫੈਸਲਾ ਫੌਜੀ ਲੀਡਰਾਂ ਅਤੇ ਇਸਲਾਮਿਕ ਰਿਵੋਲਿਊਸ਼ਨਰੀ ਗਾਰਡ ਕੋਰਪਸ (ਆਈ) ਦੇ ਵਿਰੋਧ ਦੇ ਬਾਵਜੂਦ ਲਿਆ ਗਿਆ ਸੀ। ਉਨ੍ਹਾਂ ਦਾ ਟੀਚਾ ਇਜ਼ਰਾਇਲ ਦੇ ਖਿਲਾਫ ਖਤਰੇ ਨੂੰ ਬਣਾਈ ਰੱਖਣਾ ਸੀ ਪਰ ਯੂਰਪ ਨੂੰ ਚਿੰਤਾ 'ਚ ਪਾਉਣਾ ਨਹੀ ਸੀ ਕਿਉਂਕਿ ਯੂਰਪ ਤਹਿਰਾਨ ਦੇ ਨਿਸ਼ਾਨੇ 'ਤੇ ਨਹੀ ਸੀ। ਹਾਲਾਂਕਿ ਪਿਛਲੇ ਸਾਲ ਸਤੰਬਰ 'ਚ ਇੱਕ ਈਰਾਨੀ ਸੰਸਦ ਮੈਂਬਰ ਨੇ ਸਰਕਾਰੀ ਟੀਵੀ 'ਤੇ ਕਿਹਾ ਸੀ ਕਿ ਆਈਆਰਜੀਸੀ ਨੇ ਸਫਲਤਾਪੂਰਵਕ ਇੱਕ ਅੰਤਰ-ਮਹਾਦੀਪ ਬੈਲਿਸਟਿਕ ਮਿਜ਼ਾਇਲ ਦਾ ਪ੍ਰੀਖਣ ਕੀਤਾ ਹੈ ਹਾਲਾਂਕਿ ਉਨ੍ਹਾਂ ਨੇ ਉਸਦੀ ਰੇਂਜ ਬਾਰੇ ਕੋਈ ਜਾਣਕਾਰੀ ਨਹੀ ਦਿੱਤੀ ਸੀ।

## ਈਰਾਨ ਦੇ ਮਿਜ਼ਾਇਲ ਪ੍ਰੋਗਰਾਮ ਬਾਰੇ ਕੀ ਹੈ ਪਤਾ ?

### ਮਿਜ਼ਾਇਲ ਰੇਂਜ ਸਮਰੱਥਾ

ਇਸ ਤੋਂ ਇਲਾਵਾ, ਅਮਰੀਕੀ ਅਧਿਕਾਰੀ ਲੰਬੇ ਸਮੇਂ ਤੋਂ ਇਹ ਇਲਜ਼ਾਮ ਲਗਾਉਂਦੇ ਰਹੇ ਹਨ ਕਿ ਈਰਾਨ ਨੇ ਪੁਲਾੜ ਪ੍ਰੋਗਰਾਮ ਜ਼ਰੀਏ ਅਜਿਹੀ ਤਕਨੀਕ ਵਿਕਸਿਤ ਕੀਤੀ ਹੈ, ਜਿਸ ਨਾਲ ਉਹ ਅੰਤਰ-ਮਹਾਦੀਪ ਬੈਲਿਸਟਿਕ ਮਿਜ਼ਾਇਲਾਂ ਬਣਾ ਸਕਦਾ ਹੈ। 'ਟਾਈਮਜ਼ ਆਫ ਇਜ਼ਰਾਇਲ' ਮੁਤਾਬਕ ਲੋੜ ਪੈਣ 'ਤੇ ਈਰਾਨ ਇਸ ਤਕਨੀਕ ਦਾ ਇਸਤੇਮਾਲ ਕਰ ਸਕਦਾ ਹੈ। ਕੁਝ ਮਾਹਰ ਵੀ ਇਸ ਨਾਲ ਸਹਿਮਤ ਹਨ। ਲੰਡਨ ਸਥਿਤ ਰੋਇਲ ਯੂਨਾਈਟੈਂਡ ਸਰਵਿਸਜ਼ ਇੰਸਟੀਚਿਊਟ ਦੇ ਸਾਬਕਾ ਡਾਇਰੈਕਟਰ ਜਨਰਲ ਡਾ. ਕੈਰਿਨ ਵਾਨ ਹਿੱਪੇਨ ਨੇ ਕਿਹਾ, "ਜੇਕਰ ਇਹ ਮੰਨਿਆ ਜਾਵੇ ਕਿ ਮਿਜ਼ਾਇਲਾਂ ਡਿਏਗੋ ਗਾਰਸਿਆ ਤੱਕ ਪਹੁੰਚ ਸਕਦੀਆਂ ਹਨ ਤਾਂ ਈਰਾਨ ਅਜਿਹੀ ਅੰਤਰ-ਮਹਾਦੀਪ ਬੈਲਿਸਟਿਕ ਮਿਜ਼ਾਇਲਾਂ ਵੀ ਵਿਕਸਿਤ ਕਰ ਰਿਹਾ ਹੈ, ਜਿਨ੍ਹਾਂ ਦੀ ਰੇਂਜ 10,000 ਕਿਲੋਮੀਟਰ ਤੱਕ ਹੋ ਸਕਦੀ ਹੈ ਹਾਲਾਂਕਿ ਅਸੀ ਹੁਣ ਤੱਕ ਦੀ ਫੌਜੀ ਕਾਰਵਾਈ 'ਚ ਇਨ੍ਹਾਂ ਨੂੰ ਨਹੀ ਦੇਖਿਆ ਹੈ।" ਇਸ ਦਾ ਮਤਲਬ ਇਹ ਹੋਵੇਗਾ ਕਿ ਈਰਾਨ ਤੋਂ ਦਾਗੀਆਂ ਮਿਜ਼ਾਇਲਾਂ ਸੰਭਾਵੀ ਤੌਰ 'ਤੇ ਅਮਰੀਕਾ ਦੇ ਮੁੱਖ ਭੂ-ਭਾਗ ਤੱਕ ਵੀ ਪਹੁੰਚ ਸਕਦੀਆਂ ਹਨ। ਹੁਣ ਆਬਜ਼ਰਵਰਾਂ ਦਾ ਕਹਿਣਾ ਹੈ ਕਿ ਹਿੰਦ ਮਹਾਸਾਗਰ 'ਚ ਪ੍ਰਸਤਾਵਿਤ ਹਮਲੇ ਤੋਂ ਇਹ ਸੰਕੇਤ ਮਿਲਦਾ ਹੈ ਕਿ ਈਰਾਨ ਵੱਲੋਂ ਪਹਿਲਾਂ ਜੋ ਸੀਮਾ ਤੈਅ ਕੀਤੀ ਗਈ ਸੀ, ਉਹ ਹੁਣ ਹਟਾ ਦਿੱਤੀ ਗਈ ਹੈ। ਪਰ ਕੁਝ ਲੋਕਾਂ ਦਾ ਕਹਿਣਾ ਹੈ ਕਿ ਇਸਨੂੰ ਲੈਕੇ ਸ਼ੰਕੇ ਹਨ ਕਿ ਮਿਜ਼ਾਇਲਾਂ ਆਪਣੇ ਨਿਰਧਾਰਤ ਟੀਚੇ ਤੱਕ ਪਹੁੰਚ ਪਾਉਂਦੀਆਂ, ਭਾਵ ਕਿ ਜੇ ਉਨ੍ਹਾਂ ਨੂੰ ਪਹਿਲਾਂ ਇੰਟਰਸੈਪਟ ਨਾ ਕੀਤਾ ਗਿਆ ਹੁੰਦਾ। ਬ੍ਰਿਟੇਨ ਦੇ ਹਾਊਸਿੰਗ ਮੰਤਰੀ ਸਟੀਵ ਰੀਡ ਨੇ ਕਿਹਾ, "ਅਜਿਹਾ ਕੋਈ ਠੋਸ ਮੁਲਾਂਕਣ ਨਹੀ ਹੈ ਕਿ ਈਰਾਨ ਬ੍ਰਿਟੇਨ ਨੂੰ ਨਿਸ਼ਾਨਾ ਬਣਾ ਰਿਹਾ ਹੈ ਜਾਂ ਫਿਰ ਉਹ ਅਜਿਹਾ ਕਰਨਾ ਵੀ ਚਾਹੇ ਤਾਂ ਕੀ ਕਰ ਸਕਦਾ ਹੈ।" ਅਹਿਮ ਸਵਾਲ ਇਹ ਹੈ ਕਿ ਕੀ ਈਰਾਨ ਨੇ ਇੰਨੀ ਲੰਬੀ ਦੂਰੀ ਦੇ ਹਮਲਿਆਂ ਨੂੰ ਅੰਜਾਮ ਦੇਣ ਲਈ ਲੋੜੀਦੀ ਆਪ੍ਰੇਸ਼ਨਲ ਤਕਨੀਕ 'ਚ ਮਹਾਰਤ ਹਾਸਲ ਕਰ ਲਈ ਹੈ, ਜਿਸ 'ਚ ਇੰਨੀ ਦੂਰੀ 'ਤੇ ਮਿਜ਼ਾਇਲਾਂ ਨੂੰ ਕੰਟਰੋਲ ਅਤੇ ਡਾਇਰੈਕਟ ਕਰਨ ਦੀ ਸਮਰੱਥਾ ਸ਼ਾਮਿਲ ਹੈ। ਇਸ 'ਚ ਇੱਕ ਮਨੋਵਿਗਿਆਨਕ ਪਹਿਲੂ ਵੀ ਨਜ਼ਰ ਆਉਂਦਾ ਹੈ।

ਕੁਝ ਲੋਕਾਂ ਦਾ ਮੰਨਣਾ ਹੈ ਕਿ ਈਰਾਨ ਦਾ ਇਰਾਦਾ ਕਦੇ ਵੀ ਇਨ੍ਹਾਂ ਟੀਚਿਆਂ 'ਤੇ ਹਮਲਾ ਕਰਨ ਦਾ ਨਹੀ ਸੀ ਬਲਿਕ ਤਹਿਰਾਨ ਇੱਕ ਸਪੱਸ਼ਟ ਚਿਤਾਵਨੀ ਅਤੇ ਪ੍ਰਤੀਰੋਧ (ਡੇਟਰੈਂਸ) ਦਾ ਸੁਨੇਹਾ ਦੇਣਾ ਚਾਹੁੰਦਾ ਸੀ। ਤੇਲ ਅਵੀਵ ਸਥਿਤ ਇੰਸਟੀਚਿਊਟ ਫਾਰ ਨੈਸ਼ਨਲ ਸਿਕਿਓਰਿਟੀ ਸਟੱਡੀਜ਼ ਨਾਲ ਜੁੜੇ ਅਤੇ ਇਜ਼ਰਾਇਲ ਦੀ ਫੌਜੀ ਖੁਫੀਆ ਏਜੰਸੀ ਦੇ ਸਾਬਕਾ ਅਧਿਕਾਰੀ ਡੈਨੀ ਸਿਟ੍ਰੀਨੋਵਿਚ ਨੇ ਲੰਡਨ ਦੇ 'ਦਿ ਇੰਡੀਪੈਂਡੇਂਟ' ਅਖ਼ਬਾਰ ਨੂੰ ਕਿਹਾ, "ਅਜਿਹਾ ਨਹੀ ਹੈ ਕਿ ਉਹ ਸੋਚਦੇ ਹਨ ਕਿ ਕੱਲ੍ਹ ਉਹ ਲੰਡਨ ਜਾਂ ਪੈਰਿਸ 'ਤੇ ਹਮਲਾ ਕਰਨਗੇ ਪਰ ਮੇਰੇ ਵਿਚਾਰ 'ਚ ਉਹ ਆਪਣੀ ਜਵਾਬੀ ਤਾਕਤ ਹੋਰ ਮਜਬੂਤ ਕਰਨਾ ਚਾਹੁੰਦੇ ਹਨ।" ਇਸ ਹਫ਼ਤੇ ਹਿੰਦ ਮਹਾਸਾਗਰ 'ਚ ਹੋਈਆਂ ਘਟਨਾਵਾਂ 'ਤੇ ਇਜ਼ਰਾਇਲ ਦੀ ਪ੍ਰਤੀਕਿਰਿਆ ਨੂੰ ਵੀ ਇੱਕ ਤਰ੍ਹਾਂ ਦੀ ਲਾਮਬੰਦੀ ਦੀ ਅਪੀਲ ਦੇ ਰੂਪ 'ਚ ਦੇਖਿਆ ਜਾ ਸਕਦਾ ਹੈ। ਯੂਰਪ 'ਚ ਨਾਟੋ ਦੇ ਸਾਬਕਾ ਉਪ ਕਮਾਂਡਰ ਜਨਰਲ ਸਰ ਰਿਚਰਡ ਸ਼ਿਰਰੇਫ ਨੇ ਕਿਹਾ, "ਬੇਸ਼ੱਕ ਇਜ਼ਰਾਇਲ ਅਜਿਹਾ ਕਹੇਗਾ ਕਿਉਂਕਿ ਉਸ ਦੇ ਹਿੱਤ 'ਚ ਹੈ ਕਿ ਜੰਗ ਦਾ ਦਾਇਰਾ ਵਧੇ ਅਤੇ ਅਮਰੀਕਾ ਅਤੇ ਇਜ਼ਰਾਇਲ ਦੇ ਨਾਲ ਵੱਧ ਤੋਂ ਵੱਧ ਹੋਰ ਮੁਲਕਾਂ ਨੂੰ ਇਸ 'ਚ ਸ਼ਾਮਿਲ ਕੀਤਾ ਜਾਵੇ।" ਉਨ੍ਹਾਂ ਨੇ ਅੱਗੇ ਕਿਹਾ, "ਸਾਨੂੰ ਇਸ ਦਾ ਵਿਰੋਧ ਕਰਨਾ ਚਾਹੀਦਾ। ਇਹ ਟਰੰਪ ਦੀ ਜੰਗ ਹੈ, ਜਿਸ ਦਾ ਕੋਈ ਸਪੱਸ਼ਟ ਅੰਤ ਜਾਂ ਰਣਨੀਤੀ ਨਹੀ ਹੈ ਅਤੇ ਇਹ ਇੱਕ ਦਲਦਲ 'ਚ ਬਦਲਦਾ ਜਾ ਰਿਹਾ ਹੈ। ਸਾਨੂੰ ਦੱਸਿਆ ਗਿਆ ਸੀ ਕਿ ਛੇ ਮਹੀਨੇ ਪਹਿਲਾਂ ਪਰਮਾਣੂ ਸਮਰੱਥਾਵਾਂ ਨੂੰ ਪੂਰੀ ਤਰ੍ਹਾਂ ਨਸ਼ਟ ਕਰ ਦਿੱਤਾ ਗਿਆ ਸੀ। ਇਸ ਮਾਮਲੇ 'ਚ ਵਾਸ਼ਿੰਗਟਨ ਤੋਂ ਆਉਣ ਵਾਲੀ ਕਿਸੇ ਵੀ ਗੱਲ 'ਤੇ ਭਰੋਸਾ ਨਹੀ ਕੀਤਾ ਜਾ ਸਕਦਾ ਹੈ।"



# ਈਰਾਨੀ ਡਰੋਨ: 21ਵੀਂ ਸਦੀ ਦੀ ਜੰਗ ਦਾ ਉਹ 'ਸਸਤਾ' ਹਥਿਆਰ, ਜਿਸ ਨੇ ਸੁਪਰਪਾਵਰ ਅਮਰੀਕਾ ਦੀ ਨੀਂਦ ਉਡਾਈ!





ਡਾ. ਕ੍ਰਿਸ਼ਨ ਲਾਲ

**ਵੀਹਵੀਂ** ਸਦੀ ਦੇ ਯੁੱਧਾਂ ਵਿੱਚ ਵਿਸ਼ਾਲ ਟੈਂਕ, ਤੋਪਖਾਨੇ ਅਤੇ ਲੜਾਕੂ ਜਹਾਜ਼ ਜਿੱਤ-ਹਾਰ ਦਾ ਫੈਸਲਾ ਕਰਦੇ ਸਨ, ਪਰ ਇੱਕਵੀ ਸਦੀ ਨੇ ਜੰਗ ਦੇ ਸਰੂਪ ਨੂੰ ਪੂਰੀ ਤਰ੍ਹਾਂ ਬਦਲ ਦਿੱਤਾ ਹੈ। ਅੱਜ ਮਹਿੰਗੇ ਰਵਾਇਤੀ ਹਥਿਆਰਾਂ ਦੀ ਥਾਂ ਸਸਤੇ, ਘਾਤਕ ਅਤੇ ਮਾਨਵ-ਰਹਿਤ ਡਰੋਨਾਂ ਨੇ ਲੈ ਲਈ ਹੈ। ਇਸ ਨਵੀ 'ਡਰੋਨ ਤਕਨੀਕ' ਦੇ ਦੌਰ ਵਿੱਚ ਇਰਾਨ ਇੱਕ ਪ੍ਰਮੁੱਖ ਸ਼ਕਤੀ ਵਜੋਂ ਉੱਭਰਿਆ ਹੈ। ਇਰਾਨ ਦੀਆਂ ਵਧਦੀਆਂ ਡਰੋਨ ਸਮਰੱਥਾਵਾਂ ਨੇ ਨਾ ਸਿਰਫ਼ ਮੱਧ-ਪੂਰਬ ਵਿੱਚ ਸ਼ਕਤੀ ਦਾ ਸੰਤੁਲਨ ਵਿਗਾੜਿਆ ਹੈ, ਸਗੋਂ ਅਮਰੀਕਾ ਵਰਗੀ ਮਹਾਂਸ਼ਕਤੀ ਲਈ ਵੀ ਇੱਕ ਗੰਭੀਰ ਚੁਣੌਤੀ ਖੜ੍ਹੀ ਕਰ ਦਿੱਤੀ ਹੈ। ਅਮਰੀਕੀ ਰੱਖਿਆ ਮਾਹਰ ਹੁਣ ਇਰਾਨੀ ਡਰੋਨਾਂ ਨੂੰ ਆਪਣੇ ਹਿੱਤਾਂ ਅਤੇ ਸਹਿਯੋਗੀਆਂ ਲਈ ਸਭ ਤੋਂ ਵੱਡਾ ਖ਼ਤਰਾ ਮੰਨ ਰਹੇ ਹਨ। ਦਹਾਕਿਆਂ ਤੋਂ ਲੱਗੀਆਂ ਅੰਤਰਰਾਸ਼ਟਰੀ ਪਾਬੰਦੀਆਂ ਕਾਰਨ ਇਰਾਨ ਲਈ ਆਧੁਨਿਕ ਲੜਾਕੂ ਜਹਾਜ਼ ਅਤੇ ਭਾਰੀ ਹਥਿਆਰਾਂ ਦੀ ਖਰੀਦ ਲਗਭਗ ਅਸੰਭਵ ਰਹੀ ਹੈ। ਇਸੇ ਰਣਨੀਤਕ ਮਜਬੂਰੀ ਨੇ ਇਰਾਨ ਨੂੰ ਇੱਕ ਨਵਾਂ ਅਤੇ ਪ੍ਰਭਾਵਸ਼ਾਲੀ ਮਾਰਗ ਲੱਭਣ ਲਈ ਪ੍ਰੇਰਿਤ ਕੀਤਾ। ਵੱਡੇ ਅਤੇ ਮਹਿੰਗੇ ਹਥਿਆਰਾਂ ਦੀ ਬਜਾਏ, ਇਰਾਨ ਨੇ ਸਸਤੇ ਪਰ ਘਾਤਕ ਡਰੋਨ ਵਿਕਸਿਤ ਕਰਨ 'ਤੇ ਆਪਣਾ ਪੂਰਾ ਧਿਆਨ ਕੇਂਦਰਿਤ ਕਰ ਦਿੱਤਾ। ਚੀਨ ਵਰਗੇ ਦੇਸ਼ਾਂ ਤੋਂ ਮਿਲੀ ਤਕਨੀਕੀ ਸਹਾਇਤਾ ਅਤੇ ਪੱਛਮੀ ਦੇਸ਼ਾਂ ਦੇ ਡਿੱਗੇ ਹੋਏ ਡਰੋਨਾਂ ਦੀ 'ਰਿਵਰਸ ਇੰਜੀਨੀਅਰਿੰਗ' ਰਾਹੀ, ਇਰਾਨ ਨੇ ਇੱਕ ਵਿਸ਼ਾਲ ਅਤੇ ਸ਼ਕਤੀਸ਼ਾਲੀ ਡਰੋਨ ਉਦਯੋਗ ਸਥਾਪਿਤ ਕਰ ਲਿਆ ਹੈ। ਅੱਜ ਇਰਾਨੀ ਫੌਜ ਕੋਲ ਨਿਗਰਾਨੀ, ਸਟੀਕ ਹਮਲੇ ਅਤੇ 'ਆਤਮਘਾਤੀ' ਡਰੋਨਾਂ ਦਾ ਇੱਕ ਅਜਿਹਾ ਜਖ਼ੀਰਾ ਹੈ, ਜਿਸ ਨੇ ਜੰਗ ਦੇ ਮੈਦਾਨ ਦੀਆਂ ਪਰਿਭਾਸ਼ਾਵਾਂ ਬਦਲ ਦਿੱਤੀਆਂ ਹਨ।

ਇਰਾਨੀ ਡਰੋਨਾਂ ਦੇ ਜਖ਼ੀਰੇ ਵਿੱਚੋਂ 'ਸ਼ਾਹੀਦ-136' ਸਭ ਤੋਂ ਘਾਤਕ ਅਤੇ ਚਰਚਿਤ ਨਾਮ ਹੈ। ਇਹ ਇੱਕ 'ਕਾਮੀਕਾਜ਼ੇ' ਜਾਂ ਆਤਮਘਾਤੀ ਡਰੋਨ ਹੈ, ਜੋ ਖੁਦ ਇੱਕ ਉੱਡਦੀ ਮਿਜ਼ਾਈਲ ਵਾਂਗ ਕੰਮ ਕਰਦਾ ਹੈ। ਇਸਦੀ ਸਭ ਤੋਂ ਵੱਡੀ ਰਣਨੀਤਕ ਵਿਸ਼ੇਸ਼ਤਾ ਇਸਦਾ ਬਹੁਤ ਘੱਟ ਖਰਚਾ ਅਤੇ ਲੰਬੀ ਦੂਰੀ ਤੱਕ ਮਾਰ ਕਰਨ ਦੀ ਸਮਰੱਥਾ ਹੈ। ਇਹ ਡਰੋਨ ਰਾਡਾਰਾਂ ਦੀ ਪਹੁੰਚ ਤੋਂ ਬਚਣ ਲਈ 'ਲੋ-ਅਲਟੀਟਿਊਡ' ਯਾਨੀ ਜ਼ਮੀਨ ਦੇ ਬਹੁਤ ਕਰੀਬ ਹੋ ਕੇ ਉੱਡਦਾ ਹੈ, ਜਿਸ ਕਾਰਨ ਅਮਰੀਕਾ ਦੇ ਅਤਿ-ਆਧੁਨਿਕ ਅਤੇ ਮਹਿੰਗੇ ਰੱਖਿਆ ਪ੍ਰਣਾਲੀਆਂ ਲਈ ਇਸਨੂੰ ਫੜਨਾ ਲਗਭਗ ਅਸੰਭਵ ਹੋ ਜਾਂਦਾ ਹੈ। ਆਪਣੇ ਨਿਸ਼ਾਨੇ 'ਤੇ ਪਹੁੰਚਦੇ ਹੀ ਇਹ ਇੱਕ 'ਗਾਈਡਡ ਮਿਜ਼ਾਈਲ' ਵਾਂਗ ਟਕਰਾ ਕੇ ਉਸਨੂੰ ਤਬਾਹ ਕਰ ਦਿੰਦਾ ਹੈ। ਇਰਾਨੀ ਡਰੋਨ, ਖਾਸ ਤੌਰ 'ਤੇ ਸ਼ਾਹੀਦ-136, ਰਵਾਇਤੀ ਰਾਕੇਟਾਂ ਦੇ ਮੁਕਾਬਲੇ ਬਿਲਕੁਲ ਵੱਖਰੀ ਰਣਨੀਤੀ ਨਾਲ ਕੰਮ ਕਰਦੇ ਹਨ। ਜਿੱਥੇ ਰਾਕੇਟ ਇੱਕ ਨਿਸ਼ਚਿਤ ਅਤੇ ਪੂਰਵ-ਅਨੁਮਾਨਿਤ ਰਸਤੇ 'ਤੇ ਚੱਲਦੇ ਹਨ-ਜਿਸ ਨੂੰ 'ਆਇਰਨ ਡੋਮ' ਵਰਗੇ ਸਿਸਟਮ ਆਸਾਨੀ ਨਾਲ ਟਰੈਕ ਕਰ ਲੈਂਦੇ ਹਨ-ਉੱਥੇ ਹੀ ਇਹ ਡਰੋਨ ਆਪਣਾ ਰਸਤਾ ਬਦਲਣ ਦੀ ਸਮਰੱਥਾ ਰੱਖਦੇ ਹਨ। ਇਹ ਡਰੋਨ ਬੇਹੱਦ ਘੱਟ ਉਚਾਈ 'ਤੇ ਉੱਡਦੇ ਹਨ, ਜਿਸ ਕਾਰਨ ਇਨ੍ਹਾਂ ਦਾ 'ਰਾਡਾਰ ਸਿਗਨੇਚਰ' ਇੰਨਾ ਛੋਟਾ ਹੁੰਦਾ ਹੈ ਕਿ ਰਾਡਾਰ ਸਿਸਟਮ ਅਕਸਰ ਭੁਲੇਖਾ ਖਾ ਜਾਂਦੇ ਹਨ। ਕਈ ਵਾਰ ਇਹ ਇੰਨੇ ਨੀਵੇਂ ਉੱਡਦੇ ਹਨ ਕਿ ਆਧੁਨਿਕ ਰਾਡਾਰ ਇਨ੍ਹਾਂ ਨੂੰ ਪੰਛੀ ਜਾਂ ਕੋਈ ਗੈਰ-ਫੌਜੀ ਵਸਤੂ ਸਮਝ ਕੇ ਨਜ਼ਰਅੰਦਾਜ਼ ਕਰ ਦਿੰਦੇ ਹਨ, ਜੋ ਕਿ ਦੁਸ਼ਮਣ ਦੇ ਰੱਖਿਆ ਕਵਚ ਵਿੱਚ ਇੱਕ ਵੱਡੀ ਸੰਨ੍ਹ ਹੈ।

ਇਰਾਨ ਅਤੇ ਉਸ ਦੇ ਸਹਿਯੋਗੀ ਹੁਣ 'ਸਵਾਰਮ' ਹਮਲੇ ਦੀ ਘਾਤਕ ਰਣਨੀਤੀ ਅਪਣਾ ਰਹੇ ਹਨ, ਜਿਸ ਵਿੱਚ ਇੱਕੋ ਸਮੇਂ 50 ਤੋਂ 100 ਡਰੋਨ ਅਤੇ ਰਾਕੇਟਾਂ ਦੀ ਬੌਛਾਰ ਕੀਤੀ ਜਾਂਦੀ ਹੈ। ਇਸ ਰਣਨੀਤੀ ਦਾ ਮੁੱਖ ਮਕਸਦ ਦੁਸ਼ਮਣ ਦੇ ਰੱਖਿਆ ਕਵਚ ਨੂੰ 'ਓਵਰਲੋਡ' ਕਰਨਾ ਹੈ। ਕਿਉਂਕਿ 'ਆਇਰਨ ਡੋਮ' ਵਰਗੇ ਸਿਸਟਮਾਂ ਕੋਲ ਸੀਮਤ ਗਿਣਤੀ ਵਿੱਚ ਇੰਟਰਸੈਪਟਰ ਮਿਜ਼ਾਈਲਾਂ ਹੁੰਦੀਆਂ ਹਨ, ਇਸ ਲਈ ਹਮਲਾਵਰ ਪਹਿਲਾਂ ਵੱਡੀ ਗਿਣਤੀ ਵਿੱਚ ਸਸਤੇ ਡਰੋਨ ਭੇਜ ਕੇ ਉਨ੍ਹਾਂ ਮਿਜ਼ਾਈਲਾਂ ਨੂੰ ਖ਼ਤਮ ਕਰਵਾ ਦਿੰਦੇ ਹਨ। ਇੱਕ ਵਾਰ ਜਦੋਂ ਰੱਖਿਆ ਪ੍ਰਣਾਲੀ ਖਾਲੀ ਹੋ ਜਾਂਦੀ ਹੈ, ਤਾਂ ਅਸਲ ਖ਼ਤਰਨਾਕ ਅਤੇ ਸਟੀਕ ਮਿਜ਼ਾਈਲਾਂ ਲਈ ਰਸਤਾ ਸਾਫ਼ ਹੋ ਜਾਂਦਾ ਹੈ, ਜਿਸ ਨਾਲ ਵੱਡੀ ਤਬਾਹੀ ਦਾ ਖ਼ਤਰਾ ਵਧ ਜਾਂਦਾ ਹੈ।

ਜੰਗ ਦੇ ਮੈਦਾਨ ਵਿੱਚ ਹੁਣ ਸਿਰਫ਼ ਹਥਿਆਰ ਹੀ ਨਹੀ, ਸਗੋਂ 'ਆਰਥਿਕਤਾ' ਵੀ ਇੱਕ ਵੱਡਾ ਹਥਿਆਰ ਬਣ ਚੁੱਕੀ ਹੈ। 'ਆਇਰਨ ਡੋਮ' ਦੀ ਇੱਕ ਇੰਟਰਸੈਪਟਰ ਮਿਜ਼ਾਈਲ ਦੀ ਕੀਮਤ ਲਗਭਗ 35-40 ਲੱਖ ਰੁਪਏ ਹੈ, ਜਦਕਿ ਇਸਦੇ ਮੁਕਾਬਲੇ ਇੱਕ ਇਰਾਨੀ ਆਤਮਘਾਤੀ ਡਰੋਨ ਸਿਰਫ਼ 16-17 ਲੱਖ ਰੁਪਏ ਵਿੱਚ ਤਿਆਰ ਹੋ ਜਾਂਦਾ ਹੈ। ਇਜ਼ਰਾਈਲ ਲਈ ਇਹ ਇੱਕ ਵੱਡਾ ਆਰਥਿਕ ਬੋਝ ਹੈ ਕਿ ਇੱਕ ਸਸਤੇ ਡਰੋਨ ਨੂੰ ਡੇਗਣ ਲਈ ਉਸ ਤੋਂ ਦੁੱਗਣੀ ਕੀਮਤ ਦੀ ਮਿਜ਼ਾਈਲ ਖ਼ਰਚ ਕਰਨੀ ਪੈਂਦੀ ਹੈ। ਇਸੇ 'ਆਰਥਿਕ ਅਸੰਤੁਲਨ' ਨੂੰ ਖ਼ਤਮ ਕਰਨ ਲਈ ਇਜ਼ਰਾਈਲ ਹੁਣ 'ਆਇਰਨ ਬੀਮ' ਨਾਮਕ ਲੇਜ਼ਰ ਰੱਖਿਆ ਪ੍ਰਣਾਲੀ 'ਤੇ ਤੇਜ਼ੀ ਨਾਲ ਕੰਮ ਕਰ ਰਿਹਾ ਹੈ। ਇਸ ਅਤਿ-ਆਧੁਨਿਕ ਤਕਨੀਕ ਵਿੱਚ ਇੱਕ ਡਰੋਨ ਜਾਂ ਰਾਕੇਟ ਨੂੰ ਡੇਗਣ ਦਾ ਖ਼ਰਚਾ ਮਹਿਜ਼ ਕੁਝ ਡਾਲਰ ਹੋਵੇਗਾ, ਜੋ ਜੰਗ ਦੀ ਰਣਨੀਤੀ ਨੂੰ ਪੂਰੀ ਤਰ੍ਹਾਂ ਬਦਲ ਕੇ ਰੱਖ ਦੇਵੇਗਾ।

ਇਰਾਨੀ ਡਰੋਨਾਂ ਨੇ ਆਪਣੀ ਘਾਤਕ ਸਮਰੱਥਾ ਦਾ ਲੋਹਾ ਹੁਣ ਦੁਨੀਆ ਭਰ ਵਿੱਚ ਮਨਵਾ ਲਿਆ ਹੈ। ਰੂਸ-ਯੂਕਰੇਨ ਜੰਗ ਇਸ ਦਾ ਸਭ ਤੋਂ ਵੱਡਾ ਉਦਾਹਰਨ ਹੈ, ਜਿੱਥੇ ਰੂਸ ਨੇ ਵੱਡੀ ਗਿਣਤੀ ਵਿੱਚ ਸ਼ਾਹੀਦ-136 ਡਰੋਨਾਂ ਦੀ ਵਰਤੋਂ ਕਰਕੇ ਯੂਕਰੇਨ ਦੇ ਊਰਜਾ ਢਾਂਚੇ, ਫੌਜੀ ਟਿਕਾਣਿਆਂ ਅਤੇ ਅਹਿਮ ਸ਼ਹਿਰਾਂ ਵਿੱਚ ਭਾਰੀ ਤਬਾਹੀ ਮਚਾਈ ਹੈ। ਅਮਰੀਕਾ ਲਈ ਇਹ ਸਭ ਤੋਂ ਵੱਡੀ ਚਿੰਤਾ ਦਾ ਵਿਸ਼ਾ ਹੈ ਕਿਉਂਕਿ ਉਸ ਦੇ ਅਤਿ-ਆਧੁਨਿਕ ਅਤੇ ਮਹਿੰਗੇ 'ਪੇਟਰੀਅਟ ਮਿਜ਼ਾਈਲ ਡਿਫੈਂਸ ਸਿਸਟਮ' ਵੀ ਇਨ੍ਹਾਂ ਸਸਤੇ ਇਰਾਨੀ ਡਰੋਨਾਂ ਦੇ 'ਸਵਾਰਮ ਹਮਲਿਆਂ' ਨੂੰ ਰੋਕਣ ਵਿੱਚ ਪੂਰੀ ਤਰ੍ਹਾਂ ਸਫਲ ਨਹੀ ਹੋ ਰਹੇ। ਇਸ ਤੋਂ ਇਲਾਵਾ, ਇਰਾਨ ਨੇ ਆਪਣੇ 'ਪ੍ਰੌਕਸੀ ਗਰੁੱਪਾਂ'-ਜਿਵੇਂ ਯਮਨ ਵਿੱਚ ਹੂਤੀ, ਲੇਬਨਾਨ ਵਿੱਚ ਹਿਜ਼ਬੁੱਲਾ ਅਤੇ ਇਰਾਕੀ ਮਿਲੀਸ਼ੀਆ-ਨੂੰ ਇਹ ਤਕਨੀਕ ਸਪਲਾਈ ਕਰਕੇ ਮੱਧ-ਪੂਰਬ ਦੀ ਸੁਰੱਖਿਆ ਨੂੰ ਪੂਰੀ ਤਰ੍ਹਾਂ ਬਦਲ ਦਿੱਤਾ ਹੈ। ਹੂਤੀ ਵਿਦਰੋਹੀਆਂ ਵੱਲੋਂ ਸਾਊਦੀ ਅਰਬ ਦੇ 'ਆਰਾਮਕੋ' ਤੇਲ ਖੇਤਰਾਂ ਅਤੇ ਹਵਾਈ ਅੱਡਿਆਂ 'ਤੇ ਕੀਤੇ ਗਏ ਸਟੀਕ ਹਮਲਿਆਂ ਨੇ ਇਹ ਸਾਬਿਤ ਕਰ ਦਿੱਤਾ ਹੈ ਕਿ ਹੁਣ ਅਮਰੀਕੀ ਸਹਿਯੋਗੀ ਦੇਸ਼ਾਂ ਦੇ ਅਰਬਾਂ ਡਾਲਰ ਦੇ ਰਣਨੀਤਕ ਟਿਕਾਣੇ ਇਨ੍ਹਾਂ ਸਸਤੇ ਡਰੋਨਾਂ ਦੀ ਮਾਰ ਹੇਠ ਹਨ।

ਇਰਾਨੀ ਡਰੋਨਾਂ ਨੇ ਅਮਰੀਕਾ ਦੇ ਸਾਹਮਣੇ ਇੱਕ ਅਜਿਹੀ ਰੱਖਿਆਤਮਕ ਅਤੇ ਆਰਥਿਕ ਚੁਣੌਤੀ ਖੜ੍ਹੀ ਕਰ ਦਿੱਤੀ ਹੈ, ਜਿਸ ਦਾ ਹੱਲ ਰਵਾਇਤੀ ਫੌਜੀ ਰਣਨੀਤੀਆਂ ਕੋਲ ਨਹੀ ਹੈ। ਅਮਰੀਕਾ ਦੇ ਮਿਜ਼ਾਈਲ ਡਿਫੈਂਸ ਸਿਸਟਮ ਦੁਨੀਆ ਵਿੱਚ ਸਭ ਤੋਂ ਉੱਨਤ ਹਨ, ਪਰ ਉਹ ਬੇਹੱਦ ਮਹਿੰਗੇ ਵੀ ਹਨ। ਇੱਕ ਪੇਟਰੀਅਟ ਮਿਜ਼ਾਈਲ ਦੀ ਲਾਗਤ ਲੱਖਾਂ ਡਾਲਰਾਂ ਵਿੱਚ ਹੈ, ਜਦਕਿ ਇੱਕ ਇਰਾਨੀ ਸ਼ਾਹੀਦ ਡਰੋਨ ਮਹਿਜ਼ ਕੁਝ ਹਜ਼ਾਰ ਡਾਲਰਾਂ ਵਿੱਚ ਤਿਆਰ ਹੋ ਜਾਂਦਾ ਹੈ। ਜੇਕਰ ਅਮਰੀਕਾ ਇੱਕ $20,000 ਦੇ ਮਾਮੂਲੀ ਡਰੋਨ ਨੂੰ ਡੇਗਣ ਲਈ 2 ਮਿਲੀਅਨ ਡਾਲਰ ਦੀ ਮਿਜ਼ਾਈਲ ਦਾ ਇਸਤੇਮਾਲ ਕਰਦਾ ਹੈ, ਤਾਂ ਇਹ ਇੱਕ 'ਆਤਮਘਾਤੀ ਆਰਥਿਕ ਸੌਦਾ' ਸਾਬਿਤ ਹੁੰਦਾ ਹੈ। ਇਸ ਰਣਨੀਤਕ ਅਸੰਤੁਲਨ ਦਾ ਸਭ ਤੋਂ ਖ਼ਤਰਨਾਕ ਪਹਿਲੂ ਇਹ ਹੈ ਕਿ ਜੇਕਰ ਇਰਾਨ ਸੈਂਕੜੇ ਡਰੋਨਾਂ ਨਾਲ 'ਸਵਾਰਮ ਹਮਲਾ' ਕਰਦਾ ਹੈ, ਤਾਂ ਦੁਨੀਆ ਦਾ ਕੋਈ ਵੀ ਆਧੁਨਿਕ ਰੱਖਿਆ ਸਿਸਟਮ ਉਨ੍ਹਾਂ ਸਾਰਿਆਂ ਨੂੰ ਇੱਕੋ ਸਮੇਂ ਰੋਕਣ ਵਿੱਚ ਅਸਮਰੱਥ ਹੋ ਸਕਦਾ ਹੈ। ਇਹ ਸਥਿਤੀ ਨਾ ਸਿਰਫ਼ ਫੌਜੀ ਨਾਕਾਮੀ, ਸਗੋਂ ਵੱਡੇ ਆਰਥਿਕ ਨੁਕਸਾਨ ਦਾ ਕਾਰਨ ਵੀ ਬਣਦੀ ਹੈ।

ਇਰਾਨੀ ਡਰੋਨਾਂ ਦੇ ਖਤਰੇ ਨੂੰ ਦੇਖਦੇ ਹੋਏ, ਅਮਰੀਕਾ ਨੇ ਕਈ ਕਦਮ ਚੁੱਕੇ ਹਨ: ਅਮਰੀਕਾ ਨੇ ਇਰਾਨੀ ਡਰੋਨ ਉਦਯੋਗ ਨਾਲ ਜੁੜੀਆਂ ਕੰਪਨੀਆਂ ਅਤੇ ਵਿਅਕਤੀਆਂ 'ਤੇ ਸਖ਼ਤ ਆਰਥਿਕ ਪਾਬੰਦੀਆਂ ਲਗਾਈਆਂ ਹਨ। ਅਮਰੀਕਾ ਕੋਸ਼ਿਸ਼ ਕਰ ਰਿਹਾ ਹੈ ਕਿ ਇਰਾਨ ਨੂੰ ਡਰੋਨ ਬਣਾਉਣ ਲਈ ਲੋੜੀਂਦੇ ਪੁਰਜ਼ੇ (ਜਿਵੇਂ ਇੰਜਨ ਅਤੇ ਚਿਪਸ) ਨਾ ਮਿਲ ਸਕਣ। ਅਮਰੀਕਾ ਹੁਣ ਤੇਜ਼ੀ ਨਾਲ ਨਵੀ ਤਕਨਾਲੋਜੀ ਵਿਕਸਿਤ ਕਰ ਰਿਹਾ ਹੈ ਜੋ ਇਨ੍ਹਾਂ ਡਰੋਨਾਂ ਨੂੰ ਸਸਤੇ ਰੂਪ ਵਿੱਚ ਰੋਕ ਸਕੇ। ਇਸ ਵਿੱਚ ਲੇਜ਼ਰ ਹਥਿਆਰ ਅਤੇ ਇਲੈਕਟ੍ਰਾਨਿਕ ਵਾਰਫੇਅਰ ਸਿਸਟਮ ਸ਼ਾਮਲ ਹਨ, ਜੋ ਡਰੋਨਾਂ ਦੇ ਸਿਗਨਲ ਜਾਮ ਕਰਕੇ ਉਨ੍ਹਾਂ ਨੂੰ ਡੇਗ ਸਕਦੇ ਹਨ।

ਅਮਰੀਕਾ ਲਈ ਇਰਾਨੀ ਡਰੋਨਾਂ ਦਾ ਖ਼ਤਰਾ ਹੁਣ ਯੂਕਰੇਨ ਜਾਂ ਸਾਊਦੀ ਅਰਬ ਦੀਆਂ ਸਰਹੱਦਾਂ ਤੱਕ ਸੀਮਤ ਨਹੀ ਰਿਹਾ, ਸਗੋਂ ਇਹ ਸਿੱਧਾ ਅਮਰੀਕੀ ਫੌਜੀ ਜਵਾਨਾਂ ਦੀ ਸੁਰੱਖਿਆ ਨਾਲ ਜੁੜ ਗਿਆ ਹੈ। ਇਰਾਕ ਅਤੇ ਸੀਰੀਆ ਵਿੱਚ ਸਥਿਤ ਅਮਰੀਕੀ ਫੌਜੀ ਅੱਡਿਆਂ 'ਤੇ ਇਰਾਨ-ਸਮਰਥਿਤ ਗਰੁੱਪਾਂ ਵੱਲੋਂ ਕੀਤੇ ਗਏ ਲਗਾਤਾਰ ਡਰੋਨ ਹਮਲਿਆਂ ਵਿੱਚ ਅਮਰੀਕੀ ਸੈਨਿਕਾਂ ਦਾ ਜਾਨੀ ਨੁਕਸਾਨ ਹੋਇਆ ਹੈ, ਜੋ ਕਿ ਵਾਸ਼ਿੰਗਟਨ ਲਈ ਇੱਕ ਗੰਭੀਰ ਚਿੰਤਾ ਦਾ ਵਿਸ਼ਾ ਹੈ। ਇਸ ਤੋਂ ਇਲਾਵਾ, ਲਾਲ ਸਾਗਰ ਵਿੱਚ ਹੂਤੀ ਵਿਦਰੋਹੀਆਂ ਵੱਲੋਂ ਵਪਾਰਕ ਅਤੇ ਅਮਰੀਕੀ ਜਲ ਸੈਨਾ ਦੇ ਜਹਾਜ਼ਾਂ 'ਤੇ ਕੀਤੇ ਜਾ ਰਹੇ ਡਰੋਨ ਹਮਲਿਆਂ ਨੇ ਵਿਸ਼ਵ ਵਪਾਰਕ ਮਾਰਗਾਂ ਨੂੰ ਅਸਥਿਰ ਕਰ ਦਿੱਤਾ ਹੈ। ਇਨ੍ਹਾਂ ਹਮਲਿਆਂ ਨੂੰ ਰੋਕਣ ਲਈ ਅਮਰੀਕਾ ਨੂੰ ਹਿੰਦ ਮਹਾਸਾਗਰ ਅਤੇ ਲਾਲ ਸਾਗਰ ਵਿੱਚ ਆਪਣੀ ਫੌਜੀ ਤਾਇਨਾਤੀ ਅਤੇ ਨਿਗਰਾਨੀ ਕਈ ਗੁਣਾ ਵਧਾਉਣੀ ਪਈ ਹੈ। ਇਹ ਸਥਿਤੀ ਅਮਰੀਕਾ ਲਈ ਇੱਕ ਵੱਡਾ 'ਆਰਥਿਕ ਅਤੇ ਰਣਨੀਤਕ ਬੋਝ' ਬਣ ਚੁੱਕੀ ਹੈ, ਕਿਉਂਕਿ ਇੱਕ ਪਾਸੇ ਹਮਲੇ ਸਸਤੇ ਹਨ ਅਤੇ ਦੂਜੇ ਪਾਸੇ ਉਨ੍ਹਾਂ ਤੋਂ ਬਚਾਅ ਕਰਨਾ ਬੇਹੱਦ ਮਹਿੰਗਾ ਸਾਬਿਤ ਹੋ ਰਿਹਾ ਹੈ।



# ਸੋਨੇ-ਚਾਂਦੀ ਦੀਆਂ ਕੀਮਤਾਂ ਜੰਗ ਦੇ ਬਾਵਜੂਦ ਅਚਾਨਕ ਕਿਉਂ ਡਿੱਗ ਰਹੀਆਂ ਨੇ ?

**ਈਰਾਨ** ਦੇ ਨਾਲ ਅਮਰੀਕਾ ਅਤੇ ਇਜ਼ਰਾਇਲ ਦੀ ਜੰਗ ਵਿਚਾਲੇ, ਸ਼ੇਅਰ ਬਾਜ਼ਾਰ ਤੋਂ ਲੈਕੇ ਕੱਚੇ ਤੇਲ, ਸੋਨੇ-ਚਾਂਦੀ ਅਤੇ ਰੁਪਏ ਤੱਕ ਹਰ ਚੀਜ਼ 'ਚ ਭਾਰੀ ਅਸਥਿਰਤਾ ਦੇਖੀ ਜਾ ਰਹੀ ਹੈ। ਪਿਛਲੇ ਇੱਕ ਮਹੀਨੇ 'ਚ 30 ਸ਼ੇਅਰਾਂ ਵਾਲਾ ਸੈਂਸੇਕਸ ਲਗਭਗ 10% ਡਿੱਗ ਗਿਆ, ਕੱਚੇ ਤੇਲ ਦੀਆਂ ਕੀਮਤਾਂ ਕਰੀਬ 60% ਵੱਧ ਗਈਆਂ ਹਨ ਅਤੇ ਡਾਲਰ ਦੇ ਮੁਕਾਬਲੇ ਰੁਪਿਆ ਆਪਣੇ ਸਭ ਤੋਂ ਹੇਠਲੇ ਪੱਧਰ 'ਤੇ ਪਹੁੰਚ ਗਿਆ ਹੈ। ਪਿਛਲੇ ਕੁਝ ਦਿਨਾਂ 'ਚ, ਖਾਸ ਤੌਰ 'ਤੇ ਸੋਨੇ ਅਤੇ ਚਾਂਦੀ ਦੀਆਂ ਕੀਮਤਾਂ ਦੇ ਰਿਕਾਰਡ ਪੱਧਰ 'ਤੇ ਪਹੁੰਚਣ ਤੋਂ ਬਾਅਦ, ਬਾਜ਼ਾਰ 'ਚ ਭਾਰੀ ਗਿਰਾਵਟ ਆਈ ਹੈ, ਜਿਸ ਨਾਲ ਨਿਵੇਸ਼ ਕਰਨ ਵਾਲੇ ਹੈਰਾਨ ਹਨ। 'ਸੁਰੱਖਿਅਤ ਨਿਵੇਸ਼' ਦੇ ਤੌਰ 'ਤੇ ਜਾਣਿਆ ਜਾਣ ਵਾਲਾ ਸੋਨਾ, 28 ਫਰਵਰੀ ਨੂੰ ਅਮਰੀਕਾ ਅਤੇ ਇਜ਼ਰਾਇਲ ਦੇ ਈਰਾਨ 'ਤੇ ਹਮਲੇ ਸ਼ੁਰੂ ਕਰਨ ਤੋਂ ਬਾਅਦ ਤੁਰੰਤ ਵੱਧ ਗਿਆ ਸੀ ਪਰ ਹੁਣ ਇਸ 'ਚ ਭਾਰੀ ਗਿਰਾਵਟ ਹੈ। ਅਮਰੀਕਾ-ਇਜ਼ਰਾਇਲ ਅਤੇ ਈਰਾਨ ਵਿਚਾਲੇ ਜੰਗ ਦੇ ਚੌਥੇ ਹਫ਼ਤੇ 'ਚ ਦਾਖਲ ਹੁੰਦਿਆਂ ਹੀ, ਸੋਨੇ ਅਤੇ ਚਾਂਦੀ ਦੀਆਂ ਕੀਮਤਾਂ 'ਚ ਭਾਰੀ ਗਿਰਾਵਟ ਆਈ ਹੈ। ਸੋਨੇ ਦੀਆਂ ਕੀਮਤਾਂ 'ਚ ਪਿਛਲੇ 40 ਸਾਲਾਂ 'ਚ ਸਭ ਤੋਂ ਵੱਡੀ ਹਫ਼ਤਾਵਾਰੀ ਗਿਰਾਵਟ ਦਰਜ ਕੀਤੀ ਗਈ ਹੈ। ਰੌਇਟਰਸ ਦੀ ਰਿਪੋਰਟ ਮੁਤਾਬਕ, ਜੰਗ ਤੋਂ ਬਾਅਦ ਤੋਂ ਸੋਨੇ ਦੀਆਂ ਕੀਮਤਾਂ 'ਚ 15% ਤੋਂ ਵੱਧ ਦੀ ਗਿਰਾਵਟ ਆਈ ਹੈ। 20 ਜਨਵਰੀ ਨੂੰ ਸੋਨੇ ਦੀ ਕੀਮਤ 5,591 ਡਾਲਰ ਪ੍ਰਤੀ ਔਂਸ ਦੇ ਸਿਖਰਲੇ ਪੱਧਰ 'ਤੇ ਪਹੁੰਚ ਗਈ ਸੀ ਜਿਸ ਤੋਂ ਬਾਅਦ ਤੋਂ ਇਸ 'ਚ 20% ਦੀ ਗਿਰਾਵਟ ਆਈ ਹੈ। ਇੰਡੀਅਨ ਬੁਲਿਅਨ ਜਿਊਲਰਸ ਐਸੋਸੀਏਸ਼ਨ ਦੀ ਵੈੱਬਸਾਈਟ ਮੁਤਾਬਕ, 24 ਮਾਰਚ ਨੂੰ ਸੋਨੇ ਦੀ ਕੀਮਤ 10 ਗ੍ਰਾਮ ਲਈ 1.39 ਲੱਖ ਰੁਪਏ ਸੀ।

## ਕੀਮਤਾਂ 'ਚ ਗਿਰਾਵਟ ਕਿਉਂ ?

ਈਰਾਨ ਜੰਗ ਕਾਰਨ ਕੌਮਾਂਤਰੀ ਅਰਥਵਿਵਸਥਾ 'ਚ ਭਾਰੀ ਅਸਥਿਰਤਾ ਹੈ। ਸੋਨੇ ਅਤੇ ਚਾਂਦੀ ਵਰਗੀਆਂ ਮੁੱਲਵਾਨ ਧਾਤੂਆਂ ਦੀਆਂ ਕੀਮਤਾਂ 'ਚ ਗਿਰਾਵਟ ਦੇ ਕਈ ਕਾਰਨ ਮੰਨੇ ਜਾ ਰਹੇ ਹਨ। ਪਹਿਲਾ ਕਾਰਨ ਇਹ ਹੈ ਕਿ ਜੰਗ ਦੀ ਸਥਿਤੀ 'ਚ ਤੇਲ ਅਤੇ ਗੈਸ ਦੀਆਂ ਕੀਮਤਾਂ 'ਚ ਕਾਫੀ ਵਾਧਾ ਹੋਇਆ ਹੈ, ਜਿਸ ਨਾਲ ਮਹਿੰਗਾਈ ਵਧਣ ਦਾ ਖਤਰਾ ਪੈਦਾ ਹੋ ਗਿਆ ਹੈ। ਅਜਿਹੀ ਸਥਿਤੀ 'ਚ ਅਮਰੀਕੀ ਫੈਡਰਲ ਰਿਜ਼ਰਵ ਲੰਬੇ ਸਮੇਂ ਤੱਕ ਵਿਆਜ਼ ਦਰਾਂ ਉੱਚੀਆਂ ਰੱਖ ਸਕਦਾ ਹੈ। ਸੋਨਾ ਇੱਕ ਅਜਿਹਾ ਨਿਵੇਸ਼ ਹੈ, ਜਿਸ ਪ੍ਰਤੀ ਖਿੱਚ ਵਿਆਜ਼ ਦੀਆਂ ਦਰਾਂ ਉੱਚੀਆਂ ਹੋਣ 'ਤੇ ਘਟ ਜਾਂਦਾ ਹੈ। ਸੋਨੇ ਨੂੰ ਰਵਾਇਤੀ ਤੌਰ 'ਤੇ ਸੁਰੱਖਿਅਤ ਨਿਵੇਸ਼ ਮੰਨਿਆ ਜਾਂਦਾ ਹੈ ਅਤੇ ਜੰਗ ਦੇ ਸਮੇਂ ਇਸ ਦੀ ਕੀਮਤ ਵੱਧਣੀ ਚਾਹੀਦੀ ਹੈ ਪਰ ਹੋ ਇਸ ਤੋਂ ਬਿਲਕੁੱਲ ਉਲਟ ਰਿਹਾ ਹੈ। ਇਸ ਮਹੀਨੇ ਸੋਨੇ ਦੀਆਂ ਕੀਮਤਾਂ 'ਚ 20% ਦੀ ਗਿਰਾਵਟ ਆਈ ਹੈ ਜਦੋਂਕਿ ਚਾਂਦੀ ਦੀ ਕੀਮਤ 'ਚ 32% ਤੋਂ ਵੱਧ ਦੀ ਗਿਰਾਵਟ ਆਈ ਹੈ। 1983 ਤੋਂ ਬਾਅਦ ਤੋਂ ਸੋਨੇ ਅਤੇ ਚਾਂਦੀ ਦੀਆਂ ਕੀਮਤਾਂ 'ਚ ਇਹ ਸਭ ਤੋਂ ਵੱਡੀ ਗਿਰਾਵਟ ਹੈ। ਚਾਂਦੀ ਆਪਣੇ ਸਿਖਰਲੇ ਪੱਧਰ ਤੋਂ ਕਰੀਬ 40% ਹੇਠਾਂ ਆ ਗਈ ਹੈ। ਮਾਰਚ 'ਚ ਸੋਨੇ ਅਤੇ ਚਾਂਦੀ ਦੀਆਂ ਕੀਮਤਾਂ 'ਚ ਆਈ ਗਿਰਾਵਟ ਪਿਛਲੇ 45 ਸਾਲਾਂ 'ਚ ਸਭ ਤੋਂ ਵੱਡੀ ਮਹੀਨੇਵਾਰ ਗਿਰਾਵਟ ਸੀ ਅਤੇ ਕਿਹਾ ਜਾ ਸਕਦਾ ਹੈ ਕਿ 2026 'ਚ ਇਨ੍ਹਾਂ ਧਾਤੂਆਂ 'ਚ ਹੋਇਆ ਵਾਧਾ ਪੂਰੀ ਤਰ੍ਹਾਂ ਖਤਮ ਹੋ ਗਿਆ ਹੈ।

## ਅਨਿਸ਼ਚਿਤਤਾ ਕਦੋਂ ਤੱਕ ?

ਗੱਲ ਕਰਦੇ ਹੋਏ, ਬੁਲਿਅਨ ਟ੍ਰੇਡਿੰਗ ਕੰਪਨੀ ਓਗਮੈਂਟ ਦੀ ਰਿਸਰਚ ਹੈੱਡ ਡਾ. ਰੇਨਿਸ਼ਾ ਚੈਨਾਨੀ ਨੇ ਕਿਹਾ, "ਗਿਰਾਵਟ ਤੋਂ ਬਾਅਦ ਸੋਨੇ-ਚਾਂਦੀ ਦੀਆਂ ਕੀਮਤਾਂ 'ਚ ਕੁਝ ਹੱਦ ਤੱਕ ਸੁਧਾਰ ਹੋਇਆ ਹੈ ਪਰ ਹੁਣ ਸਭ ਕੁਝ ਇਸ ਗੱਲ 'ਤੇ ਨਿਰਭਰ ਕਰਦਾ ਹੈ ਕਿ ਮੱਧ-ਪੂਰਬ 'ਚ ਤਣਾਅ ਕਿਸ ਦਿਸ਼ਾ ਵੱਲ ਜਾਂਦਾ ਹੈ। ਹੋਰਮੂਜ਼ ਸਟ੍ਰੇਟ ਦੇ ਖੁੱਲ੍ਹਣ ਨੂੰ ਲੈਕੇ ਅਨਿਸ਼ਚਿਤਤਾ ਦੀ ਵਜ੍ਹਾ ਕਰਕੇ ਮਹਿੰਗਾਈ ਦਾ ਖਤਰਾ ਵੱਧ ਹੈ।" ਉਨ੍ਹਾਂ ਦਾ ਕਹਿਣਾ ਹੈ, "ਸੋਨੇ ਅਤੇ ਚਾਂਦੀ 'ਚ ਹਾਲੀਆ ਵਿਕਰੀ ਨਕਦੀ ਵਧਾਉਣ ਲਈ ਕੀਤੀ ਗਈ ਸੀ। ਨਿਵੇਸ਼ਕ ਹੋਰਨਾਂ ਥਾਂਵਾਂ 'ਤੇ ਮਾਰਜਿਨ ਕਾਲ ਦੀ ਭਰਪਾਈ ਲਈ ਸੋਨੇ ਅਤੇ ਚਾਂਦੀ ਵਰਗੀਆਂ ਲਾਭਦਾਇਕ ਸੰਪਤੀਆਂ ਵੇਚ ਰਹੇ ਹਨ। ਇਹ ਲੰਬੇ ਸਮੇਂ ਦੇ ਮੁੱਢਲੇ ਸਿਧਾਂਤਾਂ 'ਚ ਕੋਈ ਬਦਲਾਅ ਨਹੀ ਹੈ ਬਲਕਿ ਘੱਟ ਸਮੇਂ ਦਾ ਮਾਮਲਾ ਹੈ।" ਇੰਡੀਆ ਬੁਲਿਅਨ ਐਂਡ ਜਿਊਲਰਸ ਐਸੋਸੀਏਸ਼ਨ ਦੇ ਪ੍ਰਧਾਨ ਪ੍ਰਿਥਵੀਰਾਜ ਕੋਠਾਰੀ ਨੇ ਕਿਹਾ ਕਿ ਸੋਨੇ ਦੀ ਕੀਮਤ ਆਪਣੇ ਸਿਖਰਲੇ ਪੱਧਰ ਤੋਂ 30% ਤੋਂ ਵੱਧ ਡਿੱਗ ਗਈ ਹੈ। ਜਦੋਂ ਤੱਕ ਤੇਲ ਦੀਆਂ ਕੀਮਤਾਂ ਸਥਿਰ ਨਹੀ ਹੋ ਜਾਂਦੀਆਂ ਅਤੇ ਹੋਰਮੂਜ਼ ਸਟ੍ਰੇਟ ਦਾ ਮੁੱਦਾ ਹੱਲ ਨਹੀ ਹੋ ਜਾਂਦਾ, ਉਦੋਂ ਤੱਕ ਸੋਨੇ ਅਤੇ ਚਾਂਦੀ ਦੋਹਾਂ 'ਤੇ ਦਬਾਅ ਬਣਿਆ ਰਹੇਗਾ। ਉਨ੍ਹਾਂ ਨੇ ਕਿਹਾ, "ਜਦੋਂ ਸੋਨੇ ਦੀ ਕੀਮਤ ਡਿੱਗਦੀ ਹੈ ਤਾਂ ਚੀਨ ਵਰਗੇ ਮੁਲਕ ਸੋਨਾ ਖਰੀਦਦੇ ਹਨ। ਚੀਨ ਨੇ ਪਿਛਲੇ ਸ਼ੁੱਕਰਵਾਰ ਅਤੇ ਸੋਮਵਾਰ ਨੂੰ ਵੀ ਸੋਨਾ ਖਰੀਦਿਆ ਸੀ।" ਪ੍ਰਿਥਵੀਰਾਜ ਕੋਠਾਰੀ ਮੁਤਾਬਕ,"ਕੱਚੇ ਤੇਲ ਦੀਆਂ ਕੀਮਤਾਂ 'ਚ ਵਾਧੇ ਕਾਰਨ ਚਾਂਦੀ ਦੀ ਕੀਮਤ ਡਿੱਗ ਗਈ ਹੈ। ਹੁਣ ਚਾਂਦੀ ਦੀ ਕੀਮਤ ਉਦੋਂ ਹੀ ਵਧੇਗੀ ਜਦੋਂ ਜੰਗ ਖਤਮ ਹੋ ਜਾਵੇਗੀ।" ਸੋਨੇ ਅਤੇ ਚਾਂਦੀ ਦੀਆਂ ਕੀਮਤਾਂ 'ਚ ਗਿਰਾਵਟ ਦਾ ਇੱਕ ਕਾਰਨ ਮੁਨਾਫਾਵਸੂਲੀ ਵੀ ਦੱਸਿਆ ਜਾ ਰਿਹਾ ਹੈ। ਇਨ੍ਹਾਂ ਦੋਵੇਂ ਧਾਤੂਆਂ ਦੀਆਂ ਕੀਮਤਾਂ ਇੰਨੀਆਂ ਵੱਧ ਗਈਆਂ ਸਨ ਕਿ ਉਹ ਸਿਖਰਲੇ ਪੱਧਰ 'ਤੇ ਟਿਕ ਨਹੀ ਪਾਈਆਂ। ਸੋਨੇ ਦਾ ਕੋਈ ਨਿਸ਼ਚਿਤ ਮੁਨਾਫਾ ਨਹੀ ਮਿਲਦਾ। ਇਸ ਲਈ ਅਮਰੀਕੀ ਫੈਡਰਲ ਰਿਜ਼ਰਵ ਦੀਆਂ ਵਿਆਜ ਦਰਾਂ ਘੱਟ ਹੋਣ 'ਤੇ ਸੋਨੇ ਦੀ ਕੀਮਤ ਵੱਧਣ ਦੀ ਸੰਭਾਵਨਾ ਰਹਿੰਦੀ ਹੈ ਪਰ ਵਿਆਜ਼ ਦਰਾਂ ਵੱਧਣ 'ਤੇ ਇਸ ਨੂੰ ਲੈਕੇ ਦਿਲਚਸਪੀ ਘੱਟ ਹੋ ਜਾਂਦੀ ਹੈ। ਨਿਵੇਸ਼ਕ ਸ਼ੇਅਰ ਬਾਜ਼ਾਰ 'ਚ ਹੋਏ ਨੁਕਸਾਨ ਲਈ ਵੀ ਸੋਨਾ ਵੇਚ ਰਹੇ ਹਨ। ਚਾਂਦੀ ਲਈ 2025 ਦਾ ਸਾਲ ਬਹੁਤ ਹੀ ਮਜਬੂਤੀ ਵਾਲਾ ਰਿਹਾ, ਜਿਸ 'ਚ ਇਸ ਸਫੈਦ ਧਾਤੂ ਦੀ ਕੀਮਤ 'ਚ 170% ਦਾ ਵਾਧਾ ਹੋਇਆ। ਫਿਰ ਜਨਵਰੀ 2026 'ਚ ਚਾਂਦੀ ਦੀ ਕੀਮਤ 'ਚ 74% ਦਾ ਵਾਧਾ ਹੋਇਆ। ਮਨੀ ਕੰਟਰੋਲ ਮੁਤਾਬਕ, ਮਾਰਚ 'ਚ ਹੁਣ ਤੱਕ ਚਾਂਦੀ 'ਚ 20% ਦੀ ਗਿਰਾਵਟ ਦਰਜ ਕੀਤੀ ਗਈ ਹੈ।

ਰੋਜ਼ਾਨਾ ਚੜ੍ਹਦੀਕਲਾ
## ਸਿਹਤ ਖ਼ਬਰਨਾਮਾ

# ਇਮਿਊਨਿਟੀ ਵਧਾਉਣ ਲਈ ਖਾਓ ਸੁਪਰ ਫਲ

ਸਰੀਰ ਨੂੰ ਬਿਮਾਰੀਆਂ ਤੋਂ ਬਚਾਉਣ ਲਈ, ਆਪਣੀ ਇਮਿਊਨ ਸਿਸਟਮ ਨੂੰ ਮਜ਼ਬੂਤ ਰੱਖਣਾ ਖਾਸ ਤੌਰ 'ਤੇ ਮਹੱਤਵਪੂਰਨ ਹੋ ਜਾਂਦਾ ਹੈ।ਜਦੋਂ ਇਮਿਊਨਿਟੀ ਵਧਾਉਣ ਵਾਲੇ ਭੋਜਨ ਦੀ ਗੱਲ ਆਉਂਦੀ ਹੈ, ਤਾਂ ਫਲਾਂ ਤੋਂ ਵਧੀਆ ਕੁਝ ਨਹੀਂ ਹੁੰਦਾ।ਬਹੁਤ ਸਾਰੇ ਫਲ ਵਿਟਾਮਿਨ ਸੀ ਨਾਲ ਭਰਪੂਰ ਹੁੰਦੇ ਹਨ ਅਤੇ ਸਾਡੀ



ਇਮਿਊਨਿਟੀ ਸਿਸਟਮ ਨੂੰ ਵਧਾਉਣ ਲਈ ਵਿਟਾਮਿਨ ਸੀ ਦਾ ਇੱਕ ਵਧੀਆ ਸਰੋਤ ਹਨ।

**ਅਮਰੂਦ ਵਿਟਾਮਿਨ ਸੀ ਨਾਲ ਵੀ ਭਰਪੂਰ ;** ਅਮਰੂਦ ਲਗਭਗ ਹਰ ਮੌਸਮ ਵਿੱਚ ਪਾਇਆ ਜਾਂਦਾ ਹੈ। ਅਮਰੂਦ ਵਿਟਾਮਿਨ ਸੀ ਨਾਲ ਭਰਪੂਰ ਫਲ ਹੈ, ਜੋ ਤੁਹਾਡੀ ਇਮਿਊਨ ਸਿਸਟਮ ਨੂੰ ਮਜ਼ਬੂਤ ਕਰਨ ਵਿੱਚ ਮਦਦ ਕਰਦਾ ਹੈ। ਇਸਦਾ ਮਿੱਠਾ ਅਤੇ ਖੱਟਾ ਸੁਆਦ ਜ਼ਿਆਦਾਤਰ ਲੋਕਾਂ ਵਿੱਚ ਪ੍ਰਸਿੱਧ ਹੈ। ਅਮਰੂਦ ਪੋਸ਼ਣ ਨਾਲ ਭਰਪੂਰ ਹੁੰਦੇ ਹਨ ਕਿਉਂਕਿ ਇਹਨਾਂ ਵਿੱਚ ਫਾਈਬਰ, ਪੋਟਾਸ਼ੀਅਮ, ਵਿਟਾਮਿਨ ਏ, ਤਾਂਬਾ, ਫੋਲੇਟ ਅਤੇ ਪੈਕਟਿਨ ਹੁੰਦੇ ਹਨ।

**ਅਨਾਰ ਇੱਕ ਸੁਪਰਫੂਡ ;** ਠੰਡੀਆਂ ਅਤੇ ਤੇਜ਼ ਹਵਾਵਾਂ ਉਨ੍ਹਾਂ ਲੋਕਾਂ ਲਈ ਚੁਣੌਤੀਪੂਰਨ ਹੋ ਸਕਦੀਆਂ ਹਨ ਜੋ ਪਹਿਲਾਂ ਹੀ ਗਠੀਏ ਤੋਂ ਪੀੜਤ ਹਨ, ਜੋੜਾਂ ਦੇ ਦਰਦ ਅਤੇ ਕਠੋਰਤਾ ਨੂੰ ਵਧਾਉਂਦੇ ਹਨ। ਅਨਾਰ ਖਾਣਾ ਬਹੁਤ ਫਾਇਦੇਮੰਦ ਮੰਨਿਆ ਜਾਂਦਾ ਹੈ ਕਿਉਂਕਿ ਅਨਾਰ ਵਿਟਾਮਿਨ ਕੇ ਨਾਲ ਭਰਪੂਰ ਹੁੰਦੇ ਹਨ, ਜੋ ਹੱਡੀਆਂ ਅਤੇ ਜੋੜਾਂ ਨੂੰ ਮਜ਼ਬੂਤ ਬਣਾਉਂਦੇ ਹਨ ਅਤੇ ਇਮਿਊਨਿਟੀ ਬੂਸਟਰ ਵੀ ਹਨ।

**ਕਰੈਨਬੇਰੀ ਖਾਓ ;** ਸੰਤਰੇ ਅਤੇ ਕੀਵੀ ਤੋਂ ਇਲਾਵਾ, ਕਰੈਨਬੇਰੀ ਵੀ ਇਮਿਊਨਿਟੀ ਵਧਾਉਣ ਵਾਲਾ ਭੋਜਨ ਹੈ। ਕਰੈਨਬੇਰੀ ਵਿਟਾਮਿਨ ਸੀ ਨਾਲ ਭਰਪੂਰ ਹੁੰਦੇ ਹਨ। ਇਹ ਮਿੱਠੇ, ਸੁੰਦਰ, ਲਾਲ ਬੇਰੀਆਂ ਮਾੜੇ ਕੋਲੇਸਟ੍ਰੋਲ ਨੂੰ ਕੰਟਰੋਲ ਕਰਨ ਅਤੇ ਕੋਰੋਨਰੀ ਆਰਟਰੀ ਬਿਮਾਰੀ ਦੇ ਜੋਖਮ ਨੂੰ ਘਟਾਉਣ ਵਿੱਚ ਵੀ ਮਦਦ ਕਰਦੀਆਂ ਹਨ।

**ਸੰਤਰੇ ਤੁਹਾਨੂੰ ਬਿਮਾਰੀਆਂ ਤੋਂ ਦੂਰ ਰੱਖਣਗੇ ;** ਸੰਤਰੇ ਤੁਹਾਡੀ ਇਮਿਊਨਿਟੀ ਸਿਸਟਮ ਨੂੰ ਵਧਾਉਣ ਵਿੱਚ ਮਦਦ ਕਰਦੇ ਹਨ। ਉਹ ਵਿਟਾਮਿਨ ਸੀ ਅਤੇ ਕੈਲਸ਼ੀਅਮ ਨਾਲ ਭਰਪੂਰ ਹੁੰਦੇ ਹਨ। ਡਾਕਟਰਾਂ ਦਾ ਮੰਨਣਾ ਹੈ ਕਿ ਰੋਜ਼ਾਨਾ ਇੱਕ ਸੰਤਰਾ ਖਾਣ ਨਾਲ ਤੁਹਾਡੇ ਸਰੀਰ ਨੂੰ ਰੋਜ਼ਾਨਾ ਵਿਟਾਮਿਨ ਸੀ ਦੀ ਜ਼ਰੂਰਤ ਦਾ ਇੱਕ ਮਹੱਤਵਪੂਰਨ ਹਿੱਸਾ ਮਿਲਦਾ ਹੈ।

# ਸਾਂਸਦ ਸੰਧੂ ਨੇ ਅਮਿਤ ਸ਼ਾਹ ਨੂੰ ਪੰਜਾਬ ਦੇ ਮੁੱਖ ਮੁੱਦਿਆਂ 'ਤੇ ਵਿਸਤ੍ਰਿਤ ਰਿਪੋਰਟ ਸੌਂਪੀ

ਨਵੀਂ ਦਿੱਲੀ, 26 ਮਾਰਚ (ਅੰਮ੍ਰਿਤਪਾਲ ਸਿੰਘ) : ਪੰਜਾਬ ਇਸ ਸਮੇਂ ਕਈ ਚੁਣੌਤੀਆਂ ਦਾ ਸਾਹਮਣਾ ਕਰ ਰਿਹਾ ਹੈ। ਰਾਜ ਸਭਾ ਮੈਂਬਰ ਸਤਨਾਮ ਸਿੰਘ ਸੰਧੂ ਨੇ ਨਵੀਂ ਦਿੱਲੀ ਵਿੱਚ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨਾਲ ਮੁਲਾਕਾਤ ਕੀਤੀ ਅਤੇ 17 ਮੁੱਦਿਆਂ 'ਤੇ ਇੱਕ ਵਿਸਤ੍ਰਿਤ ਰਿਪੋਰਟ ਸੌਂਪੀ, ਜਿਸ ਵਿੱਚ ਪੰਜਾਬ ਦੇ ਸਾਹਮਣੇ ਆਉਣ ਵਾਲੇ ਕਈ ਮੁੱਖ ਮੁੱਦਿਆਂ ਨੂੰ ਉਜਾਗਰ ਕੀਤਾ ਗਿਆ। ਉਨ੍ਹਾਂ ਨੇ ਕੇਂਦਰੀ ਗ੍ਰਹਿ ਮੰਤਰੀ ਨੂੰ ਤਿੰਨ ਵੱਖ-ਵੱਖ ਰਿਪੋਰਟਾਂ ਵੀ ਸੌਂਪੀਆਂ, ਜਿਨ੍ਹਾਂ ਵਿੱਚ ਦਰਿਆਈ ਪ੍ਰਦੂਸ਼ਣ, ਧਰਤੀ ਹੇਠਲੇ ਪਾਣੀ ਦੇ ਡਿੱਗਦੇ ਪੱਧਰ, ਵਾਰ-ਵਾਰ ਆਉਣ ਵਾਲੇ ਹੜ੍ਹਾਂ ਅਤੇ ਸਹਿਕਾਰੀ ਸੁਧਾਰਾਂ ਨੂੰ ਸੰਬੋਧਿਤ ਕੀਤਾ ਗਿਆ। ਸੰਸਦ ਮੈਂਬਰ ਸਤਨਾਮ ਸਿੰਘ ਸੰਧੂ ਨੇ ਕੇਂਦਰੀ ਗ੍ਰਹਿ ਮੰਤਰੀ ਨਾਲ ਸੂਬੇ ਦੇ ਸਾਹਮਣੇ ਆਉਣ ਵਾਲੇ ਹੋਰ ਮੁੱਖ ਮੁੱਦਿਆਂ 'ਤੇ ਵੀ ਚਰਚਾ ਕੀਤੀ, ਜਿਨ੍ਹਾਂ ਵਿੱਚ ਪੰਜਾਬ ਦਾ ਉਦਯੋਗ, ਕਿਸਾਨਾਂ ਦੀਆਂ ਸਮੱਸਿਆਵਾਂ, ਵਾਰ-ਵਾਰ ਆਉਣ ਵਾਲੇ ਹੜ੍ਹ, ਨਸ਼ਾ ਤਸਕਰੀ, ਨੌਜਵਾਨੀ ਅਤੇ ਪਾਣੀ ਸੰਕਟ ਸ਼ਾਮਲ ਹਨ। ਮਹੱਤਵਪੂਰਨ ਗੱਲ ਇਹ ਹੈ ਕਿ 17 ਮੁੱਦਿਆਂ ਨੂੰ ਕਵਰ ਕਰਨ ਵਾਲੀ ਇਹ ਰਿਪੋਰਟ ÷ਚੁਣੌਤੀਆਂ, ਮੌਕੇ ਅਤੇ ਪੰਜਾਬ ਲਈ ਅੱਗੇ ਵਧਣ ਦਾ ਰਾਹ÷ ਸਿਰਲੇਖ ਵਾਲੇ ਆਪਣੀ ਕਿਸਮ ਦੇ ਪਹਿਲੇ ਇੰਟਰਐਕਟਿਵ ਸੈਸ਼ਨ ਦੌਰਾਨ ਵਿਆਪਕ ਵਿਚਾਰ-ਵਟਾਂਦਰੇ ਤੋਂ ਬਾਅਦ ਤਿਆਰ



ਕੀਤੀ ਗਈ ਸੀ। ਉੱਘੇ ਰਾਜਨੀਤਿਕ ਆਗੂਆਂ, ਸਾਬਕਾ ਪ੍ਰਸ਼ਾਸਕੀ ਅਧਿਕਾਰੀਆਂ, ਚਿੰਤਕਾਂ ਅਤੇ ਪ੍ਰਸਿੱਧ ਥਿੰਕ ਟੈਂਕਾਂ ਦੇ ਮੋਹਰੀ ਨੀਤੀ ਮਾਹਿਰਾਂ ਨੇ ਪੰਜਾਬ ਦੀਆਂ ਮੁੱਖ ਚੁਣੌਤੀਆਂ, ਜਿਨ੍ਹਾਂ ਵਿੱਚ ਖੇਤੀਬਾੜੀ, ਆਰਥਿਕ ਵਿਕਾਸ, ਨਸ਼ਾ ਸੰਕਟ, ਵਧਦੀ ਬੇਰੁਜ਼ਗਾਰੀ, ਨੌਜਵਾਨਾਂ ਦਾ ਪ੍ਰਵਾਸ ਅਤੇ ਵਧਦਾ ਕਰਜ਼ਾ, ਵਾਤਾਵਰਣ ਦੀ ਗਿਰਾਵਟ, ਧਰਤੀ ਹੇਠਲੇ ਪਾਣੀ ਦੇ ਘਟਣ ਕਾਰਨ ਵਿਗੜਦੇ ਪਾਣੀ ਦੇ ਸੰਕਟ ਅਤੇ ਉਦਯੋਗਿਕ ਵਿਕਾਸ ਲਈ ਵਪਾਰਕ ਵਾਤਾਵਰਣ ਸ਼ਾਮਲ ਹਨ, ਬਾਰੇ ਰਣਨੀਤਕ ਸੁਝਾਅ ਦਿੱਤੇ। ਮਾਰਚ ਦੇ ਪਹਿਲੇ ਹਫ਼ਤੇ ਆਯੋਜਿਤ ਇਸ ਸੈਸ਼ਨ ਵਿੱਚ ਵਿਗਿਆਨ ਅਤੇ ਤਕਨਾਲੋਜੀ ਅਤੇ ਧਰਤੀ ਵਿਗਿਆਨ ਰਾਜ ਮੰਤਰੀ ਡਾ. ਜਤਿੰਦਰ ਸਿੰਘ, ਸੀਨੀਅਰ ਭਾਜਪਾ ਆਗੂ, ਅਤੇ ਵੱਖ-ਵੱਖ ਬੁੱਧੀਜੀਵੀਆਂ, ਸਿੱਖਿਆ ਸ਼ਾਸਤਰੀਆਂ, ਨੀਤੀ ਮਾਹਿਰਾਂ, ਉਦਯੋਗ ਆਗੂਆਂ ਅਤੇ ਸਾਬਕਾ ਪ੍ਰਸ਼ਾਸਨਿਕ ਅਧਿਕਾਰੀਆਂ ਨੇ ਸ਼ਿਰਕਤ ਕੀਤੀ। ਸੰਸਦ ਮੈਂਬਰ ਨੇ ਕੇਂਦਰੀ ਗ੍ਰਹਿ ਮੰਤਰੀ ਨੂੰ ਸੂਬੇ ਦੇ ਸਹਿਕਾਰੀ ਖੇਤਰ, ਵਿਗੜਦੇ ਭੂਮੀਗਤ ਪਾਣੀ ਦੇ ਸੰਕਟ, ਅਤੇ ਦਰਿਆਈ ਪਾਣੀ ਦੇ ਪ੍ਰਦੂਸ਼ਣ ਅਤੇ ਹੜ੍ਹਾਂ ਬਾਰੇ ਤਿੰਨ ਵੱਖ-ਵੱਖ ਵਿਸਤ੍ਰਿਤ ਰਿਪੋਰਟਾਂ ਵੀ ਸੌਂਪੀਆਂ। ਪੰਜਾਬ ਵਿੱਚ ਸਹਿਕਾਰੀ ਖੇਤਰ ਨੂੰ ਮਜ਼ਬੂਤ ? ?ਕਰਨ ਬਾਰੇ ਕੇਂਦਰੀ ਗ੍ਰਹਿ ਮੰਤਰੀ ਨੂੰ ਸੌਂਪੀ ਗਈ ਇੱਕ ਵਿਸਤ੍ਰਿਤ ਰਿਪੋਰਟ ਵਿੱਚ, ਸੰਸਦ ਮੈਂਬਰ ਸੰਧੂ ਨੇ ਜ਼ੋਰ ਦੇ ਕੇ ਕਿਹਾ ਕਿ ਇਤਿਹਾਸਕ ਤੌਰ @ਤੇ ਸਹਿਕਾਰੀ ਖੇਤਰ ਨੂੰ ਪੰਜਾਬ ਦੀ ਪੇਂਡੂ ਆਰਥਿਕਤਾ ਦੀ ਨੀਂਹ ਮੰਨਿਆ ਜਾਂਦਾ ਹੈ, ਪਰ ਇਸ ਵੇਲੇ ਇਹ ਗੰਭੀਰ ਚੁਣੌਤੀਆਂ ਦਾ ਸਾਹਮਣਾ ਕਰ ਰਿਹਾ ਹੈ। ਉਨ੍ਹਾਂ ਨੇ ਤੁਰੰਤ ਸੁਧਾਰਾਂ, ਡਿਜੀਟਲ ਪਰਿਵਰਤਨ ਅਤੇ ਪੰਜਾਬ ਵਿੱਚ ਭਾਰਤ ਦੀ ਪਹਿਲੀ ਸਹਿਕਾਰੀ ਯੂਨੀਵਰਸਿਟੀ ਦੇ ਖੇਤਰੀ ਕੇਂਦਰ ਦੀ ਸਥਾਪਨਾ ਦੀ ਸਿਫ਼ਾਰਸ਼ ਕੀਤੀ। ਉਨ੍ਹਾਂ ਨੇ ਸਹਿਕਾਰੀ ਸੰਸਥਾਵਾਂ ਨੂੰ ਫੂਡ ਪ੍ਰੋਸੈਸਿੰਗ ਵਿੱਚ ਵਿਸਥਾਰ ਕਰਨ ਲਈ ਸਸ਼ਕਤ ਬਣਾਉਣ ਦੀ ਲੋੜ @ਤੇ ਵੀ ਜ਼ੋਰ ਦਿੱਤਾ ਅਤੇ ਸਹਿਕਾਰੀ ਸੰਸਥਾਵਾਂ ਦੇ ਡਿਜੀਟਲਾਈਜ਼ੇਸ਼ਨ ਅਤੇ ਕੰਪਿਊਟਰੀਕਰਨ ਵਿੱਚ ਦੇਰੀ ਦਾ ਮੁੱਦਾ ਉਠਾਇਆ।

ਐਮ.ਪੀ. ਸੰਧੂ ਨੇ ਪੰਜਾਬ ਵਿੱਚ ਵਾਰ-ਵਾਰ ਆਉਣ ਵਾਲੇ ਹੜ੍ਹਾਂ ਬਾਰੇ ਗ੍ਰਹਿ ਮੰਤਰੀ ਨੂੰ ਇੱਕ ਡੇਟਾ-ਅਧਾਰਤ ਰਿਪੋਰਟ ਵੀ ਸੌਂਪੀ, ਜਿਸ ਵਿੱਚ ਕੇਂਦਰ ਸਰਕਾਰ ਨੂੰ ਹੜ੍ਹ ਰੋਕਥਾਮ ਅਤੇ ਪ੍ਰਬੰਧਨ ਲਈ ਇੱਕ ਵਿਆਪਕ ਲੰਬੀ ਮਿਆਦ ਦੀ ਰਣਨੀਤੀ ਤਿਆਰ ਕਰਨ ਦੀ ਅਪੀਲ ਕੀਤੀ ਗਈ। ਸਤਲੁਜ ਅਤੇ ਘੱਗਰ ਵਰਗੀਆਂ ਪ੍ਰਮੁੱਖ ਨਦੀਆਂ ਦੀ ਵਿਗੜਦੀ ਸਥਿਤੀ @ਤੇ ਚਿੰਤਾ ਪ੍ਰਗਟ ਕਰਦੇ ਹੋਏ, ਉਨ੍ਹਾਂ ਨੇ ਕੇਂਦਰੀ ਗ੍ਰਹਿ ਮੰਤਰੀ ਨੂੰ ਪ੍ਰਦੂਸ਼ਣ ਨਿਯੰਤਰਣ ਨਿਯਮਾਂ ਨੂੰ ਸਖ਼ਤੀ ਨਾਲ ਲਾਗੂ ਕਰਨ ਦੇ ਨਾਲ-ਨਾਲ ਨਦੀਆਂ ਦੀ ਸਮੇਂ ਸਿਰ ਸਫਾਈ ਅਤੇ ਸੁਧਾਰ ਨੂੰ ਯਕੀਨੀ ਬਣਾਉਣ ਲਈ ਜ਼ਰੂਰੀ ਕਦਮ ਚੁੱਕਣ ਦੀ ਅਪੀਲ ਕੀਤੀ। ਉਨ੍ਹਾਂ ਹੜ੍ਹਾਂ ਨੂੰ ਹੱਲ ਕਰਨ ਲਈ ਸੁਝਾਅ ਵੀ ਸਾਂਝੇ ਕੀਤੇ। ਪੰਜਾਬ ਵਿੱਚ ਵਧ ਰਹੇ ਭੂਮੀਗਤ ਪਾਣੀ ਸੰਕਟ ਅਤੇ ਪ੍ਰਦੂਸ਼ਣ @ਤੇ ਪੇਸ਼ ਕੀਤੀ ਗਈ ਤੀਜੀ ਰਿਪੋਰਟ ਵਿੱਚ, ਐਮ.ਪੀ. ਸੰਧੂ ਨੇ ਇਸ ਗੱਲ ਨੂੰ ਉਜਾਗਰ ਕੀਤਾ ਕਿ ਰਾਜ ਦੇ ਜ਼ਿਆਦਾਤਰ ਜ਼ਿਲ੍ਹੇ ਪਾਣੀ ਦੀ ਐਮਰਜੈਂਸੀ ਦਾ ਸਾਹਮਣਾ ਕਰ ਰਹੇ ਹਨ ਅਤੇ ÷ਡਾਰਕ ਜ਼ੋਨ÷ ਸ਼੍ਰੇਣੀ ਵਿੱਚ ਆਉਂਦੇ ਹਨ। ਇਸ ਤੋਂ ਇਲਾਵਾ, ਰਾਜ ਦੇ ਅੱਧੇ ਤੋਂ ਵੱਧ ਭੂਮੀਗਤ ਪਾਣੀ ਦੇ ਨਮੂਨਿਆਂ ਵਿੱਚ ਯੂਰੇਨੀਅਮ ਦਾ ਪੱਧਰ ਸੁਰੱਖਿਅਤ ਪੱਧਰ ਤੋਂ ਉੱਪਰ ਪਾਇਆ ਗਿਆ ਹੈ, ਜੋ ਕਿ ਦੇਸ਼ ਵਿੱਚ ਸਭ ਤੋਂ ਵੱਧ ਪ੍ਰਦੂਸ਼ਣ ਪੱਧਰ ਹੈ। ਇਸ ਰਿਪੋਰਟ ਰਾਹੀਂ, ਐਮ.ਪੀ. ਨੇ ਕੇਂਦਰ ਸਰਕਾਰ ਤੋਂ ਤੁਰੰਤ ਦਖਲ ਦੀ ਮੰਗ ਕੀਤੀ। ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਸੰਸਦ ਮੈਂਬਰ ਸਤਨਾਮ ਸਿੰਘ ਸੰਧੂ ਦੁਆਰਾ ਉਠਾਏ ਗਏ ਪੰਜਾਬ ਨਾਲ ਸਬੰਧਤ ਮਹੱਤਵਪੂਰਨ ਮੁੱਦਿਆਂ ਦੇ ਹੱਲ ਲਈ ਸਕਾਰਾਤਮਕ ਪ੍ਰਤੀਕਿਰਿਆ ਦਿੱਤੀ। ਕੇਂਦਰੀ ਗ੍ਰਹਿ ਮੰਤਰੀ ਦੁਆਰਾ ਸੰਬੋਧਿਤ 14 ਮਾਰਚ, 2026 ਨੂੰ ਮੋਗਾ ਵਿੱਚ ਹੋਈ ÷ਬਦਲਾਵ ਰੈਲੀ÷ ਦਾ ਹਵਾਲਾ ਦਿੰਦੇ ਹੋਏ, ਸੰਸਦ ਮੈਂਬਰ ਸਤਨਾਮ ਸਿੰਘ ਸੰਧੂ ਨੇ ਕਿਹਾ ਕਿ ਇਸ ਰੈਲੀ ਨੇ ਪੰਜਾਬ ਵਿੱਚ ਭਾਜਪਾ ਵਰਕਰਾਂ ਵਿੱਚ ਇੱਕ ਨਵੀਂ ਭਾਵਨਾ ਭਰੀ ਹੈ। ਕੇਂਦਰੀ ਗ੍ਰਹਿ ਮੰਤਰੀ ਦੇ ਦੌਰੇ ਨੇ ਸੂਬੇ ਵਿੱਚ ਭਾਜਪਾ ਲਈ ਜ਼ਬਰਦਸਤ ਸਮਰਥਨ ਪੈਦਾ ਕੀਤਾ। ਪਾਰਟੀ ਵਰਕਰ 2027 ਦੀਆਂ ਚੋਣਾਂ ਤੋਂ ਪਹਿਲਾਂ ਰੈਲੀ ਨੂੰ ÷ਗੇਮ-ਚੇਂਜਰ÷ ਵਜੋਂ ਦੇਖ ਰਹੇ ਹਨ। ਵੱਡੇ ਪੱਧਰ @ਤੇ ਪਹੁੰਚ ਦੇ ਯਤਨ ਪਾਰਟੀ ਦੀ ਸੰਗਠਨਾਤਮਕ ਤਾਕਤ ਵਿੱਚ ਇੱਕ ਨਵੇਂ ਵਾਧੇ ਨੂੰ ਦਰਸਾਉਂਦੇ ਹਨ। ਉਨ੍ਹਾਂ ਇਹ ਵੀ ਕਿਹਾ ਕਿ ਪਾਰਟੀ ਵਰਕਰ ਉਤਸ਼ਾਹੀ, ਪ੍ਰੇਰਿਤ ਅਤੇ ਪਾਰਟੀ ਲੀਡਰਸ਼ਿਪ ਨਾਲ ਪੂਰੀ ਤਰ੍ਹਾਂ ਜੁੜੇ ਹੋਏ ਦਿਖਾਈ ਦਿੱਤੇ। ਉਹ ਰੈਲੀ ਨੂੰ ਆਉਣ ਵਾਲੀਆਂ ਚੋਣਾਂ ਲਈ ਇੱਕ ਤਿਆਰੀ ਪੜਾਅ ਵਜੋਂ ਵੇਖਦੇ ਹਨ।

# ਖੇਤੀਬਾੜੀ ਬੁਨਿਆਦੀ ਢਾਂਚਾ ਫੰਡ ਵੰਡਣ ਵਿੱਚ ਸੰਗਰੂਰ ਜ਼ਿਲ੍ਹਾ ਦੇਸ਼ ਭਰ ਵਿੱਚੋਂ ਦੂਜੇ ਨੰਬਰ 'ਤੇ
## ਚੇਅਰਮੈਨ ਵੱਲੋਂ ਪੀ.ਐਮ. ਸਵਨਿਧੀ ਦੀ ਪੈਂਡੈਂਸੀ ਖਤਮ ਕਰਨ ਲਈ 30 ਅਪ੍ਰੈਲ ਦੀ ਡੈੱਡਲਾਈਨ ਨਿਰਧਾਰਤ

ਸੰਗਰੂਰ, 26 ਮਾਰਚ (ਚ.ਨ.ਸ.) : ਜ਼ਿਲ੍ਹਾ ਸਲਾਹਕਾਰ ਕਮੇਟੀ (DCC) ਅਤੇ ਜ਼ਿਲ੍ਹਾ ਪੱਧਰੀ ਸਮੀਖਿਆ ਕਮੇਟੀ (DLRC) ਦੀ 31 ਦਸੰਬਰ 2025 ਨੂੰ ਖਤਮ ਹੋਈ ਤਿਮਾਹੀ ਦੀ ਮੀਟਿੰਗ 24.03.2026 ਨੂੰ ਡੀ.ਸੀ. ਦਫ਼ਤਰ ਦੇ ਮੀਟਿੰਗ ਹਾਲ, ਸੰਗਰੂਰ ਵਿਖੇ ਹੋਈ। ਇਸ ਮੀਟਿੰਗ ਦੀ ਪ੍ਰਧਾਨਗੀ ਸ਼੍ਰੀ ਸੁਖਚੈਨ ਸਿੰਘ, ਪੀ.ਸੀ.ਐਸ. 143 (4) ਸੰਗਰੂਰ) ਵੱਲੋਂ ਕੀਤੀ ਗਈ ਅਤੇ ਮੰਚ ਦਾ ਸੰਚਾਲਨ ਸ਼੍ਰੀ ਸੁਰਮੁੱਖ ਸਿੰਘ, ਲੀਡ ਡਿਸਟ੍ਰਿਕਟ ਮੈਨੇਜਰ (LDM) ਸੰਗਰੂਰ ਨੇ ਕੀਤਾ।

**ਸਾਲਾਨਾ ਕ੍ਰੈਡਿਟ ਪਲਾਨ (ACP) ਵਿੱਚ ਸ਼ਾਨਦਾਰ ਪ੍ਰਾਪਤੀ:** ਚੇਅਰਮੈਨ ਨੇ ਤਸੱਲੀ ਨਾਲ ਨੋਟ ਕੀਤਾ ਕਿ ਜ਼ਿਲ੍ਹੇ ਨੇ 31.12.2025 ਤੱਕ ਸਾਲਾਨਾ ਕ੍ਰੈਡਿਟ ਪਲਾਨ (ACP) ਦੇ ਟੀਚੇ (12,252.87 ਕਰੋੜ ਰੁਪਏ) ਦਾ 95.88% ਹਾਸਲ ਕਰ ਲਿਆ ਹੈ। ਇਸ ਵਿੱਚ ਖੇਤੀਬਾੜੀ ਖੇਤਰ ਵਿੱਚ 91.82% ਅਤੇ MSME ਖੇਤਰ ਵਿੱਚ 96.83% ਦੀ ਪ੍ਰਾਪਤੀ ਸ਼ਾਮਲ ਹੈ।

**ਖੇਤੀਬਾੜੀ ਖੇਤਰ ਵਿੱਚ ਰਾਸ਼ਟਰੀ ਦਰਜਾਬੰਦੀ :** ਸੰਗਰੂਰ ਜ਼ਿਲ੍ਹਾ



ਖੇਤੀਬਾੜੀ ਬੁਨਿਆਦੀ ਢਾਂਚਾ ਫੰਡ (AIF) ਦੇ ਤਹਿਤ ਪ੍ਰਵਾਨਿਤ ਪ੍ਰੋਜੈਕਟਾਂ ਦੀ ਕੁੱਲ ਗਿਣਤੀ ਵਿੱਚ ਭਾਰਤ ਵਿੱਚ ਦੂਜੇ ਨੰਬਰ 'ਤੇ ਰਿਹਾ ਹੈ। ਹੁਣ ਤੱਕ 3,155 ਪ੍ਰੋਜੈਕਟ ਮਨਜ਼ੂਰ ਕੀਤੇ ਗਏ ਹਨ, ਜਿਨ੍ਹਾਂ ਲਈ 781 ਕਰੋੜ ਰੁਪਏ ਦੇ ਕਰਜ਼ੇ ਦਿੱਤੇ ਗਏ ਹਨ ਅਤੇ ਕੁੱਲ ਪ੍ਰੋਜੈਕਟ ਲਾਗਤ 1,259 ਕਰੋੜ ਰੁਪਏ ਹੈ।

**ਪੀ.ਐਮ. ਸਵਨਿਧੀ ਵਿੱਚ ਤੇਜ਼ੀ:** ਬੈਂਕ ਸ਼ਾਖਾਵਾਂ ਵਿੱਚ ਪੈਂਡਿੰਗ ਪਈਆਂ ਬਹੁਤ ਸਾਰੀਆਂ ਅਰਜ਼ੀਆਂ 'ਤੇ ਚਿੰਤਾ ਪ੍ਰਗਟ ਕਰਦੇ ਹੋਏ, ਚੇਅਰਮੈਨ ਨੇ ਸਾਰੇ ਬੈਂਕਾਂ ਨੂੰ ਹਦਾਇਤ ਕੀਤੀ ਕਿ ਉਹ ਸਾਰੀ ਪੈਂਡੈਂਸੀ ਨੂੰ ਜਲਦੀ ਤੋਂ ਜਲਦੀ ਅਤੇ 30 ਅਪ੍ਰੈਲ, 2026 ਤਕ ਨਿਪਟਾਉਣ।

**ਨੀਤੀਗਤ ਮਾਮਲੇ:** ਮਿਸ ਪ੍ਰਾਚੀ ਸਿੰਘ (LDO, RBI) ਨੇ ਹਾਊਸ ਨੂੰ ਬੈਂਕਿੰਗ ਉਦਯੋਗ ਵਿੱਚ ਹਾਲ ਹੀ ਵਿੱਚ ਹੋਏ ਬਦਲਾਵਾਂ ਬਾਰੇ ਜਾਣਕਾਰੀ ਦਿੱਤੀ, ਜਦੋਂ ਕਿ ਸ਼੍ਰੀ ਮਨੀਸ਼ ਗੁਪਤਾ (DDM, NABARD) ਨੇ ਪੇਂਡੂ ਵਿਕਾਸ ਨਾਲ ਸਬੰਧਤ ਨਵੀਨਤਮ ਨਾਬਾਰਡ ਅਤੇ ਸਰਕਾਰੀ ਦਿਸ਼ਾ-ਨਿਰਦੇਸ਼ਾਂ ਬਾਰੇ ਚਰਚਾ ਕੀਤੀ।

**ਨੌਜਵਾਨਾਂ ਦਾ ਸਸ਼ਕਤੀਕਰਨ:** ਚੇਅਰਮੈਨ ਨੇ ਰਾਜ ਦੇ ਨੌਜਵਾਨਾਂ ਨੂੰ ਸਵੈ-ਰੁਜ਼ਗਾਰ ਨੂੰ ਉਤਸ਼ਾਹਿਤ ਕਰਨ ਲਈ ਤਕਨੀਕੀ ਸਿਖਲਾਈ ਅਤੇ ਕ੍ਰੈਡਿਟ ਲਿੰਕੇਜ ਪ੍ਰਦਾਨ ਕਰਨ 'ਤੇ ਜ਼ੋਰ ਦਿੱਤਾ। ਉਨ੍ਹਾਂ ਨੇ PMEGP ਵਰਗੀਆਂ ਸਕੀਮਾਂ ਬਾਰੇ ਜਾਣਕਾਰੀ ਨੂੰ ਵੱਧ ਤੋਂ ਵੱਧ ਫੈਲਾਉਣ ਦੀ ਸਲਾਹ ਦਿੱਤੀ।

**ਵਿੱਤੀ ਸ਼ਮੂਲੀਅਤ ਅਤੇ ਡਿਜੀਟਲ ਸੁਰੱਖਿਆ:** ਸਮਾਜਿਕ ਸੁਰੱਖਿਆ ਸਕੀਮਾਂ ਦੇ ਤਹਿਤ ਹੋਈ ਪ੍ਰਗਤੀ ਦੀ ਸਮੀਖਿਆ ਕੀਤੀ ਗਈ। ਬੈਂਕਾਂ ਨੂੰ ਸਾਈਬਰ ਧੋਖਾਧੜੀ ਬਾਰੇ ਜਨਤਾ ਨੂੰ ਜਾਗਰੂਕ ਕਰਨ ਲਈ ਮਹੀਨਾਵਾਰ ਸਾਖਰਤਾ ਕੈਂਪ ਲਗਾਉਣ ਦੀ ਸਲਾਹ ਵੀ ਦਿੱਤੀ ਗਈ

ਸਮੀਖਿਆ ਮੀਟਿੰਗ ਵਿੱਚ ਮਿਸ ਪ੍ਰਾਚੀ ਸਿੰਘ, ਸ਼੍ਰੀ ਮਨੀਸ਼ ਗੁਪਤਾ , ਸ਼੍ਰੀ ਪ੍ਰਭਜੀਤ ਸਿੰਘ ਪੁਰਬਾ (ਜ਼ੋਨਲ ਮੈਨੇਜਰ, 93939 ਬੈਂਕ), ਸ਼੍ਰੀ ਰਜਨੀਸ਼ ਮਲਹੋਤਰਾ (ਰੀਜ਼ਨਲ ਹੈੱਡ ਸੰਗਰੂਰ ਜ਼ਿਲ੍ਹਾ, 93939 ਬੈਂਕ), ਸ਼੍ਰੀ ਸਤੀਸ਼ ਅਹਲਾਵਤ (ਮੈਨੇਜਰ, PNB) ਅਤੇ ਸਾਰੇ ਮੈਂਬਰ ਬੈਂਕਾਂ ਅਤੇ ਲਾਈਨ ਵਿਭਾਗਾਂ ਦੇ ਨੁਮਾਇੰਦੇ ਹਾਜ਼ਰ ਸਨ। ਸੈਸ਼ਨ ਦੀ ਸਮਾਪਤੀ ਐਲ.ਡੀ.ਐਮ. ਸ਼੍ਰੀ ਸੁਰਮੁੱਖ ਸਿੰਘ ਵੱਲੋਂ ਦਿੱਤੇ ਗਏ ਧੰਨਵਾਦੀ ਮਤੇ ਨਾਲ ਹੋਈ।

# ਗੁਜਰਾਤ ਟਾਈਟਨਸ 'ਚ ਵੱਡਾ ਬਦਲਾਅ, ਗੇਂਦਬਾਜ਼ ਕੁਲਵੰਤ ਖੇਜਰੋਲੀਆ ਟੀਮ ਵਿੱਚ ਸ਼ਾਮਲ

ਨਵੀਂ ਦਿੱਲੀ, 26 ਮਾਰਚ (ਚ.ਨ.ਸ.) : ਆਈਪੀਐਲ 2026 ਦੇ ਆਗਾਜ਼ ਤੋਂ ਪਹਿਲਾਂ ਗੁਜਰਾਤ ਟਾਈਟਨਸ ਦੀ ਟੀਮ ਵਿੱਚ ਇੱਕ ਅਹਿਮ ਬਦਲਾਅ ਦੇਖਣ ਨੂੰ ਮਿਲਿਆ ਹੈ। ਟੀਮ ਦੇ ਖੱਬੇ ਹੱਥ ਦੇ ਤੇਜ਼ ਗੇਂਦਬਾਜ਼ ਪ੍ਰਿਥਵੀ ਰਾਜ ਯਾਰਾ ਸੱਟ ਲੱਗਣ ਕਾਰਨ ਟੂਰਨਾਮੈਂਟ ਤੋਂ ਬਾਹਰ ਹੋ ਗਏ ਹਨ, ਜਿਸ ਤੋਂ ਬਾਅਦ ਉਨ੍ਹਾਂ ਦੀ ਜਗ੍ਹਾ ਤੇਜ਼ ਗੇਂਦਬਾਜ਼ ਕੁਲਵੰਤ ਖੇਜਰੋਲੀਆ ਨੂੰ ਟੀਮ ਵਿੱਚ ਸ਼ਾਮਲ ਕੀਤਾ ਗਿਆ ਹੈ।ਜ਼ਿਕਰਯੋਗ ਹੈ ਕਿ ਆਈਪੀਐਲ 2026 ਦੀ ਨਿਲਾਮੀ ਦੌਰਾਨ ਕੁਲਵੰਤ ਖੇਜਰੋਲੀਆ 'ਤੇ ਕਿਸੇ ਵੀ ਫਰੈਂਚਾਇਜ਼ੀ ਨੇ ਦਾਅ ਨਹੀਂ ਲਗਾਇਆ ਸੀ ਅਤੇ ਉਹ ਅਨਸੋਲਡ ਰਹੇ ਸਨ। ਹਾਲਾਂਕਿ, ਪ੍ਰਿਥਵੀ ਰਾਜ ਦੀ ਸੱਟ ਨੇ ਉਨ੍ਹਾਂ ਲਈ ਟੂਰਨਾਮੈਂਟ ਦੇ ਦਰਵਾਜ਼ੇ ਖੋਲ੍ਹ ਦਿੱਤੇ ਹਨ। ਗੁਜਰਾਤ ਟਾਈਟਨਸ ਨੇ ਉਨ੍ਹਾਂ ਨੂੰ 30 ਲੱਖ ਰੁਪਏ ਦੇ ਬੇਸ ਪ੍ਰਾਈਸ @ਤੇ ਆਪਣੀ ਟੀਮ ਨਾਲ ਜੋੜਿਆ ਹੈ।ਕੁਲਵੰਤ ਖੇਜਰੋਲੀਆ ਕੋਲ ਆਈਪੀਐਲ ਦਾ ਪਹਿਲਾਂ ਵੀ ਤਜ਼ਰਬਾ ਹੈ ਅਤੇ ਉਹ ਹੁਣ ਤੱਕ ਕੁੱਲ 6 ਮੈਚ ਖੇਡ ਚੁੱਕੇ ਹਨ।



## ਜਨਮ ਦਿਨ ਮੁਬਾਰਕ



ਮੋਹਿਤ



ਗੁਰਦੀਪ ਸਿੰਘ ਤੇ ਸੁਖਦੀਪ ਕੌਰ ਨੂੰ ਵਿਆਹ ਦੀ ਵਰ੍ਹੇਗੰਢ ਮੁਬਾਰਕ






# ਪਟਿਆਲਾ-ਆਸ/ਪਾਸ



## ਪੰਜਾਬੀ ਯੂਨੀਵਰਸਿਟੀ ਨੇ ਪੰਜਾਬੀ ਭਾਸ਼ਾ ਦੇ ਵਿਕਾਸ, ਪ੍ਰਚਾਰ ਅਤੇ ਪ੍ਰਸਾਰ ਲਈ ਵਧਾਇਆ ਬਜਟ

➢16 ਕਰੋੜ ਤੋਂ ਵਧਾ ਕੇ ਕੀਤਾ 20 ਕਰੋੜ

➢ਵਾਈਸ-ਚਾਂਸਲਰ ਕਾਨਫ਼ਰੰਸ ਸੀਰੀਜ਼ ਲਈ ਰੱਖੀ 75 ਲੱਖ ਰੁਪਏ ਦੀ ਰਾਸ਼ੀ

ਪਟਿਆਲਾ, 26 ਮਾਰਚ (ਰੁਪਾਣਾ) : ਪੰਜਾਬੀ ਯੂਨੀਵਰਸਿਟੀ ਨੇ ਨਵੇਂ ਵਿੱਤੀ ਵਰ੍ਹੇ ਤੋਂ ਪੰਜਾਬੀ ਭਾਸ਼ਾ ਦੇ ਵਿਕਾਸ, ਪ੍ਰਚਾਰ ਅਤੇ ਪ੍ਰਸਾਰ ਲਈ ਮੌਜੂਦਾ ਬਜਟ 16 ਕਰੋੜ ਰੁਪਏ ਤੋਂ ਵਧਾ ਕੇ 20 ਕਰੋੜ ਰੁਪਏ ਕਰ ਦਿੱਤਾ ਗਿਆ ਹੈ। ਯੂਨੀਵਰਸਿਟੀ ਦੀ ਵਿੱਤ ਕਮੇਟੀ ਦੀ ਹੋਈ ਇਕੱਤਰਤਾ ਵਿੱਚ ਸਾਲ 2026-27 ਲਈ 125 ਕਰੋੜ ਰੁਪਏ ਘਾਟੇ ਦਾ ਬਜਟ ਪਾਸ ਕਰ ਦਿੱਤਾ ਗਿਆ ਹੈ। ਉਪ-ਕੁਲਪਤੀ ਡਾ. ਜਗਦੀਪ ਸਿੰਘ ਨੇ ਦੱਸਿਆ ਕਿ ਸਾਲ 2026-27 ਦੌਰਾਨ ਯੂਨੀਵਰਸਿਟੀ ਨੂੰ ਪੰਜਾਬ ਸਰਕਾਰ ਦੀ ਗਰਾਂਟ ਅਤੇ ਆਪਣੇ ਸਰੋਤਾਂ ਤੋਂ ਕੁੱਲ 631 ਕਰੋੜ ਰੁਪਏ ਦੀ ਆਮਦਨ ਅਤੇ 756 ਕਰੋੜ ਰੁਪਏ ਖਰਚੇ ਦਾ ਅਨੁਮਾਨ ਹੈ। ਉਨ੍ਹਾਂ ਦੱਸਿਆ ਕਿ ਅਧਿਆਪਨ, ਖੋਜ, ਸਿੱਖਿਆ ਦਾ ਸੁਧਾਰ ਅਤੇ ਪੰਜਾਬੀ ਭਾਸ਼ਾ ਦੇ ਵਿਕਾਸ ਲਈ ਕੁੱਲ ਬਜਟ ਵਿੱਚੋਂ 43.40% ਰਾਸ਼ੀ ਰਾਖਵੀਂ ਰੱਖੀ ਗਈ ਹੈ। ਉਨ੍ਹਾਂ ਬਜਟ ਦੇ ਮੁੱਖ ਨੁਕਤਿਆਂ ਬਾਰੇ ਜ਼ਿਕਰ ਕਰਦਿਆਂ ਦੱਸਿਆ ਕਿ ਅਗਲੇ ਵਿੱਤੀ ਵਰ੍ਹੇ ਤੋਂ ਕੁਝ ਵਿਸ਼ੇਸ਼ ਕਾਰਜਾਂ ਲਈ ਵੱਖਰੇ ਤੌਰ 'ਤੇ ਰਾਸ਼ੀ ਦੀ ਵਿਵਸਥਾ ਕੀਤੀ ਗਈ ਹੈ। ਉਨ੍ਹਾਂ ਦੱਸਿਆ ਕਿ ਵਾਈਸ-ਚਾਂਸਲਰ ਕਾਨਫ਼ਰੰਸ ਸੀਰੀਜ਼ ਸ਼ੁਰੂ ਕੀਤੀ ਜਾ ਰਹੀ ਹੈ, ਜਿਸ ਲਈ ਲਗਭਗ 75 ਲੱਖ ਰੁਪਏ ਰਾਸ਼ੀ ਰਾਖਵੀਂ ਰੱਖੀ ਗਈ ਹੈ। ਇਸ ਕਾਨਫ਼ਰੰਸ ਦਾ ਉਦੇਸ਼ ਯੂਨੀਵਰਸਿਟੀ ਦੇ ਸਾਰੇ ਵਿਭਾਗਾਂ ਦੀਆਂ ਅਧਿਆਪਨ ਅਤੇ ਖੋਜ ਗਤੀਵਿਧੀਆਂ ਨੂੰ ਹੋਰ ਉਸਾਰੂ ਬਣਾਉਣਾ ਹੈ। ਉਨ੍ਹਾਂ ਕਿਹਾ ਕਿ ਅਧਿਆਪਕਾਂ ਅਤੇ ਵਿਦਿਆਰਥੀਆਂ ਲਈ ਇਹ ਬਹੁਤ ਲਾਹੇਵੰਦ ਹੋਵੇਗਾ।



ਉਨ੍ਹਾਂ ਦੱਸਿਆ ਕਿ ਇਸ ਤੋਂ ਇਲਾਵਾ ਅਧਿਆਪਕਾਂ ਵੱਲੋਂ ਦੇਸ਼-ਵਿਦੇਸ਼ ਵਿਚ ਅਕਾਦਮਿਕ ਅਤੇ ਖੋਜ ਕਾਰਜਾਂ ਲਈ ਸੈਮੀਨਾਰ ਅਤੇ ਕਾਨਫਰੰਸਾਂ ਆਦਿ 'ਤੇ ਜਾਣ ਲਈ ਯਾਤਰਾ ਗਰਾਂਟ ਲਈ 15 ਲੱਖ ਰੁਪਏ, ਸਾਂਭ-ਸੰਭਾਲ ਅਤੇ ਮੁਰੰਮਤ ਲਈ 3 ਕਰੋੜ ਰੁਪਏ, ਜ਼ੀਰੋ ਵੇਸਟ ਲਈ 30 ਲੱਖ ਰੁਪਏ, ਸੁਰੱਖਿਆ ਨੂੰ ਧਿਆਨ ਵਿਚ ਰੱਖਦਿਆਂ ਸੀ.ਸੀ.ਟੀ.ਵੀ. ਕੈਮਰਿਆਂ ਲਈ 25 ਲੱਖ ਰੁਪਏ ਰਾਖਵੇਂ ਰੱਖਣ ਦੇ ਨਾਲ ਸੁਰੱਖਿਆ ਅਮਲੇ ਵਿਚ ਵੀ ਵਾਧਾ ਕਰਨ ਲਈ ਵਿਸ਼ੇਸ਼ ਬਜਟ ਦੀ ਵਿਵਸਥਾ ਕੀਤੀ ਗਈ ਹੈ। ਉਨ੍ਹਾਂ ਦੱਸਿਆ ਕਿ ਖੇਡਾਂ ਨੂੰ ਪ੍ਰਫੁੱਲਿਤ ਕਰਨ ਲਈ ਖਿਡਾਰੀਆਂ ਦੀ ਡਾਈਟ ਮਨੀ ਵੀ ਪੰਜਾਬ ਰਾਜ ਦੀਆਂ ਬਾਕੀ ਯੂਨੀਵਰਸਿਟੀਆਂ ਦੇ ਬਰਾਬਰ ਜਾਂ ਉਨ੍ਹਾਂ ਤੋਂ ਵੱਧ ਵੀ ਕੀਤੀ ਗਈ ਹੈ, ਇਸ ਲਈ 2 ਕਰੋੜ ਰੁਪਏ ਦੀ ਰਾਸ਼ੀ ਦੀ ਵਿਵਸਥਾ ਕੀਤੀ ਗਈ ਹੈ। ਉਨ੍ਹਾਂ ਦੱਸਿਆ ਕਿ ਪ੍ਰੀਖਿਆ ਸ਼ਾਖਾ ਦੀਆਂ ਮੌਜੂਦਾ ਦੇਣਦਾਰੀਆਂ ਦੀਆਂ ਅਦਾਇਗੀਆਂ ਕਰਨ ਦੇ ਨਾਲ-ਨਾਲ ਪਿਛਲੇ ਸਮੇਂ ਦੀਆਂ ਪੈਂਡਿੰਗ ਦੇਣਦਾਰੀਆਂ ਵਿਚੋਂ ਵੀ 20% ਰਾਸ਼ੀ ਦੀ ਅਦਾਇਗੀ ਕੀਤੀ ਜਾ ਚੁੱਕੀ ਹੈ ਅਤੇ ਹੋਰ ਪੈਂਡਿੰਗ ਅਦਾਇਗੀਆਂ ਕਰਨ ਬਾਰੇ ਵੀ ਕਾਰਵਾਈ ਸ਼ੁਰੂ ਕਰ ਦਿੱਤੀ ਗਈ ਹੈ ਤਾਂ ਜੋ ਪ੍ਰੀਖਿਆ ਸ਼ਾਖਾ ਨਾਲ ਸਬੰਧਿਤ ਕਾਰਜ ਸੁਚਾਰੂ ਰੂਪ ਵਿਚ ਚਲਾਏ ਜਾ ਸਕਣ। ਉਨ੍ਹਾਂ ਦੱਸਿਆ ਕਿ ਵਿਦਿਆਰਥੀਆਂ ਦੀ ਸਹੂਲਤ ਲਈ ਨਵੇਂ ਹੋਸਟਲਾਂ ਦਾ ਨਿਰਮਾਣ ਵੀ ਅਗਲੇ ਵਿੱਤੀ ਵਰ੍ਹੇ ਦਾ ਮੁੱਖ ਕਾਰਜ ਹੈ। ਇਸ ਸਬੰਧੀ ਓ.ਬੀ.ਸੀ. ਵਿਦਿਆਰਥੀਆਂ ਲਈ ਦੋ ਹੋਸਟਲਾਂ (ਇਕ ਲੜਕਿਆਂ ਲਈ ਅਤੇ ਇਕ ਲੜਕੀਆਂ ਲਈ) ਦੀ ਗਰਾਂਟ ਦੀ ਪ੍ਰਵਾਨਗੀ ਕੇਂਦਰ ਸਰਕਾਰ ਤੋਂ ਪ੍ਰਾਪਤ ਹੋ ਚੁੱਕੀ ਹੈ। ਇਨ੍ਹਾਂ ਹੋਸਟਲਾਂ ਦਾ ਨੀਂਹ ਪੱਥਰ ਰੱਖਣ ਦੀ ਪ੍ਰਕਿਰਿਆ ਜਲਦੀ ਹੀ ਕੀਤੀ ਜਾ ਰਹੀ ਹੈ। ਉਨ੍ਹਾਂ ਦੱਸਿਆ ਕਿ ਵਿਦਿਆਰਥੀਆਂ ਨੂੰ ਦਿੱਤੀਆਂ ਜਾਂਦੀਆਂ ਸਹੂਲਤਾਂ ਵਿਚ ਵਾਧਾ ਕਰਨ ਦੇ ਮੰਤਵ ਨਾਲ ਹੋਸਟਲਾਂ ਵਿਚ ਜਿੰਮ ਖੋਲ੍ਹੇ ਜਾਣ ਸਬੰਧੀ ਵੀ ਇਸ ਬਜਟ ਵਿਚ ਵਿਵਸਥਾ ਕੀਤੀ ਗਈ ਹੈ। ਉਨ੍ਹਾਂ ਪੰਜਾਬ ਸਰਕਾਰ ਵੱਲੋਂ ਯੂਨੀਵਰਸਿਟੀ ਨੂੰ ਦਿੱਤੀ ਜਾਂਦੀ ਸੈਲਰੀ ਅਤੇ ਨਿਰਬਾਹ ਗਰਾਂਟ ਲਈ ਵਿਸ਼ੇਸ਼ ਧੰਨਵਾਦ ਕਰਦਿਆਂ ਪੰਜਾਬ ਸਰਕਾਰ ਦੇ ਵਿੱਤ ਵਿਭਾਗ ਅਤੇ ਉਚੇਰੀ ਸਿੱਖਿਆ ਵਿਭਾਗ ਦੇ ਹਾਜ਼ਰ ਨੁਮਾਇੰਦਿਆਂ ਨੂੰ 2026-27 ਲਈ ਗਰਾਂਟ ਵਧਾਉਣ ਲਈ ਵੀ ਅਪੀਲ ਕੀਤੀ।

## ਮਲੇਰਕੋਟਲਾ 'ਚ ਵਪਾਰੀਆਂ ਦੀਆਂ ਸਮੱਸਿਆਵਾਂ ਸੁਣਨ ਦਾ ਸਿਲਸਿਲਾ ਲਗਾਤਾਰ ਜਾਰੀ

➢ਪੰਜਾਬ ਸਰਕਾਰ ਵਪਾਰ ਲਈ ਸਾਜ਼ਗਾਰ ਮਾਹੌਲ ਬਣਾਉਣ ਲਈ ਵਚਨਬੱਧ : ਚੇਅਰਮੈਨ

ਮਲੇਰਕੋਟਲਾ, 26 ਮਾਰਚ (ਬਲਜੀਤ ਸਿੰਘ ਟਿੱਬਾ) : ਪੰਜਾਬ ਸਰਕਾਰ ਵੱਲੋਂ ਵਪਾਰੀਆਂ ਦੀਆਂ ਸਮੱਸਿਆਵਾਂ ਨੂੰ ਤਰਜੀਹ ਦੇ ਆਧਾਰ 'ਤੇ ਸੁਣ ਕੇ ਉਨ੍ਹਾਂ ਦਾ ਸਮੇਂ-ਸਿਰ ਹੱਲ ਕਰਨ ਦੇ ਉਦੇਸ਼ ਨਾਲ ਮਾਲੇਰਕੋਟਲਾ ਵਿੱਚ ਵਪਾਰਕ ਵਰਗ ਨਾਲ ਸਿੱਧੀ ਗੱਲਬਾਤ ਦਾ ਸਿਲਸਿਲਾ ਲਗਾਤਾਰ ਜਾਰੀ ਹੈ। ਇਸੇ ਕੜੀ ਤਹਿਤ ਪੰਜਾਬ ਟਰੇਡ ਕਮਿਸ਼ਨ ਦੇ ਜ਼ਿਲ੍ਹਾ ਮਾਲੇਰਕੋਟਲਾ ਦੇ ਚੇਅਰਮੈਨ ਆਜਮ ਦਾਰਾ ਅਤੇ ਵਿਧਾਨ ਸਭਾ ਹਲਕਾ ਮਾਲੇਰਕੋਟਲਾ ਦੇ ਟਰੇਡਰਜ਼ ਕਮਿਸ਼ਨ ਚੇਅਰਮੈਨ ਇਮਤਾਜ ਅਲੀ ਬਾਬੂ ਦੀ ਅਗਵਾਈ ਹੇਠ ਸਥਾਨਕ ਛੋਟਾ ਬਾਜ਼ਾਰ ਵਿਖੇ ਵਪਾਰੀਆਂ ਦੀਆਂ ਮੁਸ਼ਕਲਾਂ ਸੁਣਨ ਲਈ ਵਿਸ਼ੇਸ਼ ਮੀਟਿੰਗ ਕਰਵਾਈ ਗਈ।ਮੀਟਿੰਗ ਦੌਰਾਨ ਵੱਖ-




ਵੱਖ ਵਪਾਰਕ ਸੰਸਥਾਵਾਂ ਅਤੇ ਦੁਕਾਨਦਾਰਾਂ ਦੇ ਨੁਮਾਇੰਦਿਆਂ ਨੇ ਆਪਣੇ ਮੁੱਦੇ ਪ੍ਰਸ਼ਾਸਨਿਕ ਅਧਿਕਾਰੀਆਂ ਸਾਹਮਣੇ ਰੱਖੇ। ਇਸ ਮੌਕੇ ਚੇਅਰਮੈਨ ਆਜਮ ਦਾਰਾ ਨੇ ਕਿਹਾ ਕਿ ਮੁੱਖ ਮੰਤਰੀ ਸ੍ਰ. ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਵਪਾਰੀਆਂ ਦੀਆਂ ਸਮੱਸਿਆਵਾਂ ਨੂੰ ਉਨ੍ਹਾਂ ਦੇ ਬੂਹੇ ਤੱਕ ਪਹੁੰਚ ਕੇ ਸੁਣਨ ਅਤੇ ਹੱਲ ਕਰਨ ਲਈ ਵਚਨਬੱਧ ਹੈ। ਇਸ ਮੌਕੇ ਈ.ਟੀ.ਓ. ਸੁਨੀਲ ਗਰਗ ਨੇ ਦੱਸਿਆ ਕਿ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਵਪਾਰੀਆਂ ਦੀਆਂ ਸਮੱਸਿਆਵਾਂ ਸੁਣਨ ਅਤੇ ਉਨ੍ਹਾਂ ਦਾ ਮੌਕੇ 'ਤੇ ਹੱਲ ਕਰਨ ਲਈ ਲਗਾਤਾਰ ਉਪਰਾਲੇ ਕੀਤੇ ਜਾ ਰਹੇ ਹਨ। ਉਨ੍ਹਾਂ ਦੱਸਿਆ ਕਿ ਮਿਤੀ 27 ਮਾਰਚ ਦਿਨ ਸ਼ੁੱਕਰਵਾਰ ਨੂੰ ਸ਼ਾਮ 05:00 ਵਜੇ ਸਦਰ ਬਾਜ਼ਾਰ ਅਤੇ ਮਿਤੀ 28 ਮਾਰਚ ਦਿਨ ਸ਼ਨੀਵਾਰ ਨੂੰ ਸ਼ਾਮ 5:00 ਵਜੇ ਸਥਾਨਕ ਜਰਗ ਚੌਂਕ ਵਿਸ਼ੇਸ਼ ਵਪਾਰਿਕ ਮਿਲਣੀ ਮੀਟਿੰਗਾਂ ਦਾ ਆਯੋਜਨ ਕੀਤਾ ਜਾ ਰਿਹਾ ਹੈ। ਉਨ੍ਹਾਂ ਸਮੂਹ ਵਪਾਰੀਆਂ ਅਤੇ ਦੁਕਾਨਦਾਰਾਂ ਨੂੰ ਅਪੀਲ ਕੀਤੀ ਕਿ ਉਹ ਇਨ੍ਹਾਂ ਮੀਟਿੰਗਾਂ ਵਿੱਚ ਵੱਧ ਚੜ੍ਹ ਕੇ ਭਾਗ ਲੈਣ ਅਤੇ ਆਪਣੀਆਂ ਸਮੱਸਿਆਵਾਂ ਸਿੱਧੇ ਤੌਰ 'ਤੇ ਪ੍ਰਸ਼ਾਸਨ ਦੇ ਧਿਆਨ ਵਿੱਚ ਲਿਆਉਣ, ਤਾਂ ਜੋ ਉਨ੍ਹਾਂ ਦਾ ਤੁਰੰਤ ਅਤੇ ਪ੍ਰਭਾਵਸ਼ਾਲੀ ਹੱਲ ਕੀਤਾ ਜਾ ਸਕੇ। ਇਸ ਮੌਕੇ ਕਮਿਸ਼ਨ ਦੇ ਮੈਂਬਰ ਬਰ ਆਦਿਲ, ਮੁਹੰਮਦ ਖਲੀਦ, ਮੁਹੰਮਦ ਇਕਰਮ, ਰਣਜੀਤ ਸ਼ਰਮਾ, ਮੁਹੰਮਦ ਸ਼ਕੀਲ, ਹਰੀਸ਼ ਪੱਸੀ, ਮੁਹੰਮਦ ਇਕਬਾਲ, ਮੁਹੰਮਦ ਸਦੀਕ, ਨਾਇਰ ਜ਼ੁਬੈਰੀ, ਮੁਹੰਮਦ ਯਾਸੀਨ ਜੋਸ਼, ਐਸ.ਆਈ.ਪੀ.ਓ ਕਰਨਦੀਪ ਸਿੰਘ, ਲੇਬਰ ਇੰਸਪੈਕਟਰ ਹਿਮਾਂਸ਼ੂ ਬਾਂਸਲ, ਐਸ.ਈ.ਪੀ.ਓ ਗੁਰਪ੍ਰੀਤ ਸਿੰਘ, ਐਸ.ਡੀ.ਓ ਮੋਹਿਤ ਕੁਮਾਰ ਟੁਟੇਜਾ, ਖੁਰਾਕ ਅਤੇ ਸਿਵਲ ਸਪਲਾਈ ਵਿਭਾਗ ਦੇ ਇੰਸਪੈਕਟਰ ਜਸਪ੍ਰੀਤ ਸਿੰਘ ਤੋਂ ਇਲਾਵਾ ਵੱਖ-ਵੱਖ ਵਿਭਾਗਾਂ ਦੇ ਨੁਮਾਇੰਦੇ ਵੀ ਮੌਜੂਦ ਸਨ।

## ਰਾਮਨੌਮੀ ਮੌਕੇ ਰਾਮ ਆਸ਼ਰਮ ਤੋਂ ਪ੍ਰਭਾਤ ਫੇਰੀ ਕੱਢੀ

ਸਮਾਣਾ, 26 ਮਾਰਚ (ਵਿਜੇ ਕੁਮਾਰ) : ਰਾਮਨੌਮੀ ਦੇ ਸ਼ੁਭ ਦਿਹਾੜੇ ਮੌਕੇ ਸਥਾਨਕ ਸ਼੍ਰੀ ਰਾਮ ਆਸ਼ਰਮ ਤੋਂ ਸਵਾਮੀ ਪ੍ਰਸ਼ੋਤਮਾ ਨੰਦ ਦੀ ਅਗਵਾਈ 'ਚ ਪ੍ਰਭਾਤ ਫੇਰੀ ਦਾ ਆਯੋਜਨ ਕੀਤਾ ਗਿਆ। ਜਿਸ ਵਿਚ ਵੱਡੀ ਗਿਣਤੀ ਵਿਚ ਰਾਮ ਸ਼ਾਮਲ ਹੋਏ। ਜਾਣਕਾਰੀ ਦਿੰਦਿਆਂ ਸਵਾਮੀ ਜੀ ਨੇ ਦੱਸਿਆ ਕਿ ਅੱਜ ਰਾਮਨੌਮੀ ਮੌਕੇ ਸ਼ਹਿਰ ਵਿਚ



ਕੱਢੀ ਗਈ ਪ੍ਰਭਾਤ ਫੇਰੀ ਵੱਖ-ਵੱਖ ਬਜ਼ਾਰਾਂ ਵਿਚੋਂ ਗੁਜਰੀ ਜਿਸ ਦਾ ਭਗਤਾਂ ਵੱਲੋਂ ਨਿੱਘਾ ਸਵਾਗਤ ਕੀਤਾ ਗਿਆ ਅਤੇ ਰਾਮ ਆਸ਼ਰਮ ਵਿਚ ਸਮਾਪਤ ਹੋਈ। ਭਾਜਪਾ ਮੰਡਲ ਪ੍ਰਧਾਨ ਯਤਿੰਦਰ ਸ਼ਰਮਾ, ਸੀਤਾ ਰਾਮ ਗੁਪਤਾ,ਅਨੀਲ ਕੁਮਾਰ, ਚਮਨ ਲਾਲ ਧਨੇਠਾ ਆਦਿ ਵੀ ਹਾਜ਼ਰ ਸਨ। ਇਸ ਮੌਕੇ ਰਾਮ ਆਸ਼ਰਮ ਵਿਚ ਅਤੁੱਟ ਲੰਗਰ ਵਰਤਾਇਆ ਗਿਆ।

## ਪੁਲਿਸ ਵੱਲੋਂ ਤਿੰਨ ਗ੍ਰਾਮ ਹੈਰੋਇਨ ਸਮੇਤ ਇੱਕ ਕਾਬੂ

ਸਮਾਣਾ, 26 ਮਾਰਚ (ਵਿਜੇ ਕੁਮਾਰ) : ਸਿਟੀ ਪੁਲਸ ਨੇ ਇਕ ਨੌਜਵਾਨ ਨੂੰ ਤਿੰਨ ਗ੍ਰਾਮ ਹੈਰੋਇਨ ਸਣੇ ਕਾਬੂ ਕਰਕੇ ਉਸ ਖਿਲਾਫ ਨਸ਼ਾ ਵਿਰੋਧੀ ਐਕਟ ਦੀਆਂ ਧਾਰਾਵਾਂ ਤਹਿਤ ਮਾਮਲਾ ਦਰਜ਼ ਕੀਤਾ ਹੈ। ਮੁਲਜ਼ਮ ਦੀ ਪਹਿਚਾਣ ਸਾਗਰ ਕੁਮਾਰ ਨਿਵਾਸੀ ਪੁਰਾਣੀ ਨਵਾਬ ਮੰਡੀ, ਮੋਤੀਆ ਬਜ਼ਾਰ ਸਮਾਣਾ ਵਜੋਂ ਹੋਈ। ਸਿਟੀ ਪੁਲਸ ਮੁੱਖੀ ਬਲਜੀਤ ਸਿੰਘ ਨੇ ਦੱਸਿਆ ਕਿ ਏ.ਐਸ.ਆਈ. ਸਿੰਦਰ ਸਿੰਘ ਪੁਲਸ ਪਾਰਟੀ ਸਣੇ ਗਸ਼ਤ ਦੌਰਾਨ ਅੰਬੇਦਕਾਰ ਚੌਂਕ ਸਮਾਣਾ 'ਚ ਮੌਜੂਦ ਸੀ ਕਿ ਉਸ ਨੂੰ ਸੂਚਨਾ ਮਿਲੀ ਕਿ ਮੁਲਜ਼ਮ ਇਨਵਾਇਰਮੈਂਟ ਪਾਰਕ ਸਮਾਣਾ ਨੇੜੇ ਹੈਰੋਇਨ ਵੇਚਣ ਲਈ ਗਾਹਕਾ ਦੀ ਉਡੀਕ ਕਰ ਰਿਹਾ ਹੈ। ਪੁਲਸ ਪਾਰਟੀ ਸਣੇ ਰੇਡ ਦੌਰਾਨ ਤਿੰਨ ਗ੍ਰਾਮ ਹੈਰੋਇਨ ਬ੍ਰਾਮਦ ਹੋਣ 'ਤੇ ਮੁਲਜ਼ਮ ਨੂੰ ਹਿਰਾਸਤ ਵਿਚ ਲੈ ਲਿਆ ਗਿਆ। ਅਧਿਕਾਰੀ ਅਨੁਸਾਰ ਮੁਲਜ਼ਮ ਨੂੰ ਮਾਣਯੋਗ ਅਦਾਲਤ ਵਿਚ ਪੇਸ਼ ਕਰਕੇ ਮਿਲੇ ਹੁਕਮਾਂ ਤਹਿਤ ਕਾਰਵਾਈ ਕੀਤੀ ਜਾਵੇਗੀ।

## ਅਧਿਆਪਕ ਮੁਖਤਿਆਰ ਸਿੰਘ ਨੇ ਨੈਸ਼ਨਲ ਵੈਸਟਰਨ ਐਥਲੈਟਿਕ ਚੈਂਪੀਅਨਸ਼ਿਪ 'ਚ ਕਲੱਸਟਰ ਈਸ਼ਰਹੇੜੀ ਦਾ ਨਾਮ ਕੀਤਾ ਰੌਸ਼ਨ



ਦੇਵੀਗੜ੍ਹ, 26 ਮਾਰਚ (ਗੁਰਜੀਤ ਸਿੰਘ ਢੌਟ) : ਸਰਕਾਰੀ ਪ੍ਰਾਇਮਰੀ ਸਕੂਲ ਮਹਿਮਾ ਬਲਾਕ ਦੇਵੀਗੜ੍ਹ (ਪਟਿਆਲਾ ) ਦੇ ਅਧਿਆਪਕ ਮੁਖਤਿਆਰ ਸਿੰਘ ਨੇ 45ਵੀਂ ਨੈਸ਼ਨਲ ਵੈਟਰਨ ਐਥਲੈਟਿਕਸ ਚੈਂਪੀਅਨਸ਼ਿਪ 2026 ਜੋ ਕਿ ਮਿਲਖਾ ਸਿੰਘ ਵੈਟਰਨ ਐਥਲੈਟਿਕਸ ਕਲੱਬ ਬਠਿੰਡਾ ਵੱਲੋਂ ਗੁਰੂ ਕਾਸ਼ੀ ਯੂਨੀਵਰਸਿਟੀ ਵਿੱਚ ਮਿਤੀ 14-15 ਅਤੇ 16 ਮਾਰਚ ਨੂੰ ਹੋਇਆ ਸੀ , ਜਿਸ ਵਿੱਚ ਅਧਿਆਪਕ ਮੁਖਤਿਆਰ ਸਿੰਘ ਨੇ 10000 ਕਿਲੋਮੀਟਰ ਰੇਸ ਵਿੱਚੋਂ ਤੀਜਾ ਸਥਾਨ ਅਤੇ 4 ਗੁਣਾ 100 ਰੀਲੇਅ ਰੇਸ ਵਿੱਚੋਂ ਪਹਿਲਾ ਸਥਾਨ ਪ੍ਰਾਪਤ ਕਰਕੇ ਆਪਣੇ ਕਲੱਸਟਰ ਈਸ਼ਰਹੇੜੀ ਅਤੇ ਬਲਾਕ ਦੇਵੀਗੜ੍ਹ(ਪਟਿਆਲਾ) ਪੰਜਾਬ ਦਾ ਨਾਮ ਰੌਸ਼ਨ ਕੀਤਾ । ਇਸ ਪ੍ਰਾਪਤੀ ਨੂੰ ਧਿਆਨ ਵਿੱਚ ਰੱਖਦੇ ਹੋਏ ਕਲੱਸਟਰ ਇੰਚਾਰਜ ਜਤਿੰਦਰ ਕੁਮਾਰ, ਬਲਵਿੰਦਰ ਗੋਸਵਾਮੀ ਅਤੇ ਸਕੂਲ ਇੰਚਾਰਜ ਪਰਵਿੰਦਰ ਸਿੰਘ ਮਹਿਮਾ, ਗੁਲਜ਼ਾਰ ਸਿੰਘ, ਕੁਲਦੀਪ ਸਿੰਘ ਜਲਬੇੜ੍ਹਾ, ਪਲਵਿੰਦਰ ਸਿੰਘ, ਬਲਜਿੰਦਰ ਸਿੰਘ, ਦਿਲਜੀਤ ਸਿੰਘ, ਰੌਸ਼ਨ ਲਾਲ, ਚਕਰਵਰਤੀ ਪਾਠਕ, ਸੋਮਾ ਰਾਮ ਆਦਿ ਨੇ ਅੱਜ ਅਧਿਆਪਕ ਮੁਖਤਿਆਰ ਸਿੰਘ ਦੀ ਪ੍ਰਾਪਤੀ ਨੂੰ ਦੇਖਦੇ ਹੋਏ ਉਹਨਾਂ ਨੂੰ ਸਨਮਾਨਿਤ ਕੀਤਾ ਗਿਆ ।

## ਰੋਟਰੀ ਕਲੱਬ ਨੇ ਦੁਰਗਾ ਅਸ਼ਟਮੀ, ਰਾਮਨੌਮੀ ਦੇ ਸ਼ੁਭ ਦਿਹਾੜੇ 'ਤੇ ਗਊ ਮਾਤਾ ਦੀ ਸੇਵਾ ਕੀਤੀ




ਸਮਾਣਾ, 26 ਮਾਰਚ (ਵਿਜੇ ਕੁਮਾਰ/ਨਿਖਿਲ ਗਰਗ/ਜਵੰਦਾ) : ਰੋਟਰੀ ਕਲੱਬ ਸਮਾਣਾ ਦੇ ਪ੍ਰਧਾਨ ਅਰੁਣ ਬਾਂਸਲ, ਸਕੱਤਰ ਸੁਮਿਤ ਗੋਇਲ ਅਤੇ ਕੈਸ਼ੀਅਰ ਗੌਰਵ ਜਿੰਦਲ ਦੀ ਅਗਵਾਈ 'ਚ ਦੁਰਗਾ ਅਸ਼ਟਮੀ, ਰਾਮਨੌਮੀ ਦੇ ਸ਼ੁਭ ਦਿਹਾੜੇ 'ਤੇ ਪ੍ਰਾਜੈਕਟ ਤਹਿਤ ਅਨਾਥ ਗਉਸ਼ਾਲਾ ਸਮਾਣਾ ਵਿੱਚ ਗਊਆਂ ਨੂੰ ਗੁੜ,ਚਾਰਾ ਅਤੇ ਫੀਡ ਪਾ ਕੇ ਅਸ਼ੀਰਵਾਦ ਪ੍ਰਾਪਤ ਕੀਤਾ। ਇਸ ਕਾਰਜ ਵਿਚ ਕਲੱਬ ਮੈਂਬਰ ਪ੍ਰੋ: ਵਿਕਰਮ ਗੁਪਤਾ, ਜੀ.ਸੀ.ਗੋਇਲ, ਯਸ਼ ਗਰਗ, ਅਮਿਤ ਗਰਗ ਗੁਰਦਾਸ, ਜਗਦੀਸ ਬਾਂਸਲ ਅਤੇ ਬਲਜਿੰਦਰ ਮੌਦਗਿਲ ਆਦਿ ਵੀ ਸ਼ਾਮਲ ਰਹੇ। ਇਸ ਮੌਕੇ ਅਨਾਥ ਗਊਸ਼ਾਲਾ ਕਮੇਟੀ ਵੱਲੋਂ ਦੀਪਕ ਬਜਾਜ ਮਿੰਟੂ ਚਾਵਲਾ ਨੇ ਰੋਟਰੀ ਕਲੱਬ ਦੇ ਇਸ ਕਾਰਜ ਲਈ ਧੰਨਵਾਦ ਕੀਤਾ। ਇਸ ਮੌਕੇ ਕਲੱਬ ਪ੍ਰਧਾਨ ਅਰੁਣ ਬਾਂਸਲ ਨੇ ਕਿਹਾ ਕਿ ਗਊ ਸੇਵਾ ਭਾਰਤੀ ਸੰਸਕ੍ਰਿਤੀ ਦਾ ਅਹਿਮ ਅੰਗ ਹੈ ਅਤੇ ਇਸ ਤਰ੍ਹਾਂ ਦੇ ਸੇਵਾ ਕਾਰਜ ਸਮਾਜ ਵਿੱਚ ਸਕਾਰਾਤਮਕ ਸੰਦੇਸ਼ ਦਿੰਦੇ ਹਨ।

## ਡਾ. ਭੀਮ ਇੰਦਰ ਵੱਲੋਂ ਵਿਕੀਸਰੋਤ ਲਈ ਆਪਣੀਆਂ ਦਸ ਕਿਤਾਬਾਂ ਦਾਨ

➢ਪੰਜਾਬੀ ਵਿਕੀਪੀਡੀਆ ਵਰਕਸ਼ਾਪ ਦੌਰਾਨ ਕੀਤੀ ਘੋਸ਼ਣਾ

ਪਟਿਆਲਾ, 26 ਮਾਰਚ (ਚ.ਨ.ਸ.) : ਉੱਘੇ ਵਿਦਵਾਨ ਅਤੇ ਵਰਲਡ ਪੰਜਾਬੀ ਸੈਂਟਰ, ਪੰਜਾਬੀ ਯੂਨੀਵਰਸਿਟੀ ਦੇ ਡਾਇਰੈਕਟਰ ਡਾ. ਭੀਮ ਇੰਦਰ ਸਿੰਘ ਨੇ ਆਪਣੀਆਂ 10 ਮੌਲਿਕ ਕਿਤਾਬਾਂ ਵਿਕੀਮੀਡੀਆ ਫਾਊਂਡੇਸ਼ਨ ਦੇ ਆਨਲਾਈਨ ਲਾਇਬ੍ਰੇਰੀ ਪ੍ਰੋਜੈਕਟ ਪੰਜਾਬੀ ਵਿਕੀਸਰੋਤ ਲਈ ਦਾਨ ਕਰਨ ਦਾ ਐਲਾਨ ਕੀਤਾ ਹੈ। ਉਨ੍ਹਾਂ ਪੰਜਾਬੀ ਵਿਕੀਮੀਡੀਅਨਜ਼ ਯੂਜ਼ਰ ਗਰੁੱਪ ਵੱਲੋਂ ਕਰਵਾਈ ਦੋ ਰੋਜ਼ਾ ਵਿਕੀਪੀਡੀਆ ਸਿਖਲਾਈ ਵਰਕਸ਼ਾਪ ਦੇ ਸਮਾਪਤੀ ਸੈਸ਼ਨ ਦੀ ਪ੍ਰਧਾਨਗੀ ਕਰਦਿਆਂ ਆਪਣੀਆਂ ਕਿਤਾਬਾਂ ਨੂੰ ਕਾਪੀਰਾਈਟ ਮੁਕਤ ਕਰਨ ਦੀ ਸਹਿਮਤੀ ਦਿੱਤੀ, ਜੋ ਕਿ ਪੰਜਾਬੀ ਭਾਸ਼ਾ ਦੇ ਡਿਜੀਟਲ ਵਿਕਾਸ ਲਈ ਇੱਕ ਮਹੱਤਵਪੂਰਨ ਕਦਮ ਮੰਨਿਆ ਜਾ ਰਿਹਾ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਗਰੁੱਪ ਦੇ ਵਲੰਟੀਅਰ ਮੀਡੀਆ ਐਡਵਾਈਜ਼ਰ ਅਮਨ ਅਰੋੜਾ ਨੇ ਦੱਸਿਆ ਕਿ ਸੀਨੀਅਰ ਵਿਕੀਮੀਡੀਅਨ ਨਿਤੇਸ਼ ਗਿੱਲ, ਸਤਦੀਪ ਗਿੱਲ ਅਤੇ



ਗਰੁੱਪ ਕੋਆਰਡੀਨੇਟਰ ਕੁਲਦੀਪ ਬੁਰਜ ਭਲਾਈਕੇ ਦੀ ਅਗਵਾਈ ਹੇਠ ਇਹ ਵਰਕਸ਼ਾਪ ਵਰਲਡ ਪੰਜਾਬੀ ਸੈਂਟਰ, ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਸਹਿਯੋਗ ਨਾਲ ਆਯੋਜਿਤ ਕੀਤੀ ਗਈ ਸੀ। ਇਸ ਮੌਕੇ ਗਰੁੱਪ ਵੱਲੋਂ ਸੀਨੀਅਰ ਵਿਕੀਮੀਡੀਅਨ ਅਤੇ ਉੱਘੇ ਅਨੁਵਾਦਕ ਚਰਨ ਗਿੱਲ ਵੱਲੋਂ ਡਾ. ਭੀਮ ਇੰਦਰ ਸਿੰਘ ਦਾ ਧੰਨਵਾਦ ਕੀਤਾ। ਚਰਨ ਗਿੱਲ ਨੇ ਅੱਗੇ ਦੱਸਿਆ ਕਿ ਪੰਜਾਬੀ ਵਿਕੀਸਰੋਤ ਵਿਕੀਮੀਡੀਆ ਫਾਊਂਡੇਸ਼ਨ ਦਾ ਇੱਕ ਮੁਫ਼ਤ ਆਨਲਾਈਨ ਲਾਇਬ੍ਰੇਰੀ ਪ੍ਰੋਜੈਕਟ ਹੈ, ਜਿਸ ਰਾਹੀਂ ਕਾਪੀਰਾਈਟ ਮੁਕਤ ਕਿਤਾਬਾਂ, ਲੇਖ ਅਤੇ ਹੋਰ ਲਿਖਤ ਸਮੱਗਰੀ ਡਿਜੀਟਲ ਰੂਪ ਵਿੱਚ ਸਭ ਲਈ ਉਪਲੱਬਧ ਕਰਵਾਈ ਜਾਂਦੀ ਹੈ।ਵਰਕਸ਼ਾਪ ਵਿੱਚ ਗੁਰਮੇਲ ਕੌਰ, ਅਸ਼ਵਿੰਦਰ ਕੌਰ, ਰਾਜਦੀਪ ਕੌਰ, ਅੰਮ੍ਰਿਤਪਾਲ ਕੌਰ, ਤਮਨਪ੍ਰੀਤ ਕੌਰ, ਮਨਦੀਪ ਕੌਰ ਤੰਬੂਵਾਲਾ, ਤਰਨ ਗੋਸਵਾਮੀ, ਗੁਰਦੀਪ ਕਾਫ਼ਰ, ਕੇਸ਼ਵ ਬਲਰਾਮ, ਏਲਿਸ, ਜਲਸੀਰਤ ਅਮਨ, ਗਿੱਲ ਜੱਸੂ, ਹਰਪ੍ਰੀਤ ਦੁਗਾਲ, ਬਲਵਿੰਦਰ ਬੱਗਾ, ਗੁਰਤੇਜ ਚੌਹਾਨ, ਸੋਨੀਆ ਅਟਵਾਲ, ਹਰਮਨਜੀਤ ਸਿੰਘ ਸਮੇਤ ਹੋਰ ਵਿਦਿਆਰਥੀਆਂ, ਖੋਜਾਰਥੀਆਂ ਅਤੇ ਵਿਕੀਪੀਡੀਆ ਵਿੱਚ ਰੁਚੀ ਰੱਖਣ ਵਾਲੇ ਵਿਅਕਤੀਆਂ ਨੇ ਭਾਗ ਲਿਆ।

*ਅਗਰਵਾਲ ਧਰਮਸ਼ਾਲਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ*

## ਲਲਿਤ ਸਿੰਗਲਾ ਮੈਂਬਰੀ ਲਈ ਉਮੀਦਵਾਰ ਵਜੋਂ ਮੈਦਾਨ 'ਚ ਨਿੱਤਰੇ

ਸਮਾਣਾ, 26 ਮਾਰਚ (ਜਵੰਦਾ) : ਅਗਰਵਾਲ ਧਰਮਸ਼ਾਲਾ ਅਤੇ ਸਕੂਲ ਪ੍ਰਬੰਧਕ ਕਮੇਟੀ ਦੀਆਂ ਹੋਣ ਵਾਲੀਆਂ ਚੋਣਾਂ ਲਈ ਸੇਠ ਯਮਨਾ ਦਾਸ ਬਜਾਜ ਜ਼ੋਨ ਡੀ ਤੋਂ ਲਲਿਤ ਸਿੰਗਲਾ ਮੈਂਬਰੀ ਲਈ ਉਮੀਦਵਾਰ ਵਜੋਂ ਮੈਦਾਨ ਵਿੱਚ ਆਏ ਹਨ।ਲਲਿਤ ਸਿੰਗਲਾ ਆਪਣੀ ਮਿਲਣਸਾਰ ਸ਼ਖ਼ਸੀਅਤ ਅਤੇ ਹਰ ਕਿਸੇ ਦੇ ਦੁੱਖ-ਸੁੱਖ ਵਿੱਚ ਸਾਥ ਦੇਣ ਲਈ ਮਸ਼ਹੂਰ ਹਨ। ਉਹ ਲਾਇਨਜ਼ ਕਲੱਬ ਸਮਾਣਾ ਰੋਇਲ ਚ ਬਤੌਰ ਜਨਰਲ ਸਕੱਤਰ ਵਜੋਂ ਸੇਵਾ ਨਿਭਾਅ ਰਹੇ ਹਨ ਅਤੇ ਨਾਲ ਹੀ ਵੱਖ-ਵੱਖ ਸਮਾਜਿਕ ਗਤੀਵਿਧੀਆਂ ਵਿੱਚ ਵੀ ਆਪਣਾ ਯੋਗਦਾਨ ਪਾਉਂਦੇ ਆ ਰਹੇ ਹਨ।ਇਸ ਮੌਕੇ ਲਲਿਤ ਸਿੰਗਲਾ ਨੇ ਕਿਹਾ ਕਿ ਜੇਕਰ ਜ਼ੋਨ ਦੇ ਲੋਕ ਉਨ੍ਹਾਂ ਨੂੰ ਸੇਵਾ ਕਰਨ ਦਾ ਮੌਕਾ ਦਿੰਦੇ ਹਨ ਤਾਂ ਉਹ ਪੂਰੀ ਇਮਾਨਦਾਰੀ ਅਤੇ ਨਿਸ਼ਠਾ ਨਾਲ ਆਪਣੀ ਜ਼ਿੰਮੇਵਾਰੀ ਨਿਭਾਉਣਗੇ। ਉਨ੍ਹਾਂ ਨੇ ਦਾਅਵਾ ਕੀਤਾ ਕਿ ਉਹ ਬਹੁਮਤ ਨਾਲ ਜਿੱਤ ਦਰਜ ਕਰਨਗੇ।



## 150 ਨਸ਼ੀਲੀਆਂ ਗੋਲ਼ੀਆਂ ਬ੍ਰਾਮਦ

ਪਟਿਆਲਾ, 26 ਮਾਰਚ (ਵਿਨੋਦ ਸ਼ਰਮਾ) : ਥਾਣਾ ਪਸਿਆਣਾ ਪੁਲਿਸ ਨੇ ਕਥਿਤ ਦੋਸ਼ੀ ਰਛਪਾਲ ਸਿੰਘ ਵਾਸੀ ਪਿੰਡ ਭਾਨਰੀ ਵਿਰੁੱਧ ਧਾਰਾ 22, 61, 85 ਦੇ ਤਹਿਤ ਮਾਮਲਾ ਦਰਜ ਕੀਤਾ ਹੈ। ਏਐਸਆਈ ਨਿਰਮਲ ਸਿੰਘ ਸਮੇਤ ਪੁਲਿਸ ਪਾਰਟੀ ਗਸ਼ਤ ਵਾ ਤਲਾਸ਼ ਸ਼ੱਕੀ ਤੇ ਭੈੜੇ ਪੁਰਸ਼ਾਂ ਦੇ ਸਬੰਧ ਵਿੱਚ ਬਾ-ਹੱਦ ਪਿੰਡ ਮੈਣ ਮੌਜੂਦ ਸੀ, ਜੋ ਦੋਸ਼ੀ ਨੂੰ ਸ਼ੱਕ ਦੇ ਅਧਾਰ ਪਰ ਰੋਕ ਕੇ ਚੈਕ ਕਰਨ ਪਰ 150 ਨਸ਼ੀਲੀਆਂ ਗੋਲ਼ੀਆਂ ਬ੍ਰਾਮਦ ਹੋਈਆਂ।

## ਮੁੱਖ ਮੰਤਰੀ ਮਾਨ ਦੀ ਰੈਲੀ ਲਈ ਸਨੌਰ 'ਚ ਬਲਜਿੰਦਰ ਸਿੰਘ ਢਿੱਲੋਂ ਦਾ ਜ਼ੋਰਦਾਰ ਸਮਰਥਨ

ਸਨੌਰ, 26 ਮਾਰਚ (ਪ੍ਰਥਮ ਕੁਮਾਰ) : ਪੰਜਾਬ ਐਗਰੋ ਦੇ ਚੇਅਰਮੈਨ ਅਤੇ ਹਲਕਾ ਸਨੌਰ ਤੋਂ ਸੀਨੀਅਰ ਆਮ ਆਦਮੀ ਪਾਰਟੀ ਦੇ ਆਗੂ ਬਲਜਿੰਦਰ ਸਿੰਘ ਢਿੱਲੋਂ ਵੱਲੋਂ 30 ਮਾਰਚ ਨੂੰ ਹੋਣ ਜਾ ਰਹੀ ਮੁੱਖ ਮੰਤਰੀ ਭਗਵੰਤ ਮਾਨ ਦੀ ਵਿਸ਼ਾਲ ਰੈਲੀ ਨੂੰ ਲੈ ਕੇ ਪੂਰਾ ਸਮਰਥਨ ਦੇਣ ਦਾ ਐਲਾਨ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਇਸ ਰੈਲੀ ਨੂੰ ਕਾਮਯਾਬ ਬਣਾਉਣ ਲਈ ਹਲਕੇ ਦੇ ਹਰ ਵਰਗ ਦੇ ਲੋਕ ਵੱਡੀ ਗਿਣਤੀ ਵਿੱਚ ਭਾਗ ਲੈਣਗੇ। ਉਨ੍ਹਾਂ ਦੱਸਿਆ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਆਪਣੇ ਕਾਰਜਕਾਲ ਦੌਰਾਨ ਲੋਕ ਭਲਾਈ ਲਈ ਕਈ ਮਹੱਤਵਪੂਰਨ ਫੈਸਲੇ ਕੀਤੇ ਹਨ ਅਤੇ ਹਰ ਵਰਗ ਦੇ ਹਿੱਤਾਂ ਦੀ ਰੱਖਿਆ ਕੀਤੀ ਹੈ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਹੇਠ ਪੰਜਾਬ ਵਿੱਚ ਵਿਕਾਸ ਦੇ ਨਵੇਂ ਦੌਰ ਦੀ ਸ਼ੁਰੂਆਤ ਹੋਈ ਹੈ ਅਤੇ ਸਰਕਾਰ ਹਰ ਵੇਲੇ ਲੋਕਾਂ ਦੀਆਂ ਉਮੀਦਾਂ 'ਤੇ ਖਰਾ ਉਤਰ ਰਹੀ ਹੈ। ਬਲਜਿੰਦਰ ਸਿੰਘ ਢਿੱਲੋਂ ਨੇ ਕਿਹਾ ਕਿ 30 ਮਾਰਚ ਦੀ ਰੈਲੀ ਸਿਰਫ ਇੱਕ ਰਾਜਨੀਤਿਕ ਪ੍ਰੋਗਰਾਮ ਨਹੀਂ, ਸਗੋਂ ਇਹ ਲੋਕਾਂ ਦੇ ਭਰੋਸੇ ਅਤੇ ਸਰਕਾਰ ਦੀਆਂ ਉਪਲਬਧੀਆਂ ਦਾ ਪ੍ਰਤੀਕ ਹੋਵੇਗੀ। ਉਨ੍ਹਾਂ ਇਹ ਵੀ ਦੱਸਿਆ ਕਿ ਬਲਜਿੰਦਰ ਸਿੰਘ ਢਿੱਲੋਂ ਵੱਲੋਂ ਆਪਣੇ ਸਾਥੀਆਂ ਸਮੇਤ ਮੁੱਖ ਮੰਤਰੀ ਦਾ ਭਰਵਾਂ ਸਵਾਗਤ ਕੀਤਾ ਜਾਵੇਗਾ ਅਤੇ ਇਲਾਕੇ ਦੇ ਲੋਕਾਂ ਦੀਆਂ ਮੁੱਖ ਸਮੱਸਿਆਵਾਂ ਅਤੇ ਮੰਗਾਂ ਵੀ ਮੁੱਖ ਮੰਤਰੀ ਦੇ ਧਿਆਨ ਵਿੱਚ ਲਿਆਂਦੀਆਂ ਜਾਣਗੀਆਂ।



## ਤੇਜ਼ ਰਫ਼ਤਾਰ ਮੋਟਰਸਾਈਕਲ ਦੀ ਟੱਕਰ ਨਾਲ ਮੌਤ

ਪਟਿਆਲਾ, 26 ਮਾਰਚ (ਵਿਨੋਦ ਸ਼ਰਮਾ) : ਥਾਣਾ ਸਨੌਰ ਪੁਲਿਸ ਕੋਲ ਸੁਖਵੀਰ ਸਿੰਘ ਪੁੱਤਰ ਰਘਵੀਰ ਸਿੰਘ ਵਾਸੀ ਵਾਰਡ ਨੰ. 2 ਮੁਹੱਲਾ ਖੋਖਰਾ ਵਾਲਾ ਸਨੌਰ ਨੇ ਮੋਟਰਸਾਈਕਲ ਦੇ ਡਰਾਇਵਰ ਹਰਪ੍ਰੀਤ ਸਿੰਘ ਵਾਸੀ ਸਨੌਰ ਨੇੜੇ ਗਿਰਧਾਰੀ ਸਵੀਟਸ ਸਨੌਰ ਹਾਲ ਕਿਰਾਏਦਾਰ ਬਲਵੀਰ ਚੰਦ ਪੁੱਤਰ ਮੋਹਨ ਲਾਲ ਵਾਸੀ ਨਜ਼ਦੀਕ ਗਿਰਧਾਰੀ ਸਵੀਟਸ ਸਨੌਰ ਵਿਰੁੱਧ ਸ਼ਿਕਾਇਤ ਦਰਜ ਕਰਵਾਈ ਹੈ। ਸ਼ਿਕਾਇਤਕਰਤਾ ਨੇ ਪੁਲਿਸ ਨੂੰ ਦੱਸਿਆ ਕਿ ਉਸ ਦਾ ਪਿਤਾ ਸਾਈਕਲ ਪਰ ਸਵਾਰ ਹੋ ਕੇ ਅੱਧ ਵਾਲਾ ਪੀਰ ਸਨੌਰ ਨੇੜੇ ਕੈਂਟਲ ਸਕੂਲ ਪਾਸ ਜਾ ਰਿਹਾ ਸੀ, ਤਾਂ ਕਥਿਤ ਦੋਸ਼ੀ ਡਰਾਇਵਰ ਨੇ ਆਪਣਾ ਮੋਟਰਸਾਈਕਲ ਤੇਜ ਰਫਤਾਰ ਤੇ ਲਾਪ੍ਰਵਾਹੀ ਨਾਲ ਲਿਆ ਕੇ ਉਸ ਦੇ ਪਿਤਾ ਦੇ ਵਿੱਚ ਮਾਰਿਆ, ਜਿਸ ਕਾਰਨ ਉਸ ਦੇ ਪਿਤਾ ਦੀ ਮੌਤ ਹੋ ਗਈ। ਪੁਲਿਸ ਨੇ ਧਾਰਾ 281,106(1) ਬੀਐਨਐਸ ਦੇ ਤਹਿਤ ਮਾਮਲਾ ਦਰਜ ਕਰ ਲਿਆ ਹੈ।

## ਯੁਵਕ ਸੇਵਾਵਾਂ ਵਿਭਾਗ ਵੱਲੋਂ ਲਗਾਏ ਜ਼ਿਲ੍ਹਾ ਪੱਧਰੀ ਖ਼ੂਨਦਾਨ ਕੈਂਪ ਦੌਰਾਨ ਲੜਕੀਆਂ ਵੱਲੋਂ ਵੱਡੀ ਗਿਣਤੀ 'ਚ ਖ਼ੂਨਦਾਨ ਕਰਨਾ ਸ਼ਲਾਘਾਯੋਗ: ਗੁਰਦੇਵ ਸਿੰਘ



ਪਟਿਆਲਾ, 26 ਮਾਰਚ (ਚ.ਨ.ਸ.) : ਯੁਵਕ ਸੇਵਾਵਾਂ ਵਿਭਾਗ ਪਟਿਆਲਾ ਵੱਲੋਂ ਸਹਾਇਕ ਡਾਇਰੈਕਟਰ ਡਾ. ਮਲਕੀਤ ਸਿੰਘ ਮਾਨ ਦੀ ਅਗਵਾਈ ਹੇਠ ਸ਼ਹੀਦ ਏ ਆਜ਼ਮ ਸਰਦਾਰ ਭਗਤ ਸਿੰਘ, ਰਾਜਗੁਰੂ, ਸੁਖਦੇਵ ਜੀ ਦੇ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਜ਼ਿਲ੍ਹਾ ਪੱਧਰੀ ਖ਼ੂਨਦਾਨ ਕੈਂਪ ਗੌਰਮਿੰਟ ਕਾਲਜ ਆਫ ਐਜੂਕੇਸ਼ਨ ਪਟਿਆਲਾ ਦੇ ਸਹਿਯੋਗ ਨਾਲ ਲਗਾਇਆ ਗਿਆ, ਜਿਸ ਵਿੱਚ ਮੁੱਖ ਮਹਿਮਾਨ ਐਸ ਡੀ ਐਮ ਪਟਿਆਲਾ ਗੁਰਦੇਵ ਸਿੰਘ ਧੰਮ ਨੇ ਸ਼ਿਰਕਤ ਕੀਤੀ। ਪ੍ਰੋਗਰਾਮ ਦੀ ਪ੍ਰਧਾਨਗੀ ਡਾ ਵਨੀਤਾ ਰਾਣੀ ਪ੍ਰਿੰਸੀਪਲ ਗੌਰਮਿੰਟ ਕਾਲਜ਼ ਆਫ ਐਜੂਕੇਸ਼ਨ ਨੇ ਕੀਤੀ। ਪ੍ਰੋਗਰਾਮ ਦਾ ਉਦਘਾਟਨ ਵਿਜੇ ਕੁਮਾਰ ਗੋਇਲ ਪ੍ਰਧਾਨ ਪਟਿਆਲਾ ਸ਼ੋਸ਼ਲ ਵੈਲਫੇਅਰ ਸੁਸਾਇਟੀ ਨੇ ਕੀਤਾ। ਵਿਸ਼ੇਸ਼ ਤੌਰ 'ਤੇ ਸਟੇਟ ਐਵਾਰਡੀ ਪਰਮਿੰਦਰ ਭਲਵਾਨ ਮੈਂਬਰ ਨਸ਼ਾ ਮੁਕਤ ਭਾਰਤ ਅਭਿਆਨ, ਮੈਂਬਰ ਜ਼ਿਲ੍ਹਾ ਸਾਂਝ ਕੇਂਦਰ, ਮੈਂਬਰ ਯੁਵਾ ਸਾਂਝ ਕਮੇਟੀ, ਪ੍ਰੋ ਜਗਦੇਵ ਸਿੰਘ, ਪ੍ਰੋ ਮੂਰਤੀ ਕੌਰ, ਪ੍ਰੋ ਪ੍ਰੀਤੀ ਭਾਟੀਆ, ਨੋਡਲ ਅਫਸਰ ਜੈਸਮੀਨ ਸਰਕਾਰੀ ਬਿਕਰਮ ਕਾਲਜ, ਡਾ. ਸਿਮਰਪ੍ਰੀਤ ਬਾਹਰਾ ਲਾਅ ਕਾਲਜ, ਪ੍ਰੋ. ਮੋਨਿਕਾ ਵਾਲੀਆ, ਹਰਪ੍ਰੀਤ ਸਿੰਘ ਬਹੁ ਤਕਨੀਕੀ ਕਾਲਜ ਪਟਿਆਲਾ, ਲੈਫਟੀਨੈਂਟ ਜਗਦੀਪ ਸਿੰਘ ਜੋਸ਼ੀ ਟ੍ਰੇਨਿੰਗ ਅਫਸਰ ਸਰਕਾਰੀ ਆਈਂ ਟੀ ਆਈ ਲੜਕੇ, ਡਾ. ਤੇਜਿੰਦਰਪਾਲ ਸਿੰਘ ਯੂਨੀਵਰਸਿਟੀ ਕਾਲਜ਼ ਮੀਰਾਪੁਰ, ਕਿਰਨਦੀਪ ਕੌਰ, ਰੀਆ ਠਾਕੁਰ ਏਸ਼ੀਅਨ ਕਾਲਜ, ਗਵਰਨਰ ਐਵਾਰਡੀ ਜਤਵਿੰਦਰ ਗਰੇਵਾਲ ਮੈਬਰ ਨਸ਼ਾ ਮੁਕਤ ਭਾਰਤ ਅਭਿਆਨ, ਭਰਭੂਰ ਸਿੰਘ ਨੇ ਸ਼ਿਰਕਤ ਕੀਤੀ। ਇਸ ਮੌਕੇ ਗੁਰਦੇਵ ਸਿੰਘ ਧੰਮ ਨੇ ਕਿਹਾ ਕਿ ਇਸ ਖ਼ੂਨਦਾਨ ਕੈਂਪ ਦੀ ਵਿਸ਼ੇਸ਼ਤਾ ਇਹ ਰਹੀ ਕਿ 35 ਲੜਕੀਆਂ ਵੱਲੋਂ ਖ਼ੂਨਦਾਨ ਕਰਨ ਲਈ ਅੱਗੇ ਆਉਣਾ ਸ਼ਲਾਘਾਯੋਗ ਕਦਮ ਸੀ। ਇਸ ਮੌਕੇ ਸਰਕਾਰੀ ਰਾਜਿੰਦਰਾ ਹਸਪਤਾਲ ਬਲੱਡ ਬੈਂਕ ਵੱਲੋਂ 60 ਤੋਂ ਯੂਨਿਟ ਬਲੱਡ ਇੱਕਤਰਤਾ ਕੀਤਾ ਗਿਆ।

## ਸ੍ਰੀ ਸੁਤੇ ਸਿਧ ਮਹਾਰਾਜ ਜੀ ਦੀ ਬਰਸੀ ਮੌਕੇ ਭੰਡਾਰਾ 30 ਨੂੰ

ਸ਼ੇਰਪੁਰ, 26 ਮਾਰਚ (ਬਲਜੀਤ ਸਿੰਘ ਟਿੱਬਾ) : ਸਥਾਨਿਕ ਕਸਬਾ ਦੇ ਨੇੜਲੇ ਪਿੰਡ ਕਾਲਾਬੂਲਾ ਵਿਖੇ ਇਤਿਹਾਸਕ ਅਸਥਾਨ ਸ੍ਰੀ ਸ੍ਰੀ 1008 ਚਰਨ ਕਮਲ ਪੂਜ ਪਾਦ ਸਰਵ ਉਪਮਾ ਯੋਗ ਸਰਵ ਸ਼ਕਤੀਮਾਨ ਬ੍ਰਹਮਜੋਤ ਪ੍ਰਕਾਸ਼ਤਮ ਪੂਜਨੀਕ ਬ੍ਰਹਮਲੀਨ ਸ੍ਰੀ ਸੁਤੇ ਸਿੱਧ ਮਹਾਰਾਜ ਜੀ ਦੀ 37ਵੀਂ ਬਰਸੀ ਨਮਿੱਤ ਹਰ ਸਾਲ ਦੀ ਤਰ੍ਹਾਂ ਵਿਸ਼ਾਲ ਭੰਡਾਰਾ 30 ਮਾਰਚ ਦਿਨ ਸੋਮਵਾਰ ਨੂੰ 10 ਵਜੇ ਸਵੇਰੇ ਕਰਵਾਇਆ ਜਾ ਰਿਹਾ ਹੈ। ਇਸ ਸਬੰਧੀ ਗੱਲਬਾਤ ਕਰਦਿਆਂ ਧਾਰਮਿਕ ਅਸਥਾਨ ਦੇ ਗੱਦੀ ਨਸ਼ੀਨ ਮਹੰਤ ਸੁਤੇ ਪ੍ਰਕਾਸ਼ ਜੀ ਨੇ ਦੱਸਿਆ ਕਿ ਇਹ ਅਸਥਾਨ ਪੂਜਨੀਕ ਗੁਰੂ ਸ੍ਰੀ ਸੁਤੇ ਸਿੱਧ ਮਹਾਰਾਜ ਜੀ ਦਾ ਤਪ ਅਸਥਾਨ ਹੈ, ਇਸ ਅਸਥਾਨ ਤੇ ਗੁਰੂ ਦੀ ਮਹਿਮਾ ਆਪ ਵਰਤਦੀ ਹੈ ਉਨ੍ਹਾਂ ਸੰਗਤਾਂ ਨੂੰ ਅਪੀਲ ਕੀਤੀ ਕਿ ਵੱਧ ਤੋਂ ਵੱਧ ਗਿਣਤੀ ਵਿੱਚ ਹਾਜ਼ਰੀ ਲਗਵਾਉਣ।



## ਸੱਤ ਰੋਜ਼ਾ ਸ੍ਰੀ ਰਾਮ ਕਥਾ 3 ਅਪ੍ਰੈਲ ਤੋਂ

ਸਮਾਣਾ, 26 ਮਾਰਚ (ਵਿਜੇ ਕੁਮਾਰ) : ਜਗਦੰਬਾ ਆਸ਼ਰਮ ਵੱਲੋਂ ਸਵਾਮੀ ਬ੍ਰਹਮਦੇਵ ਜੀ ਅਤੇ ਸਵਾਮੀ ਨਿਜਾਨੰਦ ਜੀ ਗੰਗਾਨਗਰ ਵਾਲਿਆਂ ਦੀ ਰਹਿਨੁਮਾਈ ਹੇਠ 7 ਰੋਜ਼ਾ ਸ਼੍ਰੀ ਰਾਮਚਰਿਤ ਮਾਨਸ ਅੰਮ੍ਰਿਤ ਕਥਾ ਅਗਰਵਾਲ ਧਰਮਸ਼ਾਲਾ ਵਿੱਚ ਹੋਵੇਗੀ, ਜੋ 3 ਤੋਂ 9 ਅਪ੍ਰੈਲ ਤੱਕ ਚੱਲੇਗੀ। ਇਸ ਮੌਕੇ ਸੰਸਥਾ ਪ੍ਰਧਾਨ ਰਜਿੰਦਰ ਜੱਜੀ ਨੇ ਦੱਸਿਆ ਕਿ ਕਥਾਵਾਚਕ ਮੰਦੀਪ ਸ਼ਾਸਤਰੀ ਜੀ ਸਮਾਂ (ਰੋਜ਼ਾਨਾ) ਦੁਪਹਿਰ 3:30 ਵਜੇ ਤੋਂ ਸ਼ਾਮ 6:30 ਵਜੇ ਤੱਕ ਸਮਾਪਤੀ (9 ਅਪ੍ਰੈਲ) ਸਵੇਰੇ 10 ਵਜੇ ਤੋਂ ਦੁਪਹਿਰ 12 ਵਜੇ ਤੱਕ ਕਥਾ ਹੋਵੇਗੀ, ਜਿਸ ਤੋਂ ਬਾਅਦ ਅਤੁੱਟ ਭੰਡਾਰਾ ਵਰਤਾਇਆ ਜਾਵੇਗਾ।

## ਮਾਤਾ ਕਾਲੀ ਤੇ ਚਿੰਤਪੁਰਨੀ ਮੰਦਰ ਅਮਾਮਗੜ੍ਹ ਵਿਖੇ ਵਾਰਸ਼ਿਕ ਮਹਾਂਉਤਸਵ ਮਨਾਇਆ



ਸਮਾਣਾ, 26 ਮਾਰਚ (ਜਵੰਦਾ) : ਮਾਤਾ ਕਾਲੀ ਅਤੇ ਮਾਤਾ ਚਿੰਤਪੁਰਨੀ ਮੰਦਿਰ ਅਮਾਮਗੜ੍ਹ ਵਿਖੇ ਚੱਲ ਰਹੇ 18ਵੇਂ ਵਾਰਸ਼ਿਕ ਮਹਾ ਉਤਸਵ ਮੌਕੇ ਸ੍ਰੀਮਦ ਭਾਗਵਤ ਕਥਾ ਅਤੇ ਚੰਡੀ ਪਾਠ ਦਾ ਆਯੋਜਨ ਕੀਤਾ ਗਿਆ। ਇਸ ਧਾਰਮਿਕ ਸਮਾਗਮ ਵਿੱਚ ਸਿੱਖਿਆ ਸ਼ਾਸਤਰੀ ਅਤੇ ਭਾਜਪਾ ਦੇ ਉੱਘੇ ਆਗੂ ਸ੍ਰੀ ਮੋਹਨ ਲਾਲ ਸ਼ਰਮਾ ਅਤੇ ਸੰਜੀਵ ਗਰਗ (ਸੋਸ਼ਲ ਮੀਡੀਆ ਇੰਚਾਰਜ ਜ਼ਿਲ੍ਹਾ ਪਟਿਆਲਾ) ਨੇ ਹਾਜ਼ਰੀ ਭਰੀ ਅਤੇ ਮਾਤਾ ਚਿੰਤਪੁਰਨੀ ਜੀ ਦਾ ਅਸ਼ੀਰਵਾਦ ਪ੍ਰਾਪਤ ਕੀਤਾ।ਮੰਦਰ ਦੇ ਮੁੱਖ ਸੇਵਾਦਾਰ ਮਾਤਾ ਸੰਤੋਸ਼ ਦੇਵੀ ਜੀ ਦੀ ਦੇਖ-ਰੇਖ ਹੇਠ ਚੱਲ ਰਹੀ ਇਸ ਕਥਾ ਦਾ ਗੁਣਗਾਨ ਕਥਾਵਾਚਕ ਅਚਾਰੀ ਰਾਮ ਲਾਲ ਅਤੇ ਕਰਮਕਾਂਡ ਅਚਾਰਯ ਸੁਖਪਾਲ ਸ਼ਾਸਤਰੀ ਵੱਲੋਂ ਕੀਤਾ ਗਿਆ।ਇਸ ਮੌਕੇ ਮੋਹਨ ਲਾਲ ਸ਼ਰਮਾ ਅਤੇ ਸੰਜੀਵ ਗਰਗ ਨੇ ਹਾਜ਼ਰ ਭਗਤਾਂ, ਨੂੰ ਨਵਰਾਤਰਿਆਂ ਦੀਆਂ ਵਧਾਈਆਂ ਦਿੱਤੀਆਂ।ਇਸ ਮੌਕੇ ਮੰਦਿਰ ਕਮੇਟੀ ਵੱਲੋਂ ਮੋਹਨ ਲਾਲ ਸ਼ਰਮਾ, ਸੰਜੀਵ ਗਰਗ ਅਤੇ ਪ੍ਰਜਿੰਦਰ ਸ਼ਰਮਾ ਨੂੰ ਸਨਮਾਨਿਤ ਵੀ ਕੀਤਾ ਗਿਆ।

## ਜ਼ਿਲ੍ਹਾ ਕਾਂਗਰਸ ਕਮੇਟੀ ਨੇ ਕੈਂਡਲ ਮਾਰਚ ਕੱਢਿਆ

ਪਟਿਆਲਾ, 26 ਮਾਰਚ (ਰੁਪਾਣਾ) : ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਜ਼ਿਲ੍ਹਾ ਕਾਂਗਰਸ ਕਮੇਟੀ ਪਟਿਆਲਾ ਸ਼ਹਿਰੀ ਤੇ ਪ੍ਰਧਾਨ ਨਰੇਸ਼ ਕੁਮਾਰ ਦੁੱਗਲ ਅਤੇ ਦਿਹਾਤੀ ਪ੍ਰਧਾਨ ਗੁਰਸ਼ਰਨ ਕੌਰ ਰੰਧਾਵਾ ਵੱਲੋਂ ਫੁਆਰਾ ਚੌਂਕ ਪਟਿਆਲਾ ਵਿਖੇ ਆਪ ਸਰਕਾਰ ਦੇ ਇੱਕ ਹੋਰ ਕੈਬਨਿਟ ਮੰਤਰੀ ਵੱਲੋਂ ਡੀ ਐਮ ਗਗਨਦੀਪ ਰੰਧਾਵਾ ਨੂੰ ਆਤਮ ਹੱਤਿਆ ਕਰਨ ਲਈ ਮਜਬੂਰ ਕਰਨ ਵਿਰੁੱਧ ਜਬਰਦਸਤ ਆਵਾਜ਼ ਬੁਲੰਦ ਕਰਕੇ ਪੀੜਤ ਪਰਿਵਾਰ ਨੂੰ ਇਨਸਾਫ ਦਵਾਉਣ ਦੀ ਲਈ ਕੈਂਡਲ ਮਾਰਚ ਕੱਢਿਆ ਗਿਆ, ਜਿਸ ਵਿੱਚ ਕਾਂਗਰਸ ਪਾਰਟੀ ਦੇ ਆਗੂ ਸਾਹਿਬਾਨ, ਜ਼ਿਲ੍ਹਾ ਕਾਂਗਰਸ ਕਮੇਟੀ , ਬਲਾਕ ਕਾਂਗਰਸ ਕਮੇਟੀ, ਮਹਿਲਾ ਕਾਂਗਰਸ, ਯੂਥ ਕਾਂਗਰਸ, ਐਸਸੀ ਬੀਸੀ ਸੈਲ, ਮੰਡਲ



ਅਤੇ ਬੂਥ ਕਮੇਟੀਆਂ, ਸੇਵਾ ਦਲ, ਲੀਗਲ ਸੈਲ, ਐਕਸ ਸਰਵਿਸਮੈਨ ਸੈਲ, ਮਨੋਰਟੀ ਸੈਲ, ਮੌਜੂਦਾ ਤੇ ਸਾਬਕਾ ਕੌਂਸਲਰ, ਜ਼ਿਲ੍ਹਾ ਪਰਿਸ਼ਦ ਅਤੇ ਬਲਾਕ ਸੰਮਤੀ ਦੇ ਮੌਜੂਦਾ ਤੇ ਸਾਬਕਾ ਚੇਅਰਮੈਨ ਮੈਂਬਰ ਸਾਹਿਬਾਨ ਮੌਜੂਦਾ ਤੇ ਸਾਬਕਾ ਸਰਪੰਚ ਅਤੇ ਪੰਚ ਸਾਹਿਬਾਨ, ਕਾਂਗਰਸ ਪਾਰਟੀ ਦੇ ਵਰਕਰ ਸਾਹਿਬਾਨ ਨੇ ਵੱਡੀ ਗਿਣਤੀ ਵਿੱਚ ਸ਼ਮੂਲੀਅਤ ਕੀਤੀ ।ਇਸ ਮੌਕੇ ਬੋਲਦਿਆਂ ਹਰਿੰਦਰਪਾਲ ਸਿੰਘ ਹੈਰੀਮਾਨ, ਸਾਧੂ ਸਿੰਘ ਧਰਮਸੋਤ ਸਾਬਕਾ ਮੰਤਰੀ, ਗੁਰਸ਼ਰਨ ਕੌਰ ਰੰਧਾਵਾ ਅਤੇ ਨਰੇਸ਼ ਕੁਮਾਰ ਦੁਗਲ ਨੇ ਕਿਹਾ ਕਿ ਇਹ ਬੜੀ ਮੰਦਭਾਗੀ ਗੱਲ ਹੈ ਕਿ ਲਾਲਜੀਤ ਭੁੱਲਰ ਵੱਲੋਂ ਉਸ ਨਾਲ ਅਣਮਨੁੱਖੀ ਭੱਦੀ ਸ਼ਬਦਾਵਲੀ ਅਤੇ ਧਮਕਾ ਕੇ ਇੱਥੋਂ ਤੱਕ ਕਿ ਉਹਦੀ ਪਤਨੀ ਅਤੇ ਬੱਚਿਆਂ ਨੂੰ ਵੀ ਡਰਾਇਆ ਗਿਆ ਤਾਂ ਕਿ ਉਹ ਟਰਾਂਸਪੋਰਟ ਮਹਿਕਮੇ ਦੇ ਵੇਅਰ ਹਾਊਸ ਦੇ ਟੈਡਰਾਂ ਨੂੰ ਨਾਜਾਇਜ਼ ਤੌਰ ਤੇ ਮੰਤਰੀ ਦੇ ਪਿਤਾ ਅਤੇ ਉਨਾਂ ਦੇ ਸਾਥੀਆਂ ਨੂੰ ਅਲਾਟ ਕੀਤੇ ਜਾਣ। ਇਸ ਤਰ੍ਹਾਂ ਦੀਆਂ ਮੰਦਭਾਗੀ ਘਟਨਾਵਾਂ ਦੀ ਨਿੰਦਾ ਕਰਦਾ ਹੈ ਅਤੇ ਡਾ. ਗਗਨਦੀਪ ਰੰਧਾਵਾ ਦੇ ਪਰਿਵਾਰ ਨਾਲ ਹਮਦਰਦੀ ਪ੍ਰਗਟ ਕਰਦੇ ਹੋਏ ਸਰਕਾਰ ਤੋਂ ਮੰਗ ਕੀਤੀ ਜਾਂਦੀ ਹੈ ਕਿ ਇਸ ਇਸ ਮੰਦਭਾਗੀ ਘਟਨਾ ਦੀ ਕਿਸੇ ਸਿਟਿੰਗ ਜੱਜ ਤੋਂ ਇਨਕੁਆਰੀ ਕਰਾਈ ਜਾਵੇ ਤਾਂ ਕਿ ਡਾ. ਗਗਨਦੀਪ ਘੁੰਮਣ ਦੇ ਪਰਿਵਾਰ ਨੂੰ ਇਨਸਾਫ ਮਿਲ ਸਕੇ। ਇਸ ਮੌਕੇ ਹੋਰਨਾਂ ਤੋਂ ਇਲਾਵਾ ਵਿਸ਼ਨੂ ਸ਼ਰਮਾ, ਗੁਰਿੰਦਰ ਸਿੰਘ ਢਿੱਲੋਂ ਸਾਬਕਾ ਏਡੀਜੀਪੀ,ਨਿਰਮਲ ਸਿੰਘ ਭੱਟੀਆਂ, ਸੰਤੋਖ ਸਿੰਘ, ਕੇ.ਕੇ. ਸਹਿਗਲ, ਜਸਵਿੰਦਰ ਸਿੰਘ ਰੰਧਾਵਾ,ਰੇਖਾ ਅਗਰਵਾਲ, ਰਜੇਸ਼ ਮੰਡੋਰਾ, ਨੈਬ ਸਿੰਘ ਭਨਰੀ, ਦਰਸ਼ਨ ਸਿੰਘ ਸਿੱਧੂ,ਮਦਨ ਲਾਲ ਭਾਂਬਰੀ, ਵਿਨੋਦ ਮਲੋਤਰਾ, ਰਕੇਸ਼ ਸ਼ਰਮਾ ਕੇਸੀਅਸ਼ੋਕ ਸ਼ਰਮਾ ਸੁਭਾਸ਼ ਚੰਦ , ਕਰਮਜੀਤ ਲਚਕਾਣੀ, ਰਤਨਜੀਤ ਸਿੰਘ ਜਾਲਾ ਸੰਜੀਵ ਸ਼ਰਮਾ ਰਾਏਪੁਰ ਡਿੰਪਲ ਗਿੱਲ, ਗੁਰਮੀਤ ਕੌਰ ਸੁੰਦਰਾ, ਰੇਨੂ ਯਾਦਵ, ਰਜਨੀ ਬਡਲਾਨ, ਰਜੇਸ਼ ਬੱਗਣ, ਸਮਿਤ ਠਾਕੁਰ, ਅਵੀ ਸ਼ਰਮਾ, ਵਿਨੋਦ ਕੁਮਾਰ ਲੀਲੂ, ਸੋਮ ਸਿੰਘ, ਧਰਮਪਾਲ ਗਰਗ, ਇੰਦਰਜੀਤ ਸਿੰਘ ਸੋਢੀ, ਪਵਨ ਗੁਪਤਾ, ਜਸਪ੍ਰੀਤ ਨਿਰਮਾਣ, ਸੰਜੀਵ ਕੇਸ਼ਵ,ਨੀਰਜ ਮੰਡੋਰਾ, ਮੋਹਿਤ ਸ਼ਰਮਾਅਜੇ ਹਾਂਸ, ਦੀਪਕ ਟਿਵਾਣਾ, ਅਵਤਾਰ ਸਿੰਘ ਦਲਜੀਤ ਸਿੰਘ, ਮਹਿੰਦਰ ਖਤਰੀ, ਰਜਿੰਦਰ ਸਿੰਘ ਸਹੋਤਾ, ਗੌਰਵ ਗੋਇਲ, ਮਨਪ੍ਰੀਤ ਵਰਮਾ, ਗੌਰਵ ਵਰਮਾ, ਪਰਦੀਪ ਸਿੰਘ ਪੈਰੀਮਾਨ, ਲਖਵਿੰਦਰ ਸਿੰਘ ਸੁੱਖੇਵਾਲ, ਗੁਰਪ੍ਰੀਤ ਸਿੰਘ, ਸੰਦੀਪ ਖੋਖਰ, ਸੁਖਵਿੰਦਰ ਸਿੰਘ ਗਿੱਲ, ਰੋਹਿਤ ਸ਼ਰਮਾਤੋਂ ਇਲਾਵਾ ਵੱਡੀ ਗਿਣਤੀ ਵਿੱਚ ਕਾਂਗਰਸ ਪਾਰਟੀ ਆਗੂਆਂ ਤੇ ਵਰਕਰ ਸਾਹਿਬਾਨ ਨੇ ਸ਼ਮੂਲੀਅਤ ਕੀਤੀ।

## ਸਕਾਲਰ ਫੀਲਡਜ਼ ਪਬਲਿਕ ਸਕੂਲ 'ਚ ਕਿੰਡਰਗਾਰਟਨ ਗ੍ਰੈਜੂਏਸ਼ਨ ਸਮਾਰੋਹ

ਪਟਿਆਲਾ, 26 ਮਾਰਚ (ਰੁਪਾਣਾ): : ਸਕਾਲਰ ਫੀਲਡਜ਼ ਪਬਲਿਕ ਸਕੂਲ ਵਿੱਚ ਪ੍ਰੀ-ਪ੍ਰਾਇਮਰੀ ਜਮਾਤ ਦੇ ਨੰਨੇ-ਮੁੰਨੇ ਵਿਦਿਆਰਥੀਆਂ ਦੀ ਸਿੱਖਿਆ ਦੇ ਪਹਿਲੇ ਪੜਾਅ ਦੀ ਸਫ਼ਲਤਾਪੂਰਨ ਪੂਰਾ ਕਰਨਾ ਦੇ ਮੌਕੇ 'ਤੇ ਯੂ. ਕੇ.ਜੀ ਗ੍ਰੈਜੂਏਸ਼ਨ ਸਮਾਰੋਹ ਬੜੇ ਹੀ ਉਤਸ਼ਾਹ ਅਤੇ ਉਲਾਸ ਨਾਲ ਮਨਾਇਆ ਗਿਆ। ਇਹ ਸਮਾਰੋਹ ਬੱਚਿਆਂ, ਮਾਪਿਆਂ ਅਤੇ ਅਧਿਆਪਕਾਂ ਲਈ ਯਾਦਗਾਰ ਬਣ ਗਿਆ। ਕਾਰਜਕ੍ਰਮ ਦੀ ਸ਼ੁਰੂਆਤ ਡਾਇਰੈਕਟਰ ਐਸ.ਐਸ. ਸੋਢੀ ਦੇ ਪ੍ਰੇਰਣਾਦਾਇਕ ਸੰਬੋਧਨ ਨਾਲ ਹੋਈ। ਉਨ੍ਹਾਂ ਨੇ ਨਵੀਂ ਪੀੜ੍ਹੀ ਦੇ ਵਿਦਿਆਰਥੀਆਂ ਨੂੰ ਪ੍ਰੀ-ਪ੍ਰਾਇਮਰੀ ਪੱਧਰ ਤੋਂ ਪ੍ਰਾਇਮਰੀ ਸਿੱਖਿਆ ਵੱਲ ਕਦਮ ਰੱਖਣ ਲਈ ਹਾਰਦਿਕ ਵਧਾਈਆਂ ਦਿੱਤੀਆਂ। ਆਪਣੇ ਸੰਦੇਸ਼ ਵਿੱਚ ਉਨ੍ਹਾਂ ਨੇ ਦੱਸਿਆ ਕਿ ਗ੍ਰੈਜੂਏਸ਼ਨ ਸਮਾਰੋਹ ਸਿਰਫ਼ ਇੱਕ ਰਸਮ



ਨਹੀਂ, ਸਗੋਂ ਬੱਚਿਆਂ ਦੇ ਵਿਸ਼ਵਾਸ ਨੂੰ ਮਜ਼ਬੂਤ ਕਰਨ ਅਤੇ ਉਨ੍ਹਾਂ ਵਿੱਚ ਨਵੀਂ ਸੋਚ ਅਤੇ ਸਿਰਜਣਾਤਮਕਤਾ ਨੂੰ ਪ੍ਰੋਤਸਾਹਿਤ ਕਰਨ ਦਾ ਮਹੱਤਵਪੂਰਨ ਮੌਕਾ ਹੁੰਦਾ ਹੈ। ਉਨ੍ਹਾਂ ਨੇ ਅਧਿਆਪਕਾਂ ਦੀ ਭੂਮਿਕਾ ਨੂੰ ਰੋਸ਼ਨ ਕਰਦਿਆਂ ਕਿਹਾ ਕਿ ਅਧਿਆਪਕ ਵਿਦਿਆਰਥੀਆਂ ਦੀ ਸੋਚ ਨੂੰ ਸਹੀ ਦਿਸ਼ਾ ਦੇ ਕੇ ਉਨ੍ਹਾਂ ਦੇ ਸਰਵਪੱਖੀ ਵਿਕਾਸ ਵਿੱਚ ਅਹਿਮ ਯੋਗਦਾਨ ਪਾਉਂਦੇ ਹਨ। ਸਮਾਰੋਹ ਦੌਰਾਨ ਵਿਦਿਆਰਥੀਆਂ ਵੱਲੋਂ ਰੰਗਾਰੰਗ ਸੱਭਿਆਚਾਰਕ ਪ੍ਰਸਤੁਤੀਆਂ ਪੇਸ਼ ਕੀਤੀਆਂ ਗਈਆਂ, ਜਿਨ੍ਹਾਂ ਨੇ ਸਭ ਦਾ ਮਨ ਮੋਹ ਲਿਆ।ਇਸ ਮੌਕੇ ਪ੍ਰਿੰਸੀਪਲ ਚੰਦਨਦੀਪ ਕੌਰ ਨੇ ਵਿਦਿਆਰਥੀਆਂ ਨੂੰ ਉਨ੍ਹਾਂ ਦੀ ਮਿਹਨਤ ਅਤੇਲਗਨ ਲਈ ਸ਼ਾਬਾਸ਼ੀ ਦਿੱਤੀ ਅਤੇ ਉਨ੍ਹਾਂ ਨੂੰ ਭਵਿੱਖ ਵਿੱਚ ਵੀ ਉੱਚੇ ਲਕਸ਼ ਹਾਸਲ ਕਰਨ ਲਈ ਪ੍ਰੇਰਿਤ ਕੀਤਾ। ਇਹ ਸਮਾਰੋਹ ਵਿਦਿਆਰਥੀਆਂ ਲਈ ਇਕ ਅਮਿੱਟ ਯਾਦ ਬਣ ਕੇ ਰਹਿ ਗਿਆ। ਸਕੂਲ ਵੱਲੋਂ ਉਨ੍ਹਾਂ ਦੇ ਉਜਲੇ ਭਵਿੱਖ ਲਈ ਸ਼ੁਭਕਾਮਨਾਵਾਂ ਦਿੱਤੀਆਂ ਗਈਆਂ।

